BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

22KT GOLD ANTIQUE JEWELRY
Regal Jewels
773-262-4377 BUY OR ORDER ONLINE 773-517-0574
www.RegalJewels.com

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 18; May 4, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਅਕਾਲੀ ਦਲ ਨੂੰ ਹੁਣ ਨਵੀਂ ਚੁਣੌਤੀ

**ਚੰਡੀਗੜ੍ਹ:** ਪਿਛਲੇ ਤਕਰੀਬਨ ਇਕ ਦਹਾਕੇ ਤੋਂ ਸਿਆਸੀ ਪੈਰ ਧਰਾਵੇ ਲਈ ਹੱਥ-ਪੈਰ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਇਸ ਵਾਰ ਲੋਕ ਸਭਾ ਚੋਣਾਂ ਵਿਚ ਵੀ ਰਾਹ ਆਸਾਨ ਨਜ਼ਰ ਨਹੀਂ ਆ ਰਿਹਾ। ਪੰਥਕ ਏਕੇ ਦੇ ਹੋਕੇ ਨਾਲ ਚੋਣ ਮੈਦਾਨ ਵਿਚ ਨਿੱਤਰੇ ਅਕਾਲੀ ਦਲ ਨਿੱਤ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ। ਅਕਾਲੀ ਦਲ ਲਈ ਜਿਥੇ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਉਮੀਦਵਾਰਾਂ ਲਈ ਪ੍ਰਚਾਰ ਕਰਨ ਤੋਂ ਕੋਰੀ ਨਾਂਹ ਪਿੱਛੋਂ ਹਾਲਾਤ ਔਖੇ ਬਣਦੇ ਨਜ਼ਰ ਆ ਰਹੇ ਹਨ, ਉਥੇ ਹੀ ਅਸਾਮ ਦੀ ਦਿਬੜੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਆਉਣ ਦੇ ਐਲਾਨ ਨੇ ਪਾਰਟੀ ਲਈ ਫਿਕਰਮੰਦੀ ਵਧਾ ਦਿੱਤੀ ਹੈ। ਇਸ ਐਲਾਨ ਦੇ ਤੁਰੰਤ ਪਿੱਛੋਂ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣਾ ਉਮੀਦਵਾਰ ਹਰਪਾਲ ਸਿੰਘ ਬਲੇਰ ਵਾਪਸ ਲੈਣ ਦਾ ਐਲਾਨ ਕਰਦਿਆਂ ਅੰਮ੍ਰਿਤਪਾਲ ਸਿੰਘ ਨੂੰ ਹਮਾਇਤ ਦੇਣ ਦੀ ਹਾਮੀ ਭਰ ਦਿੱਤੀ ਹੈ। ਬਾਦਲ ਦਲ ਵੱਲੋਂ ਇਥੋਂ ਵਿਰਸਾ ਸਿੰਘ ਵਲਟੋਹਾ ਨੂੰ ਟਿਕਟ ਦੇ ਦਿੱਤੀ ਗਈ ਹੈ। ਵਲਟੋਹਾ ਨੇ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਕੋਲ ਪਹੁੰਚ ਕਰ ਕੇ ਹਮਾਇਤ ਦੀ ਮੰਗ ਕੀਤੀ ਸੀ ਪਰ ਕੋਰਾ ਜਵਾਬ ਮਿਲਿਆ ਹੈ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਆਖਿਆ ਕਿ ਇਕ ਪਾਸੇ ਮਾਨ ਦਲ ਹੈ ਜਿਸ ਨੇ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਪਣੇ ਉਮੀਦਵਾਰ ਦਾ ਨਾਂ ਵਾਪਸ ਲੈ ਲਿਆ ਹੈ; ਦੂਜੇ ਪਾਸੇ, ਅਕਾਲੀ ਦਲ ਨੇ ਅੰਮ੍ਰਿਤਪਾਲ ਸਿੰਘ ਦਾ ਨਾਂ ਐਲਾਨੇ ਜਾਣ ਤੋਂ ਬਾਅਦ ਆਪਣੇ ਉਮੀਦਵਾਰ ਦਾ ਮੈਦਾਨ ਵਿਚ ਉਤਾਰਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਥਕ ਕੌਣ ਹੈ। ਉਨ੍ਹਾਂ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਹਮਾਇਤ ਨਾ ਦੇਣ ਵਾਲੀ ਗਲਤੀ ਵੀ ਯਾਦ ਕਰਵਾਈ ਹੈ।

ਪਿਛਲੀਆਂ ਚੋਣਾਂ ਵਿਚ ਖਡੂਰ ਸਾਹਿਬ ਤੋਂ ਬੀਬੀ ਖਾਲੜਾ ਪੰਜਾਬ ਏਕਤਾ ਪਾਰਟੀ ਦੀ ਉਮੀਦਵਾਰ ਸਨ। ਉਸ ਵੇਲੇ ਵੀ ਸਾਰੇ ਅਕਾਲੀ ਦਲ ਧੜਿਆਂ ਨੂੰ ਬੀਬੀ ਦੇ ਹੱਕ ਵਿਚ ਆਉਣ



ਅਤੇ ਆਪਣੇ ਉਮੀਦਵਾਰ ਵਾਪਸ ਲੈਣ ਦੀ ਅਪੀਲ ਕੀਤੀ ਗਈ ਸੀ ਪਰ ਕੋਈ ਵੀ ਧੜਾ ਅੱਗੇ ਨਾ ਆਇਆ। ਇਸ ਕਾਰਨ ਪੰਥਕ ਵੋਟ ਵੰਡੀ ਗਈ ਅਤੇ ਕਾਂਗਰਸ ਦੇ ਜਸਬੀਰ ਸਿੰਘ ਗਿੱਲ (ਡਿੰਪਾ) ਨੂੰ ਜਿੱਤ ਮਿਲੀ। ਉਸ ਵੇਲੇ ਖਡੂਰ ਸਾਹਿਬ ਤੋਂ ਸਿੱਧੂ ਦਾ ਮੁਕਾਬਲਾ ਪੀ.ਡੀ.ਏ. ਦੀ ਪਰਮਜੀਤ ਕੌਰ ਖਾਲੜਾ, ਅਕਾਲੀ ਦਲ ਟਕਸਾਲੀ ਦੇ ਜੇ.ਜੇ. ਸਿੰਘ, ਅਕਾਲੀ ਦਲ ਬਾਦਲ ਦੀ ਜਗੀਰ ਕੌਰ ਤੇ ਕਾਂਗਰਸ ਦੇ ਜਸਬੀਰ ਸਿੰਘ ਗਿੱਲ (ਡਿੰਪਾ) ਵਿਚਾਲੇ ਸੀ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਬਾਦਲ ਧੜਾ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਦਾ ਐਲਾਨ ਨਹੀਂ ਕਰਦਾ ਤਾਂ ਹੋਰ ਲੋਕ ਸਭਾ ਹਲਕਿਆਂ ਵਿਚ ਵੀ ਉਸ ਦੀ ਪੰਥਕ ਵੋਟ ਨੂੰ ਖੋਰਾ ਲੱਗ ਸਕਦਾ ਹੈ। ਉਧਰ, ਅਕਾਲੀ ਦਲ ਦੇ ਹਾਲਾਤ 'ਸੱਪ ਦੇ ਮੂੰਹ ਵਿਚ ਕਿਰਲੀ' ਵਾਲੇ ਹਾਲਾਤ ਬਣੇ ਹੋਏ ਹਨ। ਜੇਕਰ ਉਹ ਗਰਮਖਿਆਲ ਮੰਨੇ ਜਾਂਦੇ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰਦਾ ਹੈ ਤਾਂ ਉਸ ਦੇ ਹਿੰਦੂ ਵੋਟ ਬੈਂਕ ਨੂੰ ਸੱਟ ਵੱਜੇਗੀ; ਜੇਕਰ ਨਹੀਂ ਕਰਦਾ ਥਾਂ ਪੰਥਕ ਵੋਟ ਨੂੰ ਖੋਰਾ ਲੱਗ ਸਕਦਾ ਹੈ। ਅਕਾਲੀ ਦਲ ਹੁਣ ਤੱਕ ਆਪਣੇ ਚੋਣ ਨਿਸ਼ਾਨ ਨੂੰ 'ਬਾਬੇ ਨਾਨਕ ਦੀ ਤੱਕੜੀ' ਵਜੋਂ ਪੇਸ਼ ਕਰ ਕੇ ਪੰਥਕ ਵੋਟਾਂ ਆਸਰੇ ਹੀ ਸੱਤਾ ਵਿਚ ਆਉਂਦਾ ਰਿਹਾ ਹੈ ਪਰ ਇਸ ਪੰਥਕ ਧਿਰ ਦੇ ਪੰਜਾਬ ਦੀ ਸੱਤਾ ਵਿਚ ਹੋਣ ਵੇਲੇ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਨੇ ਸਿੱਖ ਜਗਤ ਵਿਚ ਵੱਡਾ ਰੋਸ ਪੈਦਾ ਕਰ ਦਿੱਤਾ ਸੀ। ਉਸ ਤੋਂ ਬਾਅਦ ਅਕਾਲੀ ਦਲ ਦੇ ਸਿਆਸੀ ਮੈਦਾਨ ਵਿਚ ਪੈਰ ਹੀ ਨਹੀਂ ਲੱਗੇ। ਇਹੀ ਕਾਰਨ ਹੈ ਕਿ ਪਿਛਲੇ ਕੁਝ ਸਮੇਂ, ਖਾਸ ਕਰ ਕੇ ਭਾਜਪਾ ਨਾਲੋਂ ਗੱਠਜੋੜ ਟੁੱਟਣ ਪਿੱਛੋਂ ਅਕਾਲੀ ਦਲ ਹਿੰਦੂ ਵੋਟ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖ ਰਿਹਾ ਹੈ। ਅਕਾਲੀ ਦਲ ਨੇ ਇਸ ਵਾਰ ਉਚੇਚੇ ਤੌਰ ਉਤੇ ਹਿੰਦੂ ਉਮੀਦਵਾਰ ਐਨ.ਕੇ. ਸ਼ਰਮਾ ਨੂੰ ਪਟਿਆਲਾ ਤੋਂ ਮੈਦਾਨ ਵਿਚ ਉਤਾਰਿਆ ਹੈ। ਅਕਾਲੀ ਦਲ ਦਾ ਹੁਣ ਫਿਕਰ ਇਹ ਹੈ ਕਿ ਜੇਕਰ ਉਹ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰਦਾ ਹੈ ਤਾਂ ਉਸ ਦਾ ਹਿੰਦੂ ਵੋਟ ਹੱਥੋਂ ਖਿਸਕ ਜਾਵੇਗਾ।

ਤਰਨਤਾਰਨ ਤੋਂ ਖਡੂਰ ਸਾਹਿਬ ਬਣਿਆ ਲੋਕ ਸਭਾ ਹਲਕਾ ਪੰਜਾਬ ਦਾ ਇਕੋ-ਇਕ ਅਜਿਹਾ ਹਲਕਾ ਹੈ ਜੋ ਮਾਝਾ, ਮਾਲਵਾ ਤੇ ਦੁਆਬਾ ਖੇਤਰ ਤੱਕ ਫੈਲਿਆ ਹੋਇਆ ਹੈ। ਬੇਸ਼ੱਕ ਇਸ ਦਾ ਵੱਡਾ ਹਿੱਸਾ ਮਾਝੇ ਵਿਚ ਹੈ ਅਤੇ ਇਥੋਂ ਵਧੇਰੇ ਸੰਸਦ ਮੈਂਬਰ ਵੀ ਮਝੈਲ ਹੀ ਰਹੇ ਹਨ ਪਰ ਦੁਆਬੇ ਦੇ ਦੋ ਹਲਕੇ ਹੋਣ ਦੇ ਬਾਵਜੂਦ ਆਪੋ ਆਪਣੀਆਂ ਪਾਰਟੀਆਂ 'ਚ ਦੁਆਬੇ ਦੇ ਦੋ ਵੱਡੇ ਚਿਹਰੇ ਇਸ ਹਲਕੇ ਤੋਂ ਹਾਰ ਦੇਖ ਚੁੱਕੇ ਹਨ।

1952 ਤੋਂ 2004 ਤੱਕ ਲੋਕ ਸਭਾ ਹਲਕਾ ਤਰਨਤਾਰਨ ਰਹੇ ਇਸ ਹਲਕੇ ਤੋਂ ਵਾਰ-ਵਾਰ ਕਾਂਗਰਸ ਅਤੇ ਅਕਾਲੀ ਦਲ ਨੂੰ ਜਿੱਤ ਮਿਲਦੀ ਰਹੀ ਹੈ। 1952, 1957 ਅਤੇ 1962 'ਚ ਕਾਂਗਰਸ ਦੇ ਸੁਰਜੀਤ ਸਿੰਘ ਮਜੀਠੀਆ ਨੇ ਜਿੱਤ ਦੀ ਹੈਟ-ਟ੍ਰਿਕ ਬਣਾਈ ਸੀ। ਉਨ੍ਹਾਂ ਤੋਂ ਬਾਅਦ ਲਗਾਤਾਰ ਦੋ ਵਾਰ ਕਾਂਗਰਸ ਦੇ ਗੁਰਦਿਆਲ ਸਿੰਘ ਢਿੱਲੋਂ 1967 ਤੇ 1971 'ਚ ਤਰਨ ਤਾਰਨ ਹਲਕੇ ਤੋਂ ਲੋਕ ਸਭਾ ਚੋਣ ਜਿੱਤੇ ਅਤੇ ਲੋਕ ਸਭਾ ਦੇ ਸਪੀਕਰ ਦੀ ਕੁਰਸੀ ਤੱਕ ਪਹੁੰਚੇ। ਗੁਰਦਿਆਲ ਸਿੰਘ ਢਿੱਲੋਂ ਤੋਂ ਬਾਅਦ ਇਹ ਹਲਕਾ ਅਜਿਹਾ ਕਾਂਗਰਸ ਹੱਥੋਂ ਗਿਆ ਕਿ ਇਥੇ 1977 'ਚ ਜਥੇਦਾਰ ਮੋਹਨ ਸਿੰਘ ਤੁੜ, 1980 'ਚ ਜਥੇਦਾਰ ਲਹਿਣਾ ਸਿੰਘ ਤੁੜ, 1985 'ਚ ਤਰਲੋਚਨ ਸਿੰਘ ਤੁੜ ਅਕਾਲੀ ਦਲ ਵੱਲੋਂ ਚੋਣ ਜਿੱਤੇ। 1989 'ਚ ਸਿਮਰਨਜੀਤ ਸਿੰਘ ਮਾਨ ਨੇ ਵੀ ਗੈਰ-ਕਾਂਗਰਸੀ ਸੰਸਦ ਮੈਂਬਰ ਵਜੋਂ ਲੋਕ ਸਭਾ ਵਿਚ ਸਭ ਤੋਂ ਵੱਧ

*(ਬਾਕੀ ਸਫਾ 6 'ਤੇ)*

## ਅਕਾਲੀ ਦਲ ਪਿੱਛੇ ਏਜੰਸੀਆਂ ਲੱਗੀਆਂ!



**ਅੰਮ੍ਰਿਤਸਰ:** ਗੱਠਜੋੜ ਨਾ ਹੋਣ ਪਿੱਛੋਂ ਅਕਾਲੀ ਦਲ (ਬਾਦਲ) ਨੇ ਭਾਜਪਾ ਖਿਲਾਫ ਸੁਰ ਤਿੱਖੇ ਕਰ ਲਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਵੱਲੋਂ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਛੱਡਣ ਦੇ ਤੁਰੰਤ ਬਾਅਦ ਕੇਂਦਰੀ ਏਜੰਸੀਆਂ ਨੇ ਅਕਾਲੀ ਦਲ ਖ਼ਿਲਾਫ਼ ਕੂੜ ਪ੍ਰਚਾਰ ਮੁਹਿੰਮ ਵਿੱਢ ਦਿੱਤੀ ਸੀ ਅਤੇ ਉਨ੍ਹਾਂ ਨੇ ਆਪਣੇ ਹੀ ਬੰਦੇ ਲਾ ਕੇ ਅਕਾਲੀ ਦਲ 'ਤੇ ਬੇਅਦਬੀਆਂ ਕਰਨ ਦੇ ਦੋਸ਼ ਲਗਾ ਦਿੱਤੇ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਅੱਠ ਸਾਲ ਪਹਿਲਾਂ ਅਕਾਲੀ ਦਲ ਉਤੇ ਬੇਅਦਬੀਆਂ ਕਰਵਾਉਣ ਦੇ ਦੋਸ਼ ਲਗਾਏ, ਉਨ੍ਹਾਂ ਵਿਚ ਅਖੌਤੀ ਪੰਥਕ ਆਗੂ ਬਲਜੀਤ ਸਿੰਘ ਦਾਦੂਵਾਲ ਸ਼ਾਮਲ ਸੀ ਜੋ ਹੁਣ ਭਾਜਪਾ ਨੇੜੇ ਹੋ ਚੁੱਕਿਆ ਹੈ। ਅਕਾਲੀ ਦਲ ਨੂੰ ਬਦਨਾਮ ਅਤੇ ਕਮਜ਼ੋਰ ਕਰਨ ਲਈ ਲੁਕਵੇਂ ਏਜੰਡੇ ਤਹਿਤ ਕੰਮ ਕੀਤਾ ਗਿਆ ਹੈ।

*(ਬਾਕੀ ਸਫਾ 6 'ਤੇ)*

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
RAVI KAPOOR
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਕਾਫ਼ਲੇ ਵੱਲੋਂ ਡਾ. ਮੋਹਨਜੀਤ, ਹਰਬੰਸ ਹੀਓਂ ਨੂੰ ਸ਼ਰਧਾਂਜਲੀ ਅਤੇ ਮਲਵਿੰਦਰ ਦੀ ਕਿਤਾਬ ’ਤੇ ਚਰਚਾ

**ਬਰੈਂਪਟਨ:** “ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ” ਦੀ ਮਹੀਨੇਵਾਰ ਮੀਟਿੰਗ ਨਵੇਂ ਸੰਚਾਲਕਾਂ ਕੁਲਵਿੰਦਰ ਖਹਿਰਾ, ਰਛਪਾਲ ਕੌਰ ਗਿੱਲ ਤੇ ਪਿਆਰਾ ਸਿੰਘ ਕੱਦੋਵਾਲ ਦੀ ਸਰਪ੍ਰਸਤੀ ਹੇਠ, 27 ਅਪ੍ਰੈਲ ਨੂੰ ਸਪਰਿੰਗਡੇਲ ਲਾਇਬਰੇਰੀ ਵਿਖੇ ਸੰਪੂਰਨ ਹੋਈ।



ਫਹਿਲੇ ਸੈਸ਼ਨ ਵਿਚ ਕੁਲਵਿੰਦਰ ਖਹਿਰਾ ਨੇ ਸਟੇਜ ਸੰਭਾਲਦਿਆਂ ਕਾਫ਼ਲੇ ਦੇ ਸੰਵਿਧਾਨਕ ਨਿਯਮਾਂ ਤੇ ਲਾਇਬਰੇਰੀ ਦੇ ਨਿਯਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਤੋਂ ਬਾਅਦ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਡਾ. ਮੋਹਨਜੀਤ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਿਆਰਾ ਸਿੰਘ ਕੁੱਦੋਵਾਲ ਨੇ ਉਨ੍ਹਾਂ ਦੇ ਜੀਵਨ ਤੇ ਲਿਖਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਤੋਂ ਬਾਅਦ ਡਾ. ਨਾਹਰ ਸਿੰਘ ਨੇ ਡਾ. ਮੋਹਨਜੀਤ ਦੀਆਂ ਲਿਖਤਾਂ ਤੇ ਉਨ੍ਹਾਂ ਦੇ ਵਡੱਪਣ ਬਾਰੇ ਗੱਲਬਾਤ ਕਰਦਿਆਂ ਕਿ ਡਾ. ਮੋਹਨਜੀਤ ਵਾਸਤੇ ਸਨਮਾਨਾਂ ਦੀ ਅਹਿਮੀਅਤ ਨਹੀਂ ਸੀ, ਉਨ੍ਹਾਂ ਦਾ ਮੰਨਣਾ ਸੀ ਕਿ ਸਨਮਾਨ ਕਿਸੇ ਲੇਖਕ ਦਾ ਕੱਦ ਵੱਡਾ ਜਾਂ ਛੋਟਾ ਨਹੀਂ ਕਰਦੇ। ਕਿਸਾਨ ਅੰਦੋਲਨ ਸਮੇਂ ਸਭ ਤੋਂ ਪਹਿਲਾਂ ਆਪਣਾ ਸਨਮਾਨ ਚਿੰਨ੍ਹ ਵਾਪਸ ਕਰਨ ਵਾਲੇ ਡਾ. ਮੋਹਨਜੀਤ ਹੀ ਸਨ। ਸਾਰੇ ਮੈਂਬਰਾਂ ਨੇ ਇੱਕ ਮਿੰਟ ਦਾ ਮੌਨ ਵੀ ਰੱਖਿਆ।

ਰਛਪਾਲ ਕੌਰ ਗਿੱਲ ਨੇ ਪਿਛਲੇ ਦੋ ਸਾਲਾਂ ਰਹੇ ਕਾਫ਼ਲੇ ਦੇ ਸੰਚਾਲਕਾਂ ਭੁਪਿੰਦਰ ਦੁਲੇ, ਜਤਿੰਦਰ ਰੰਧਾਵਾ ਤੇ ਬਲਰਾਜ ਧਾਲੀਵਾਲ ਦਾ ਧੰਨਵਾਦ ਕੀਤਾ ਜਿਨ੍ਹਾਂ ਸੁਹਿਰਦਤਾ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਦੇ ਇਲਾਵਾ ਸਾਰੇ ਮੈਂਬਰਾਂ ਨੂੰ ਭਵਿੱਖ ਵਿਚ ਕਾਫ਼ਲੇ ਦੇ ਕਾਰਜਾਂ ਲਈ ਸਹਿਯੋਗ ਲਈ ਬੇਨਤੀ ਕੀਤੀ ਗਈ।

ਦੂਸਰੇ ਸੈਸ਼ਨ ਵਿਚ ਮਲਵਿੰਦਰ ਦੀ ਵਾਰਤਕ ਦੀ ਪਲੇਠੀ ਕਿਤਾਬ, “ਚੁੱਪ ਦਾ ਮਰਮ ਪਛਾਣੀਏ” ਬਾਰੇ ਗੱਲਬਾਤ ਹੋਈ, ਜਿਸ ਵਿਚ ਪਰਮਜੀਤ ਦਿਓਲ, ਸ਼ਮੀਲ, ਗੁਰਦੇਵ ਚੌਹਾਨ ਤੇ ਪਿਆਰਾ ਸਿੰਘ ਕੁੱਦੋਵਾਲ ਨੇ ਹਿੱਸਾ ਲਿਆ। ਪੂਰਨ ਸਿੰਘ ਪਾਂਧੀ ਨੇ ਵਾਰਤਕ ਦੇ ਨੁਕਤਿਆਂ ਬਾਰੇ ਗੱਲਬਾਤ ਕਰਦਿਆਂ ਕੁਝ ਕੁ ਵਧੀਆ ਵਾਰਤਕ ਲਿਖਾਰੀਆਂ, ਜਿਵੇਂ ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਲਿਖਤਾਂ ਦੀ ਉਦਾਹਰਣ ਦਿੱਤੀ। ਇਸੇ ਤਰ੍ਹਾਂ ਪਿਆਰਾ ਸਿੰਘ ਕੁੱਦੋਵਾਲ ਨੇ ਵਾਰਤਕ ਦੀਆਂ ਕਿਸਮਾਂ ਬਾਰੇ ਗੱਲਬਾਤ ਕਰਦਿਆਂ ਮਲਵਿੰਦਰ ਦੀ ਵਾਰਤਕ ਦੀ ਕਿਤਾਬ ਦੀ ਭਰਪੂਰ ਸਿਫ਼ਤ ਕੀਤੀ। ਪਰਮਜੀਤ ਦਿਓਲ ਨੇ ਕਿਤਾਬ ਦੇ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸ਼ਮੀਲ ਨੇ ਕਿਤਾਬ ’ਚੋਂ ਵਾਰਤਕ ਦੀ ਵੰਨਗੀ ਸਾਂਝੀ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਗੁਰਦੇਵ ਚੌਹਾਨ ਨੇ ਸੰਖੇਪ ਵਿਚ ਕਿਤਾਬ ਬਾਰੇ ਗੱਲਬਾਤ ਕੀਤੀ। ਇਸ ਸੈਸ਼ਨ ਦੇ ਅਖੀਰ ’ਤੇ ਮਲਵਿੰਦਰ ਨੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਛੇ ਕਿਤਾਬਾਂ ਛਪ ਚੁੱਕੀਆਂ ਹੋਣ ਦੇ ਬਾਵਜੂਦ ਉਹ ਆਪਣੀਆਂ ਕਵਿਤਾਵਾਂ ਤੋਂ ਏਨਾ ਸੰਤੁਸ਼ਟ ਨਹੀਂ ਹਨ ਅਤੇ ਹੁਣ ਉਨ੍ਹਾਂ ਵਾਰਤਕ ਵੱਲ ਮੁਹਾਰਾਂ ਮੋੜੀਆਂ ਹਨ।

ਬਲਦੇਵ ਰਹਿਪਾ ਨੇ 26 ਮਈ ਨੂੰ ਹੋ ਰਹੇ ਬਰੈਂਪਟਨ ਹਾਫ ਮੈਰਾਥਾਨ ਬਾਰੇ ਜਾਣਕਾਰੀ ਦਿੱਤੀ ਅਤੇ ਉਸ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਤੀਸਰੇ ਸੈਸ਼ਨ ਵਿਚ ਕਵੀ ਦਰਬਾਰ ਕਰਵਾਇਆ ਗਿਆ, ਜਿਸਦੇ ਮੁੱਖ ਮਹਿਮਾਨ ਮਲੇਰਕੋਟਲਾ, ਪੰਜਾਬ ਤੋਂ ਆਏ ਨੂਰ ਮੁਹੰਮਦ ਨੂਰ ਸਨ। ਇਸ ਵਿਚ ਹਾਜ਼ਰ ਕਵੀਆਂ ਨੇ ਆਪੋ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤ ਪੇਸ਼ ਕੀਤੇ। ਰਿੰਟੂ ਭਾਟੀਆ ਨੇ ਬੁਲੇ ਸ਼ਾਹ ਦੀ ਕਾਫ਼ੀ ਗਾ ਕੇ ਇਸ ਸੈਸ਼ਨ ਦੀ ਸ਼ੁਰੂਆਤ ਕੀਤੀ। ਮਨਰਾਜ ਬੈਨੀਪਾਲ, ਪ੍ਰਤੀਕ, ਸੁਖਚਰਨਜੀਤ ਕੌਰ ਗਿੱਲ, ਸੁਰਿੰਦਰਜੀਤ ਕੌਰ, ਨਰਿਤਮ ਕੌਰ, ਹਜ਼ਰਤ ਸ਼ਾਮ, ਜਸਪਾਲ ਦੇਸੂਵੀ, ਮੁਹਿੰਦਰ ਸਿੰਘ ਗਿੱਲ, ਹਰਜਿੰਦਰ ਸਿੰਘ ਗਿੱਲ, ਡਾ. ਕ੍ਰਿਸ਼ਨ ਚੰਦ, ਬਲਰਾਜ ਧਾਲੀਵਾਲ, ਜਤਿੰਦਰ ਰੰਧਾਵਾ, ਗਿਆਨ ਸਿੰਘ ਦਰਦੀ, ਗੁਰਦੇਵ ਸਿੰਘ ਚੌਹਾਨ, ਸੁਰਜੀਤ ਕੌਰ ਟੋਰਾਂਟੋ, ਪਰਮਜੀਤ ਦਿਓਲ, ਨਦੀਮ ਰਸ਼ੀਦ ਤੇ ਨੂਰ ਮੁਹੰਮਦ ਨੂਰ ਨੇ ਭਾਗ ਲਿਆ।

ਮੀਟਿੰਗ ਵਿਚ ਨਿਰਮਲ ਜਸਵਾਲ, ਜਰਨੈਲ ਸਿੰਘ ਕਹਾਣੀਕਾਰ, ਕੁਲਜੀਤ ਮਾਨ, ਕਿਰਪਾਲ ਸਿੰਘ ਪੰਨੂੰ, ਡਾ. ਬਲਜਿੰਦਰ ਸਿੰਘ ਸੇਖੋਂ, ਬਲਦੇਵ



ਦੂਹੜੇ, ਗੁਰਜਿੰਦਰ ਸਿੰਘ ਸੰਘੇੜਾ, ਗੁਰਦੇਵ ਮਾਨ, ਮੁਰੀਦ ਸੰਧੂ, ਬਲਜੀਤ ਧਾਲੀਵਾਲ, ਸੁਰਿੰਦਰ ਖਹਿਰਾ, ਸੁਸ਼ਮਾ ਰਾਣੀ, ਗੁਰਦਿਆਲ ਸਿੰਘ ਬੱਲ, ਅਮਨਪ੍ਰੀਤ ਸਿੰਘ ਧਾਲੀਵਾਲ, ਗੁਰਚਰਨਜੀਤ ਬਟਾਲਾ, ਵਿਕਰਾਂਤ ਸਿੰਘ, ਬਲਵਿੰਦਰ ਕੌਰ ਰੰਧਾਵਾ, ਹਰਜਿੰਦਰ ਸਿੰਘ ਗਿੱਲ, ਡਾ. ਮਹਿੰਦਰ ਸਿੰਘ ਗਿੱਲ, ਡਾ. ਜਗਜੀਵਨ ਧਾਲੀਵਾਲ, ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸਰਪੰਚ ਸਤਨਾਮ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ ਸਿੱਧੂ, ਮੋਹਣ ਸਿੰਘ ਮਾਂਗਟ, ਮਨਮੋਹਨ ਗੁਲਾਟੀ, ਦਰਸ਼ਨ ਸਿੰਘ ਬੈਨੀਪਾਲ, ਨਵਰਾਜ ਸਿੰਘ ਬੈਨੀਪਾਲ, ਸੁਰਿੰਦਰ ਸਿੰਘ, ਪਰਮਜੀਤ ਗਿੱਲ ਕਲੋਨਾ ਬੀ.ਸੀ. ਤੋਂ, ਹੀਰਾ ਲਾਲ ਅਗਨੀਹੋਤਰੀ, ਗੁਰਬਖਸ਼ ਕੌਰ ਬੈਂਸ ਤੇ ਲਾਲ ਸਿੰਘ ਬੈਂਸ ਨੇ ਹਾਜ਼ਰੀ ਲਵਾਈ।

ਕੁਲਵਿੰਦਰ ਖਹਿਰਾ ਨੇ ਜਿੱਥੇ ਸਟੇਜ ਦੀ ਕਾਰਵਾਈ ਬਾਖ਼ੂਬੀ ਨਿਭਾਈ ਓਤੇ ਹਰਬੰਸ ਹੀਓ ਦੇ ਸਦੀਵੀ ਵਿਛੋੜੇ ‘ਤੇ ਦੁੱਖ ਦਾ ਇਜ਼ਹਾਰ ਵੀ ਕੀਤਾ। ਮੀਟਿੰਗ ਦੇ ਅਖੀਰ ‘ਤੇ ਪਿਆਰਾ ਸਿੰਘ ਕੁੱਦੋਵਾਲ ਨੇ ਮੀਟਿੰਗ ਨੂੰ ਸਮਾਮਤ ਕਰਦਿਆਂ ਮੀਟਿੰਗ ਵਿਚ ਆਏ ਸਾਰੇ ਲੇਖਕਾਂ, ਮੈਂਬਰ ਸਾਹਿਬਾਨ, ਮਹਿਮਾਨਾਂ ਤੇ ਵਿਦਵਾਨਾਂ ਦਾ ਧੰਨਵਾਦ ਕੀਤਾ।

**- ਰਿਪੋਰਟ: ਰਛਪਾਲ ਕੌਰ ਗਿੱਲ**


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




**Call us at: +18442272162**

**Address: 2605 US-130 Cinnaminson, NJ 08077**

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ



## ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ (ਪੀ ਐੱਚ ਓ) ਸ਼ਿਕਾਗੋ

‘ਪੰਜਾਬ ਟਾਈਮਜ਼’ ਦਿਆਨਤਦਾਰੀ ਵਾਲੀ ਪੱਤਰਕਾਰੀ ਦੀ ਸਰਵਉੱਚ ਮਿਸਾਲ ਹੈ ਅਤੇ ਇਹਦਾ ਪ੍ਰਭਾਵ ਪੰਜਾਬੀ ਕਮਿਊਨਿਟੀ ਤੋਂ ਕਿਤੇ ਅਗਾਂਹ ਵਧ ਕੇ ਹੈ। ਇਹ ਹਮੇਸ਼ਾ, ਭਰੋਸੇਯੋਗ ਖਬਰਾਂ ਦਾ ਸਰੋਤ, ਸੱਭਿਆਚਾਰਕ ਤਰੱਕੀ ਦਾ ਪੈਰੋਕਾਰ ਅਤੇ ਪੰਜਾਬੀ ਸੱਭਿਆਚਾਰ ਨੂੰ ਜੋੜਨ ਵਾਲੀ ਮਿਸਾਲ ਰਿਹਾ ਹੈ। ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ‘ਤੇ ਅਸੀਂ ਪੰਜਾਬ ਟਾਈਮਜ਼ ਪਰਿਵਾਰ ਦੀ ਪੂਰੀ ਟੀਮ ਨੂੰ, ਉਨ੍ਹਾਂ ਦੀ ਪੱਤਰਕਾਰੀ ਅਤੇ ਕਮਿਊਨਿਟੀ ਦੇ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਲਈ, ਹਾਰਦਿਕ ਵਧਾਈ ਦਿੰਦੇ ਹਾਂ।

### PHO MEMBERS

Harjit Singh Gill, Narinderpal Singh Marwaha, Paramjit Singh Sangha, Tarlochan Singh Gill, Bikram Singh Sidhu, Gurinder Singh Sandhu, Mohinderjit Singh Rakalla, Harjinder Singh Khaira, Tony Sanghera, Lakhbir Singh Sandhu, Jairam Singh Kahlon,

# ਗਾਜ਼ਾ ਵਿਚ ਜੰਗ ਖਿਲਾਫ ਅਮਰੀਕੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਮੁਜ਼ਾਹਰੇ

**ਨਿਊ ਯਾਰਕ:** ਕੋਲੰਬੀਆ ਯੂਨੀਵਰਸਿਟੀ ਵਿਚ ਪਿਛਲੇ ਹਫ਼ਤੇ ਸੌ ਤੋਂ ਵੱਧ ਮੁਜ਼ਾਹਰਾਕਾਰੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਇਜ਼ਰਾਈਲ-ਹਮਾਸ ਜੰਗ ਨੂੰ ਲੈ ਕੇ ਅਮਰੀਕੀ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਕੈਂਪਸਾਂ ਵਿਚ ਵਿਦਿਆਰਥੀ ਪ੍ਰਦਰਸ਼ਨਾਂ ਨੇ ਜ਼ੋਰ ਫੜ ਲਿਆ ਹੈ। ਵਿਦਿਆਰਥੀ ਮੰਗ ਕਰ ਰਹੇ ਹਨ ਕਿ ਯੂਨੀਵਰਸਿਟੀਆਂ ਅਜਿਹੀਆਂ ਕੰਪਨੀਆਂ ਤੋਂ ਖ਼ੁਦ ਨੂੰ ਵੱਖ ਕਰ ਲੈਣ, ਜੋ ਗਾਜ਼ਾ ਵਿਚ ਇਜ਼ਰਾਇਲੀ ਫੌਜ ਦੀ ਚੜ੍ਹਾਈ ਵਿਚ ਮਦਦ ਕਰ ਰਹੀਆਂ ਹਨ। ਅਮਰੀਕੀ ਯੂਨੀਵਰਸਿਟੀਆਂ ਵਿਚ ਇਹ ਮੁਜ਼ਾਹਰੇ ਵਿਦਿਆਰਥੀ ਸਮੂਹਾਂ ਦੇ ਗੱਠਜੋੜ ਵੱਲੋਂ ਕੀਤੇ ਜਾ ਰਹੇ ਹਨ। ਇਹ ਸਮੂਹ ਆਮ ਕਰਕੇ ਸੁਤੰਤਰ ਰੂਪ ਵਿਚ ਕੰਮ ਕਰ ਰਹੇ ਹਨ, ਪਰ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਹੋਰਨਾਂ ਯੂਨੀਵਰਸਿਟੀਆਂ ਦੇ ਆਗੂਆਂ ਤੋਂ ਪ੍ਰੇਰਿਤ ਹਨ।




ਫਲਸਤੀਨ ਪੱਖੀ ਵਿਦਿਆਰਥੀਆਂ ਨੇ ਪਿਛਲੇ ਹਫ਼ਤੇ ਨਿਊ ਯਾਰਕ ਦੀ ਆਇਵੀ ਲੀਗ ਯੂਨੀਵਰਸਿਟੀ ਵਿਚ ਟੈਂਟ ਲਾ ਕੇ ਰੋਸ ਮੁਜ਼ਾਹਰਾ ਕੀਤਾ ਸੀ। ਪੁਲਿਸ ਨੇ 18 ਅਪਰੈਲ ਨੂੰ ਪਹਿਲਾਂ ਉਨ੍ਹਾਂ ਦੇ ਤੰਬੂ ਪੁੱਟਣ ਦੀ ਕੋਸ਼ਿਸ਼ ਕੀਤੀ ਤੇ ਸੌ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸਰਕਾਰ ਦੀ ਇਹ ਪੇਸ਼ਕਦਮੀ ਹਾਲਾਂਕਿ ਪੁੱਠੀ ਪੈ ਗਈ ਤੇ ਦੇਸ਼ ਭਰ ਦੇ ਵਿਦਿਆਰਥੀਆਂ ਨੇ ਇਕਜੁੱਟ ਹੋ ਕੇ 'ਵਰਸਿਟੀ ਕੈਂਪਸਾਂ ਵਿਚ ਰੋਸ ਪ੍ਰਦਰਸ਼ਨਾਂ ਦਾ ਫੈਸਲਾ ਕੀਤਾ। ਆਈ.ਵੀ. ਲੀਗ ਸਕੂਲ ਨੇ ਸਕੂਲ ਬੰਦ ਕਰਕੇ 15 ਮਈ ਤੋਂ ਹਾਈਬ੍ਰਿਡ ਲਰਨਿੰਗ ਦਾ ਫੈਸਲਾ ਕੀਤਾ ਹੈ। ਵਿਦਿਆਰਥੀਆਂ ਨੇ ਕਿਹਾ ਕਿ ਪ੍ਰਸ਼ਾਸਨ ਨਾਲ ਗੱਲਬਾਤ ਸਿਰੇ ਨਾ ਚੜ੍ਹਨ ਮਗਰੋਂ ਉਨ੍ਹਾਂ ਆਪਣੀਆਂ ਮੰਗਾਂ ਪੂਰੀਆਂ ਹੋਣ ਤੱਕ ਰੋਸ ਪ੍ਰਦਰਸ਼ਨ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਉਧਰ, ਨੌਰਥਈਸਟਰਨ ਯੂਨੀਵਰਸਿਟੀ ਵਿਚ ਪੁਲਿਸ ਨੇ 102 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ ਨੇ ਨਾਨ-ਰੈਜ਼ੀਡੈਂਟਸ ਲਈ ਯੂਨੀਵਰਸਿਟੀ ਪਾਰਕ ਕੈਂਪਸ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਹੈ। ਕੋਲੰਬਸ ਦੀ ਓਹੀਓ ਸਟੇਟ ਯੂਨੀਵਰਸਿਟੀ ਵਿਚ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਦਰਮਿਆਨ ਝੜਪਾਂ ਦੀਆਂ ਰਿਪੋਰਟਾਂ ਹਨ। ਪੁਲਿਸ ਨੇ 36 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜੌਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਵੀ ਪ੍ਰਦਰਸ਼ਨਾਂ ਦੌਰਾਨ ਫਲਸਤੀਨ ਪੱਖੀ ਵਿਦਿਆਰਥੀ ਸਮੂਹ 'ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਨਿਊ ਯਾਰਕ ਯੂਨੀਵਰਸਿਟੀ, ਐਟਲਾਂਟਾ ਦੀ ਐਮਰੀ ਯੂਨੀਵਰਸਿਟੀ, ਇੰਡਿਆਨਾ ਯੂਨੀਵਰਸਿਟੀ ਬਲੂਮਿੰਗਟਨ, ਐਰੀਜ਼ੋਨਾ ਸਟੇਟ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ਼ ਫਲੋਰਿਡਾ ਵਿਚ ਪੁਲੀਸ ਨੇ ਝੜਪਾਂ ਮਗਰੋਂ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ।

## ਗੈਸ ਸਟੇਸ਼ਨ ਵਿਚ ਕੈਸ਼ੀਅਰ ਦੀ ਲੋੜ ਹੈ

*ਰੋਲਿੰਗ ਮੀਡੋ ਵਿਚ ਸਵੇਰ ਦੀ ਸ਼ਿਫਟ ਲਈ 7 ਦਿਨ ਵਾਸਤੇ ਕੈਸ਼ੀਅਰ ਦੀ ਲੋੜ ਹੈ। ਪਾਰਟ ਟਾਈਮ ਅਤੇ ਪੂਰਾ ਟਾਈਮ ਕੰਮ ਉਪਲੱਬਧ ਹੈ। ਸਿਖਲਾਈ ਵੀ ਦਿੱਤੀ ਜਾ ਸਕਦੀ ਹੈ ਪਰ ਤਜਰਬੇਕਾਰ ਨੂੰ ਪਹਿਲ।*

ਚਾਹਵਾਨ ਸੰਪਰਕ ਕਰਨ:

**ਮੈਕਸ ਸ਼ਾਅ ਫੋਨ: 312-505-7272**

## Look for AM shift Cashier

**Look for AM shift Cashier for 7 days in rolling meadows IL. Many hours available. Part time or full time available Willing to train but experience preferred.**

**Please call or text: Max Shaw 312-505-7272**

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

**EARLY BIRD SALE!!!!**

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

# Matrimonials

## ਲੜਕੀ ਦੀ ਲੋੜ ਹੈ

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India). 17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448 17-20

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444 17-20

USA based Gursikh Arora family looking for suitable match for their turbaned, divorced son, 35 yrs., 5'9', MS engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Please email: utakecare2@yahoo.com or call 1-618-402-4269 16-19

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com 15-18

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA. 05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com 05-08

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com 17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744 17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793 17-20

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata. 16-19

# ਦਿੱਲੀ ਕਮੇਟੀ ਦੇ ਮੈਂਬਰਾਂ ਸਮੇਤ ਵੱਡੀ ਗਿਣਤੀ ਸਿੱਖ ਆਗੂ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸਮੇਤ ਹੋਰ ਵੱਖ-ਵੱਖ ਖੇਤਰਾਂ ਨਾਲ ਸਬੰਧਤ ਵੱਡੀ ਗਿਣਤੀ ਸਿੱਖ ਆਗੂ ਭਾਜਪਾ ਵਿਚ ਸ਼ਾਮਲ ਹੋ ਗਏ। ਇਨ੍ਹਾਂ ਮੈਂਬਰਾਂ ਵਿਚ ਜ਼ਿਆਦਾਤਰ ਉਹ ਆਗੂ ਸ਼ਾਮਲ ਹਨ ਜੋ ਭਾਜਪਾ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੇ ਖੇਮੇ ਦੇ ਹਨ।

ਇਨ੍ਹਾਂ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜੀ ਸੀ ਪਰ ਬਾਅਦ ਵਿਚ ਦਿੱਲੀ ਦੀ ਸਿੱਖ ਰਾਜਨੀਤੀ ਵਿਚ ਆਈਆਂ ਤਬਦੀਲੀਆਂ ਕਰਕੇ ਵੱਖਰੇ ਬਣੇ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਵਿਚ ਸ਼ਮੂਲੀਅਤ ਕਰ ਲਈ ਸੀ। ਇਸ ਮੌਕੇ ਘੱਟ ਗਿਣਤੀ ਭਾਈਚਾਰੇ ਦੀ ਮਦਦ ਲਈ ਸਰਕਾਰ ਵੱਲੋਂ ਚੁੱਕੇ ਗਏ ਕਈ ਕਦਮਾਂ ਦਾ ਹਵਾਲਾ ਦਿੰਦਿਆਂ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਿਹਾ ਕਿ ਜੇ ਕਿਸੇ ਨੇ ਸੱਚਮੁੱਚ ਭਾਈਚਾਰੇ ਲਈ ਕੰਮ ਕੀਤਾ ਹੈ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।




ਉਨ੍ਹਾਂ ਕਿਹਾ ਕਿ ਸਿੱਖਾਂ ਵੱਲੋਂ ਦੇਸ਼ ਲਈ ਪਾਏ ਯੋਗਦਾਨ ਅਤੇ ਕੁਰਬਾਨੀਆਂ ਨੂੰ ਭਾਜਪਾ ਬਹੁਤ ਮੰਨਦੀ ਹੈ ਅਤੇ ਪਾਰਟੀ ਉਨ੍ਹਾਂ ਦੀ ਭਲਾਈ ਲਈ ਕੰਮ ਕਰਦੀ ਰਹੇਗੀ। ਨੱਢਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਭਾਜਪਾ ਹੀ ਇਕ ਅਜਿਹੀ ਪਾਰਟੀ ਹੈ ਜਿਸ ਰਾਹੀਂ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਉਨ੍ਹਾਂ ਮੋਦੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ, ਹਰਿਮੰਦਰ ਸਾਹਿਬ ਨੂੰ ਦਾਨ ਲਈ ਐਫ.ਸੀ.ਆਰ.ਏ. ਰਜਿਸਟਰੇਸ਼ਨ ਅਤੇ ਸਿੱਖ ਦੰਗਿਆਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਆਦਿ ਪ੍ਰਾਪਤੀਆਂ ਗਿਣਾਈਆਂ। ਜ਼ਿਕਰਯੋਗ ਹੈ ਕਿ ਇਸ ਵਾਰ ਭਾਜਪਾ ਵੱਲੋਂ ਪੰਜਾਬ 'ਚ ਆਪਣੇ ਬਲਬੂਤੇ ਲੋਕ ਸਭਾ ਚੋਣਾਂ ਲੜੀਆਂ ਜਾ ਰਹੀਆਂ ਹਨ ਜਦੋਂ ਕਿ ਪਹਿਲਾਂ ਅਕਾਲੀਆਂ ਨਾਲ ਸਮਝੌਤਾ ਕਰਕੇ ਪਾਰਟੀ ਸਿਰਫ਼ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਹਲਕਿਆਂ ਤੋਂ ਹੀ ਲੋਕ ਸਭਾ ਚੋਣ ਲੜਦੀ ਆਈ ਸੀ। ਭਾਜਪਾ 'ਚ ਸ਼ਾਮਲ ਹੋਣ ਵਾਲੇ ਦਿੱਲੀ ਕਮੇਟੀ ਦੇ ਮੈਂਬਰਾਂ ਵਿਚ ਪਰਵਿੰਦਰ ਸਿੰਘ, ਰਮਨਦੀਪ ਸਿੰਘ ਸੋਨੂੰ, ਭੁਪਿੰਦਰ ਸਿੰਘ ਗਿੰਨੀ, ਜਸਮੈਨ ਸਿੰਘ ਨੋਨੀ, ਰਮਨਦੀਪ ਸਿੰਘ ਮੀਤਾ, ਹਰਜੀਤ ਸਿੰਘ ਪੱਪਾ ਅਤੇ ਸਿੱਖ ਆਗੂ ਮਨਜੀਤ ਸਿੰਘ ਔਲਖ ਸ਼ਾਮਲ ਹਨ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਮਨਜਿੰਦਰ ਸਿੰਘ ਸਿਰਸਾ ਅਤੇ ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਵੀ ਹਾਜ਼ਰ ਸਨ। ਇਸ ਦੌਰਾਨ ਸਿਰਸਾ ਨੇ ਨੱਢਾ ਦਾ ਸਨਮਾਨ ਵੀ ਕੀਤਾ।

## ਭਾਜਪਾ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ: ਧਾਮੀ

**ਫਗਵਾੜਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਵਾਰ ਚੋਣਾਂ 'ਚ ਭਾਜਪਾ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਪਾਰਟੀ ਦਾ ਆਪਣਾ ਆਧਾਰ ਮਜ਼ਬੂਤ ਨਹੀਂ ਹੈ। ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਇਥੇ ਪੁੱਜਣ ਮੌਕੇ ਕਰਵਾਏ ਸਮਾਗਮ 'ਚ ਸ਼ਾਮਲ ਹੋਣ ਮੌਕੇ ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਕੇਂਦਰ 'ਚ ਸਿੱਖਾਂ ਦੇ ਸਹਿਯੋਗ ਨਾਲ ਬਣੀ ਸੀ ਜੋ ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਦਖ਼ਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ, ਬੰਦੀ ਸਿੰਘਾਂ ਦੀ ਰਿਹਾਈ ਆਦਿ ਮਸਲੇ ਹੱਲ ਨਹੀਂ ਕੀਤੇ।

# ਕਿਸਾਨ ਮੇਰੇ 'ਤੇ ਭਰੋਸਾ ਕਰ ਕੇ ਮੈਨੂੰ ਸੰਸਦ ਵਿਚ ਭੇਜਣ: ਹੰਸ ਰਾਜ ਹੰਸ

**ਮੋਗਾ:** ਫ਼ਰੀਦਕੋਟ ਰਾਖਵਾਂ ਹਲਕੇ ਤੋਂ ਭਾਜਪਾ ਉਮੀਦਵਾਰ ਤੇ ਅਦਾਕਾਰ ਹੰਸ ਰਾਜ ਹੰਸ ਨੇ ਆਪਣੀ ਚੋਣ ਮੁਹਿੰਮ ਨੂੰ ਤੇਜ਼ ਕਰ ਦਿੱਤਾ ਹੈ। ਉਨ੍ਹਾਂ ਪਿੰਡ ਸਲ੍ਹੀਣਾ ਵਿਚ ਪਿੰਡ ਦੀ ਮਹਿਲਾ ਸਰਪੰਚ ਵੱਲੋਂ ਰੱਖੇ ਚੋਣ ਜਲਸੇ ਨੂੰ ਸੰਬੋਧਨ ਕੀਤਾ। ਉਨ੍ਹਾਂ ਸ਼ਹਿਰ ਦੀ ਮੁੱਖ ਕੱਪੜਾ ਮਾਰਕੀਟ ਕੈਂਪ ਮਾਰਕੀਟ ਵਿਚ ਦੁਕਾਨਦਾਰਾਂ ਨਾਲ ਵੀ ਮਿਲਣੀ ਕੀਤੀ।



ਇਸ ਮੌਕੇ ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਅਤੇ ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ ਨੇ ਭਾਜਪਾ ਉਮੀਦਵਾਰ ਲਈ ਸਮਰਥਨ ਮੰਗਿਆ। ਉਨ੍ਹਾਂ ਕਿਹਾ ਕਿ ਹੰਸ ਰਾਜ ਹੰਸ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਸੰਸਦ ਮੈਂਬਰ ਬਣਨ ਮਗਰੋਂ ਮੋਗਾ 'ਚ ਆਪਣੀ ਪੱਕੀ ਰਿਹਾਇਸ਼ ਰੱਖਣਗੇ।

ਇਸ ਮੌਕੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਕਿਹਾ ਕਿ ਉਹ ਖੇਤ ਮਜ਼ਦੂਰ ਦਾ ਪੁੱਤ ਹੋਣ ਦੇ ਨਾਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਸਮਝਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਉਨ੍ਹਾਂ ਉਤੇ ਯਕੀਨ ਕਰਕੇ ਸੰਸਦ ਵਿਚ ਭੇਜਣ ਤੇ ਉਹ ਕਿਸਾਨਾਂ ਦੀ ਆਵਾਜ਼ ਬਣਨਗੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣਗੇ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਪੰਜਾਬ 'ਚ ਭਾਜਪਾ ਦਿਨ-ਪ੍ਰਤੀ-ਦਿਨ ਅੱਗੇ ਵੱਧ ਰਹੀ ਹੈ।

# ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆਏ ਕੈਬਨਿਟ ਮੰਤਰੀ ਭੁੱਲਰ

**ਚੰਡੀਗੜ੍ਹ:** 'ਆਪ' ਸਰਕਾਰ ਦੇ ਕੈਬਨਿਟ ਮੰਤਰੀ ਅਤੇ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆ ਗਏ ਹਨ। ਉਹ ਕੁਝ ਦਿਨ ਪਹਿਲਾਂ ਉਦੋਂ ਸਿਆਸੀ ਵਿਵਾਦ ਵਿਚ ਘਿਰ ਗਏ ਸਨ ਜਦੋਂ ਉਨ੍ਹਾਂ ਇਕ ਰੈਲੀ ਵਿਚ ਆਪਣੇ ਰਾਜਸੀ ਵਿਰੋਧੀ ਖ਼ਿਲਾਫ਼ ਬੇਤੁਕੀਆਂ ਟਿੱਪਣੀਆਂ ਅਤੇ ਖ਼ਾਸ ਕਰਕੇ ਇਕ ਭਾਈਚਾਰੇ ਖ਼ਿਲਾਫ਼ ਵਿਵਾਦਤ ਗੱਲਾਂ ਕੀਤੀਆਂ ਸਨ।



ਬੇਸ਼ੱਕ ਭੁੱਲਰ ਨੇ ਰਾਮਗੜ੍ਹੀਆ ਭਾਈਚਾਰੇ ਤੋਂ ਜਨਤਕ ਮੁਆਫ਼ੀ ਮੰਗ ਲਈ ਹੈ ਪਰ ਇਹ ਮਾਮਲਾ ਹਾਲੇ ਠੰਢਾ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਇਸ ਬਾਰੇ ਤਰਨ ਤਾਰਨ ਦੇ ਜ਼ਿਲ੍ਹਾ ਚੋਣ ਅਫ਼ਸਰ ਤੋਂ ਰਿਪੋਰਟ ਮੰਗੀ ਸੀ। ਜ਼ਿਲ੍ਹਾ ਚੋਣ ਅਫ਼ਸਰ ਦੀ ਰਿਪੋਰਟ ਵਿਚ 'ਆਪ' ਉਮੀਦਵਾਰ ਵੱਲੋਂ ਇੱਕ ਖ਼ਾਸ ਭਾਈਚਾਰੇ ਖ਼ਿਲਾਫ਼ ਕੀਤੀ ਟਿੱਪਣੀ ਦੀ ਪੁਸ਼ਟੀ ਹੋ ਗਈ ਹੈ।

ਮੁੱਖ ਚੋਣ ਅਧਿਕਾਰੀ ਨੇ ਇਹ ਰਿਪੋਰਟ ਚੋਣ ਕਮਿਸ਼ਨ ਕੋਲ ਭੇਜ ਦਿੱਤੀ ਹੈ ਅਤੇ ਉਸ ਵੱਲੋਂ ਇਸ ਦੀ ਘੋਖ ਕੀਤੀ ਜਾ ਰਹੀ ਹੈ। ਆਉਂਦੇ ਦਿਨਾਂ ਵਿਚ ਚੋਣ ਕਮਿਸ਼ਨ ਇਸ ਬਾਰੇ ਕੋਈ ਹੁਕਮ ਜਾਰੀ ਕਰ ਸਕਦਾ ਹੈ। ਦੂਜੇ ਪਾਸੇ ਰਾਮਗੜ੍ਹੀਆ ਭਾਈਚਾਰੇ ਵੱਲੋਂ ਪੰਜਾਬ ਵਿਚ ਲਾਲਜੀਤ ਭੁੱਲਰ ਖ਼ਿਲਾਫ਼ ਪ੍ਰਦਰਸ਼ਨ ਕੀਤੇ ਗਏ ਹਨ।

ਰਾਮਗੜ੍ਹੀਆ ਭਾਈਚਾਰੇ ਨੇ ਭੁੱਲਰ ਦੀ ਉਮੀਦਵਾਰੀ ਵਾਪਸ ਲੈਣ ਲਈ ਕਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਇਹ ਕਿਹਾ ਸੀ ਕਿ ਲਾਲਜੀਤ ਭੁੱਲਰ ਨੇ ਅਜਿਹੀ ਟਿੱਪਣੀ ਕਰਕੇ ਠੀਕ ਨਹੀਂ ਕੀਤਾ ਹੈ ਅਤੇ ਉਨ੍ਹਾਂ ਹੁਣ ਮੁਆਫ਼ੀ ਮੰਗ ਲਈ ਹੈ।

ਦੱਸਣਯੋਗ ਹੈ ਕਿ ਅਕਾਲੀ ਦਲ ਦੇ ਕਾਨੂੰਨੀ ਸਲਾਹਕਾਰ ਅਰਸ਼ਦੀਪ ਸਿੰਘ ਕਲੇਰ ਅਤੇ ਰਾਮਗੜ੍ਹੀਆ ਸਿੰਘ ਸਭਾ ਤਰਨ ਤਾਰਨ ਨੇ ਚੋਣ ਕਮਿਸ਼ਨ ਕੋਲ ਲਾਲਜੀਤ ਸਿੰਘ ਭੁੱਲਰ ਦੀ ਸ਼ਿਕਾਇਤ ਕੀਤੀ ਸੀ।

# 'ਆਪ' ਨੇ ਔਰਤਾਂ ਨੂੰ ਚੋਣਾਂ ਵਿਚ ਨਜ਼ਰਅੰਦਾਜ਼ ਕੀਤਾ: ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਲੋਕ ਸਭਾ ਚੋਣਾਂ ਵਿਚ 'ਆਪ' ਵੱਲੋਂ ਔਰਤਾਂ ਨੂੰ ਨੁਮਾਇੰਦਗੀ ਨਾ ਦੇਣ 'ਤੇ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਦੇ ਨਾਮ 'ਤੇ ਰਾਜਨੀਤੀ ਕਰਨ ਵਾਲੀ 'ਆਪ' ਨੇ ਔਰਤਾਂ ਨੂੰ ਹੀ ਨਜ਼ਰਅੰਦਾਜ਼ ਕਰ ਦਿੱਤਾ। ਪਹਿਲਾਂ 'ਆਪ' ਨੇ ਰਾਜ ਸਭਾ ਚੋਣਾਂ ਦੌਰਾਨ ਔਰਤਾਂ ਨੂੰ ਅਣਗੌਲਿਆ ਕੀਤਾ ਅਤੇ ਹੁਣ ਲੋਕ ਸਭਾ ਚੋਣਾਂ ਵਿਚ ਵੀ ਅਜਿਹਾ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਉਧਾਰ ਲਏ ਆਗੂਆਂ ਨਾਲ ਆਪਣੀ ਰਾਜਨੀਤੀ ਚਲਾ ਰਹੀ ਹੈ। ਸ੍ਰੀ ਬਾਜਪਾ ਨੇ ਕਿਹਾ ਕਿ 'ਆਪ' ਪਿਛਲੇ 10 ਸਾਲਾਂ ਤੋਂ ਵੱਧ ਸਮੇਂ ਤੋਂ ਸਰਗਰਮ ਰਾਜਨੀਤੀ 'ਚ ਹੈ ਪਰ ਜ਼ਮੀਨੀ ਪੱਧਰ 'ਤੇ ਆਪਣਾ ਪਾਰਟੀ ਕਾਡਰ ਵਿਕਸਿਤ ਕਰਨ ਵਿੱਚ



ਅਸਫਲ ਰਹੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਕੁੱਲ 13 ਲੋਕ ਸਭਾ ਹਲਕਿਆਂ ਤੋਂ 'ਆਪ' ਨੇ ਤਿੰਨ ਉਧਾਰ ਲਏ ਆਗੂਆਂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ।

# ਪੰਜਾਬ ਕਾਂਗਰਸ ਦੇ ਬਾਗ਼ੀਆਂ ਨੂੰ ਵੀ.ਆਈ.ਪੀ. ਸੁਰੱਖਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ ਕਾਂਗਰਸ ਦੇ ਤਿੰਨ ਸਾਬਕਾ ਨੇਤਾਵਾਂ ਜਿਨ੍ਹਾਂ ਵਿਚੋਂ ਦੋ ਹਾਲ ਹੀ 'ਚ ਭਾਜਪਾ 'ਚ ਸ਼ਾਮਲ ਹੋ ਗਏ ਸਨ, ਨੂੰ ਹਥਿਆਰਬੰਦ ਨੀਮ ਕਮਾਂਡੋਜ਼ ਦੀ ਵੀ.ਆਈ.ਪੀ. ਸੁਰੱਖਿਆ ਛੱਤਰੀ ਮੁਹੱਈਆ ਕਰਵਾਈ ਹੈ। ਕੇਂਦਰੀ ਖ਼ੁਫੀਆ ਏਜੰਸੀਆਂ ਵੱਲੋਂ ਵਿਕਰਮਜੀਤ ਸਿੰਘ ਚੌਧਰੀ, ਉਨ੍ਹਾਂ ਦੀ ਮਾਂ ਕਰਮਜੀਤ ਕੌਰ ਚੌਧਰੀ ਅਤੇ ਤੇਜਿੰਦਰ ਸਿੰਘ ਬਿੱਟੂ ਨੂੰ ਖ਼ਤਰੇ ਦਾ ਖਦਸ਼ਾ ਪ੍ਰਗਟਾਉਣ 'ਤੇ ਤਿੰਨਾਂ ਨੂੰ 'ਵਾਈ' ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਹੈ।

ਕਰਮਜੀਤ ਕੌਰ ਤੇ ਤੇਜਿੰਦਰ ਸਿੰਘ ਬਿੱਟੂ ਹਾਲ ਹੀ 'ਚ ਭਾਜਪਾ 'ਚ ਸ਼ਾਮਲ ਹੋ ਗਏ ਸਨ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਕੇਂਦਰੀ ਰਿਜ਼ਰਵ ਪੁਲਿਸ (ਸੀ.ਆਰ.ਪੀ.ਐਫ) ਨੂੰ ਨਿਰਦੇਸ਼ ਦਿੱਤੇ ਹਨ ਕਿ ਉਕਤ ਨੇਤਾਵਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾਵੇ। 'ਵਾਈ' ਸ਼੍ਰੇਣੀ ਦੀ ਸੁਰੱਖਿਆ ਤਹਿਤ ਇਨ੍ਹਾਂ ਨੇਤਾਵਾਂ ਨਾਲ ਪੰਜਾਬ ਵਿਚ ਸਫ਼ਰ ਦੌਰਾਨ ਚਾਰ-ਪੰਜ ਹਥਿਆਰਬੰਦ ਕਮਾਂਡੋਜ਼ ਤਾਇਨਾਤ ਰਹਿਣਗੇ। ਸੀ.ਆਰ.ਪੀ.ਐਫ. ਵੱਲੋਂ ਜਲਦੀ ਹੀ ਤਿੰਨਾਂ ਨੇਤਾਵਾਂ ਦੀ ਸੁਰੱਖਿਆ ਦਾ ਜ਼ਿੰਮਾ ਸੰਭਾਲਣ ਦੀ ਉਮੀਦ ਹੈ। ਦੱਸਣਯੋਗ ਹੈ ਕਿ ਕਾਂਗਰਸ ਨੇ ਫਿਲੌਰ ਤੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੂੰ ਕਥਿਤ ਪਾਰਟੀ ਵਿਰੋਧੀ ਸਰਗਰਮੀਆਂ ਕਾਰਨ ਮੁਅੱਤਲ ਕਰ ਦਿੱਤਾ ਸੀ। ਵਿਕਰਮਜੀਤ ਨੇ ਜਲੰਧਰ ਲੋਕ ਸਭਾ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਉਮੀਦਵਾਰ ਬਣਾਏ ਜਾਣ 'ਤੇ ਉਨ੍ਹਾਂ ਖ਼ਿਲਾਫ਼ ਕਥਿਤ ਟਿੱਪਣੀਆਂ ਕੀਤੀਆਂ ਸਨ।

# ਪਟਿਆਲਾ 'ਚ ਕਾਂਗਰਸ ਦੇ ਟਕਸਾਲੀ ਆਗੂਆਂ ਦੇ ਸੁਰ ਨਰਮ ਪਏ

**ਪਟਿਆਲਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਹਾਜ਼ਰੀ ਵਿਚ ਪਟਿਆਲਾ ਦੇ ਸਾਰੇ ਟਕਸਾਲੀ ਕਾਂਗਰਸੀ ਤੇ ਹੋਰ ਆਗੂ ਇਕਜੁੱਟ ਨਜ਼ਰ ਆਏ। ਸਾਰਿਆਂ ਨੇ ਇਕ ਸੁਰ ਵਿਚ ਡਾ. ਧਰਮਵੀਰ ਗਾਂਧੀ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਪਰ ਇੱਥੇ ਨਵਜੋਤ ਸਿੱਧੂ ਨੂੰ ਬਿਲਕੁਲ ਹੀ ਕਾਂਗਰਸ ਵਿਚੋਂ ਦਰਕਿਨਾਰ ਕਰਨ ਦਾ ਪੱਖ ਵੀ ਨਜ਼ਰ ਆਇਆ।



ਨਵਜੋਤ ਸਿੱਧੂ ਦੀ ਕੋਠੀ ਤੋਂ ਮਹਿਜ਼ 400 ਮੀਟਰ ਦੂਰ ਹੋਈ ਇਸ ਪ੍ਰੈੱਸ ਕਾਨਫ਼ਰੰਸ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸਿੱਧੂ ਬਾਰੇ ਗੱਲ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ, ਇਹ ਉਨ੍ਹਾਂ ਨੂੰ ਪੁੱਛਣਾ ਬਣਦਾ ਹੈ ਕਿ ਉਹ ਕਾਂਗਰਸ ਦਾ ਪ੍ਰਚਾਰ ਕਰਨ ਲਈ ਕਦੋਂ ਆਉਣਗੇ? ਇੱਥੇ ਹੀ ਰਾਜਾ ਵੜਿੰਗ ਨੇ ਮੁਅੱਤਲ ਕੀਤੇ ਨਵਜੋਤ ਸਿੱਧੂ ਦੇ ਸਮਰਥਕਾਂ ਨੂੰ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੋ ਵੀ ਚੋਣਾਂ ਦੌਰਾਨ ਕੇ ਮਿਹਨਤ ਨਾਲ ਕੰਮ ਕਰੇਗਾ, ਉਸ ਨੂੰ ਪਾਰਟੀ ਵਿਚ ਵਾਪਸ ਲੈ ਲਿਆ ਜਾਵੇਗਾ ਪਰ ਇਸ ਵੇਲੇ ਉਨ੍ਹਾਂ ਪ੍ਰਤੀ ਸਾਡਾ ਕੋਈ ਵਿਚਾਰ ਨਹੀਂ ਹੈ।

ਉਨ੍ਹਾਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਆਜ਼ਾਦ ਚੋਣ ਲੜਨ ਬਾਰੇ ਕਿਹਾ ਕਿ ਉਨ੍ਹਾਂ ਨੂੰ ਚੋਣਾਂ ਤੋਂ ਪਹਿਲਾਂ ਕਾਂਗਰਸ ਵੱਲੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਸੀ ਪਰ ਉਸ ਵੇਲੇ ਉਹ ਜਵਾਬ ਦੇ ਗਏ, ਹੁਣ ਵੀ ਉਹ ਸਾਡੇ ਪਰਿਵਾਰ ਦੇ ਮੈਂਬਰ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਾਂਗਰਸ ਪਾਰਟੀ ਨਾਲ ਬਣੇ ਰਹਿਣ।

ਇਸ ਵੇਲੇ ਜਲੰਧਰ ਦੇ ਵਿਕਰਮ ਚੌਧਰੀ ਬਾਰੇ ਚੱਲ ਰਹੇ ਘਮਸਾਣ ਬਾਰੇ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਚੌਧਰੀ ਪਰਿਵਾਰ ਨੂੰ ਯਕਦਮ ਤਿੰਨ ਤਿੰਨ ਟਿਕਟਾਂ ਦਿੱਤੀਆਂ ਹਨ, ਜੇਕਰ ਫੇਰ ਵੀ ਉਹ ਪਾਰਟੀ ਨਾਲ ਗ਼ੱਦਾਰੀ ਕਰਦੇ ਹਨ ਤਾਂ ਪੰਜਾਬ ਦੇ ਲੋਕ ਇਸ ਬਾਰੇ ਹਿਸਾਬ ਲੈਣ। ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਚੋਣ ਕਮਿਸ਼ਨ ਤੋਂ ਲੈ ਕੇ ਸਾਰੀਆਂ ਸੰਵਿਧਾਨਕ ਸੰਸਥਾਵਾਂ 'ਤੇ ਕਬਜ਼ਾ ਕਰ ਕੇ ਉਨ੍ਹਾਂ ਦੇ ਸਿਧਾਂਤ ਖ਼ਤਮ ਕਰਨ ਦੀ ਕਗਾਰ ਦੇ ਪਹੁੰਚਾ ਦਿੱਤੇ ਹਨ। ਜੇਕਰ ਭਾਰਤ ਦੇ ਲੋਕਾਂ ਨੇ ਰਾਹੁਲ ਗਾਂਧੀ ਦਾ ਸਾਥ ਦਿੱਤਾ ਤਾਂ ਪੰਜਾਬ ਦੇ ਲਟਕਦੇ ਮੁੱਦਿਆਂ ਨੂੰ ਹੱਲ ਕਰਾਉਣ ਲਈ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਨਾਲ ਮਿਲ ਕੇ ਚੰਡੀਗੜ੍ਹ ਪੰਜਾਬ ਨੂੰ ਦਿਵਾਉਣਾ, ਪੰਜਾਬੀ ਬੋਲਦੇ ਇਲਾਕੇ ਪੰਜਾਬ ਦੇ ਹਵਾਲੇ ਕਰਾਉਣ ਜਿਹੇ ਮੁੱਦੇ ਹੱਲ ਕਰਵਾਉਣਗੇ।

## ਕੈਨੇਡਾ 'ਚ ਸੜਕ ਹਾਦਸਾ: ਪੰਜਾਬੀ ਨੌਜਵਾਨ ਦੀ ਮੌਤ

**ਫ਼ਿਰੋਜ਼ਪੁਰ:** ਪਿੰਡ ਰਾਮਪੁਰਾ ਦੇ ਨੌਜਵਾਨ ਧਰਮਿੰਦਰ ਸਿੰਘ ਦੀ ਕੈਨੇਡਾ ਵਿਚ ਵਾਪਰੇ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਧਰਮਿੰਦਰ ਸਿੰਘ ਸਾਲ ਪਹਿਲਾਂ ਹੀ ਸਿੰਗਾਪੁਰ ਤੋਂ ਕੈਨੇਡਾ ਚਲੇ ਗਿਆ ਸੀ ਤੇ ਉਥੇ ਉਹ ਟਰਾਲਾ ਚਲਾਉਂਦਾ ਸੀ। ਸਰੀ ਵਿਚ ਉਸ ਦਾ ਟਰਾਲਾ ਹਾਦਸਾਗ੍ਰਸਤ ਹੋ ਗਿਆ। ਇਸ ਦੌਰਾਨ ਟਰਾਲੇ ਨੂੰ ਅੱਗ ਲੱਗ ਗਈ। ਹਾਦਸੇ ਦੌਰਾਨ ਧਰਮਿੰਦਰ ਸਿੰਘ ਦੀ ਮੌਤ ਹੋ ਗਈ। ਇੱਥੇ ਧਰਮਿੰਦਰ ਸਿੰਘ ਦੇ ਪਰਿਵਾਰ ਵਿਚ ਮਾਂ-ਪਿਉ ਅਤੇ ਭੈਣ ਤੋਂ ਇਲਾਵਾ ਪਤਨੀ ਤੇ ਇਕ ਧੀ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਵਿਚ ਕਮਾਉਣ ਵਾਲਾ ਇਕਲੌਤਾ ਜੀਅ ਸੀ। ਪਿੰਡ ਵਾਸੀਆਂ ਅਤੇ ਸਕੇ ਸਬੰਧੀਆਂ ਨੇ ਸਰਕਾਰ ਕੋਲੋਂ ਉਸ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਅਤੇ ਪਰਿਵਾਰ ਦੀ ਆਰਥਿਕ ਮਦਦ ਕਰਨ ਦੀ ਅਪੀਲ ਕੀਤੀ ਹੈ।

# ਬੇਅਦਬੀ ਮਾਮਲਿਆਂ 'ਤੇ ਜਸਟਿਸ ਜੋਰਾ ਸਿੰਘ ਨੇ ਘੇਰੀ 'ਆਪ' ਸਰਕਾਰ

**ਮੋਗਾ:** ਬਰਗਾੜੀ ਬੇਅਦਬੀ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਸਾਬਕਾ ਆਈ.ਜੀ. ਤੇ ਹਾਕਮ ਧਿਰ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਤੋਂ ਬਾਅਦ ਹੁਣ ਇਨ੍ਹਾਂ ਘਟਨਾਵਾਂ ਦੀ ਬਤੌਰ ਕਮਿਸ਼ਨ ਜਾਂਚ ਕਰ ਚੁੱਕੇ ਅਤੇ 'ਆਪ' ਦੇ ਸੂਬਾ ਸੰਯੁਕਤ ਸਕੱਤਰ ਜਸਟਿਸ (ਸੇਵਾਮੁਕਤ) ਜੋਰਾ ਸਿੰਘ ਨੇ ਆਪਣੀ ਸਰਕਾਰ ਖ਼ਿਲਾਫ਼ ਝੰਡਾ ਚੁੱਕ ਲਿਆ ਹੈ। ਉਨ੍ਹਾਂ ਇਸ ਹਲਕੇ ਤੋਂ ਚੋਣ ਲੜਨ ਦੀ ਇੱਛਾ ਪ੍ਰਗਟਾਉਂਦਿਆਂ ਆਪਣੀ ਹੀ ਸਰਕਾਰ ਖ਼ਿਲਾਫ਼ ਸੁਆਲ ਚੁੱਕੇ ਹਨ।



ਇਸ ਤੋਂ ਪਹਿਲਾਂ ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਵਕੀਲਾਂ ਦੇ ਨਾਮ ਜਾਰੀ ਸੰਦੇਸ਼ ਵਿਚ ਆਪਣੀ ਹੀ ਸਰਕਾਰ ਖ਼ਿਲਾਫ਼ ਗੰਭੀਰ ਸੁਆਲ ਚੁੱਕੇ ਸਨ। ਉਨ੍ਹਾਂ ਕਿਹਾ ਕਿ 'ਮਾਨ' ਸਰਕਾਰ ਨੇ ਉਨ੍ਹਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਨ੍ਹਾਂ ਵੱਲੋਂ ਬਤੌਰ ਕਮਿਸ਼ਨ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਦੀ ਜਾਂਚ ਨੂੰ ਜਨਤਕ ਕੀਤਾ ਜਾਵੇਗਾ। ਸਰਕਾਰ ਬਣਨ ਦੇ ਦੋ ਸਾਲ ਬਾਅਦ ਵੀ ਉਨ੍ਹਾਂ ਦੀ ਰਿਪੋਰਟ ਜਨਤਕ ਨਹੀਂ ਕੀਤੀ ਗਈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਾਰਟੀ 'ਚ ਕਾਨੂੰਨੀ ਸੈੱਲ ਸਥਾਪਤ ਕਰਕੇ ਹਜ਼ਾਰਾਂ ਵਕੀਲ ਪਾਰਟੀ ਨਾਲ ਖੜ੍ਹੇ ਕਰ ਦਿੱਤੇ ਗਏ ਹਨ। ਉਨ੍ਹਾਂ ਕਈ ਵਾਰ ਸਰਕਾਰ ਤੱਕ ਵਕੀਲਾਂ ਦੀਆਂ ਸਮੱਸਿਆਵਾਂ ਲਈ ਸਮੇਂ ਦੀ ਮੰਗ ਕੀਤੀ ਪਰ ਸਰਕਾਰ ਕੋਲ ਵਕੀਲਾਂ ਲਈ 5 ਮਿੰਟ ਦਾ ਸਮਾਂ ਵੀ ਨਹੀਂ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਪੱਕੇ ਸਬੂਤ ਹਨ ਕਿ ਭਰਤੀ ਕੀਤੇ ਸਹਾਇਕ ਐਡਵੋਕੇਟ ਜਨਰਲ (ਏ.ਏ.ਜੀ.) ਵਿਚੋਂ ਬਹੁਤੇ ਕਾਂਗਰਸ ਤੇ ਹੋਰਨਾਂ ਪਾਰਟੀ ਆਗੂਆਂ ਦੇ ਰਿਸ਼ਤੇਦਾਰ ਹਨ। ਇਸ ਕਾਰਨ ਪਾਰਟੀ ਨਾਲ ਜੁੜੇ ਵਕੀਲਾਂ ਵਿਚ ਰੋਸ ਹੈ।

ਉਨ੍ਹਾਂ ਕਿਹਾ ਕਿ ਉਹ ਫਰੀਦਕੋਟ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਉਹ ਚੋਣ ਪ੍ਰਚਾਰ ਦੌਰਾਨ ਸੂਬੇ ਵਿਚ ਵਧ ਰਹੇ ਨਸ਼ੇ, ਬੇਰੁਜ਼ਗਾਰੀ, ਰੇਤਾ ਬਜਰੀ ਦੀ ਕਾਲਾਬਜ਼ਾਰੀ ਅਤੇ ਲੋਕਾਂ ਵਿਚ ਬਰਗਾੜੀ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦਾ ਮੁੱਦਾ ਲਿਜਾਣਗੇ। ਉਨ੍ਹਾਂ ਕਿਹਾ ਕਿ ਉਸ ਨੇ 'ਆਪ' ਦੀ ਲੀਡਰਸ਼ਿਪ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਗੱਲ ਅਣਸੁਣੀ ਕਰਕੇ ਇਨ੍ਹਾਂ ਗੰਭੀਰ ਮੁੱਦਿਆਂ ਨੂੰ ਛੋਟੀ ਜਿਹੀ ਗੱਲ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਜਸਟਿਸ (ਸੇਵਾਮੁਕਤ) ਜੋਰਾ ਸਿੰਘ ਦਸੰਬਰ 2018 ਵਿਚ 'ਆਪ' ਵਿੱਚ ਸ਼ਾਮਲ ਹੋਏ ਸਨ ਅਤੇ ਉਨ੍ਹਾਂ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿਚ ਜਲੰਧਰ ਰਾਖਵਾਂ ਹਲਕੇ ਤੋਂ 'ਆਪ' ਉਮੀਦਵਾਰ ਵਜੋਂ ਮੈਦਾਨ 'ਚ ਉਤਾਰਿਆ ਗਿਆ ਸੀ ਪਰ ਉਹ ਅਸਫ਼ਲ ਰਹੇ ਸਨ। ਉਨ੍ਹਾਂ ਨੂੰ 2021 ਵਿਚ 'ਆਪ' ਲੀਗਲ ਸੈੱਲ ਦਾ ਸੂਬਾ ਪ੍ਰਧਾਨ ਬਣਾਇਆ ਗਿਆ ਪਰ ਹੁਣ ਉਨ੍ਹਾਂ ਕੋਲ ਸੂਬਾਈ ਸੰਯੁਕਤ ਸਕੱਤਰ ਦਾ ਅਹੁਦਾ ਹੈ।

# ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



**ਅੰਮ੍ਰਿਤਸਰ:** ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਸਾਹਿਬ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਨਗਰ ਕੀਰਤਨ ਸਜਾਇਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸਜਾਏ ਗਏ ਨਗਰ ਕੀਰਤਨ ਵਿਚ ਗਤਕਾ ਪਾਰਟੀਆਂ ਨੇ ਕਲਾ ਦੇ ਜੌਹਰ ਦਿਖਾਏ ਤੇ ਬੈਂਡ ਪਾਰਟੀਆਂ ਨੇ ਸ਼ਬਦ ਗਾਇਨ ਕੀਤਾ। ਰਸਤੇ ਵਿਚ ਸੰਗਤ ਵੱਲੋਂ ਥਾਂ-ਥਾਂ 'ਤੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਸੰਗਤ ਲਈ ਲੰਗਰ ਲਾਏ ਗਏ। ਗੁਰੂ ਘਰ ਵਿਚ ਵੱਡੀ ਗਿਣਤੀ ਸੰਗਤ ਨੇ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸੰਗਤ ਨੂੰ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਧਰਮ ਦੀ ਰਖਵਾਲੀ ਲਈ ਅਜਿਹੀ ਮਿਸਾਲ ਹੈ ਜਿਸ ਨੂੰ ਅੱਜ ਵੀ ਸਾਰਾ ਸੰਸਾਰ ਨਤਮਸਤਕ ਹੁੰਦਾ ਹੈ।

ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਸ੍ਰੀ ਅਕਾਲ ਤਖ਼ਤ ਤੋਂ ਆਰੰਭ ਹੋਇਆ ਨਗਰ ਕੀਰਤਨ ਸ੍ਰੀ ਗੁਰੂ ਰਾਮਦਾਸ ਜੀ ਨਿਵਾਸ, ਚੌਕ ਪਰਾਗਦਾਸ, ਚੌਕ ਬਾਬਾ ਸਾਹਿਬ, ਚੌਕ ਕਰੋੜੀ, ਰਾਮਸਰ ਰੋਡ, ਚੌਕ ਜੈ ਸਿੰਘ, ਬਾਜ਼ਾਰ ਲੁਹਾਰਾਂ, ਚੌਕ ਲਛਮਣਸਰ, ਢਾਬ ਬਸਤੀ ਰਾਮ, ਚੌਕ ਛੱਤੀ ਖੂਹੀ, ਬਾਜ਼ਾਰ ਬਾਂਸਾਂ, ਬਾਜ਼ਾਰ ਪਾਪੜਾਂ, ਬਾਜ਼ਾਰ ਕਾਠੀਆਂ ਤੇ ਗੁਰੂ ਬਾਜ਼ਾਰ ਤੋਂ ਹੁੰਦਾ ਹੋਇਆ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸਮਾਪਤ ਹੋਇਆ।

## ਮਹਿਲਾ ਥਾਣੇ ਦੀ ਕੰਧ 'ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖੇ

**ਬਠਿੰਡਾ:** ਇੱਥੋਂ ਦੇ ਪ੍ਰਬੰਧਕੀ ਕੰਪਲੈਕਸ ਸਾਹਮਣੇ ਮਹਿਲਾ ਥਾਣਾ ਅਤੇ ਡਾਕਘਰ ਦੀਆਂ ਕੰਧਾਂ 'ਤੇ ਸ਼ਰਾਰਤੀ ਅਨਸਰਾਂ ਨੇ ਖਾਲਿਸਤਾਨੀ ਪੱਖੀ ਨਾਅਰੇ ਲਿਖ ਦਿੱਤੇ। ਸ਼ਰਾਰਤੀ ਅਨਸਰਾਂ ਵੱਲੋਂ ਪੁਲਿਸ ਦੇ ਇਲਾਕੇ ਵਿਚ ਖਾਲਿਸਤਾਨ ਪੱਖੀ ਨਾਅਰੇ ਲਿਖਣਾ ਵੱਡੀ ਗੱਲ ਹੈ। ਇੱਥੇ ਬਠਿੰਡਾ ਦੇ ਐਸ.ਐਸ.ਪੀ. ਸਣੇ ਹੋਰ ਉੱਚ ਅਫਸਰਾਂ ਦੇ ਦਫ਼ਤਰ ਹਨ। ਇਨ੍ਹਾਂ ਨਾਅਰਿਆਂ ਨਾਲ ਕੌਮੀ ਪਾਰਟੀਆਂ ਨੂੰ ਸਮਰਥਨ ਨਾ ਦੇਣ ਦੀ ਗੱਲ ਕਹੀ ਗਈ ਹੈ। ਇਸ ਘਟਨਾ ਦਾ ਪਤਾ ਲੱਗਦੇ ਹੀ ਪੁਲਿਸ ਅਧਿਕਾਰੀਆਂ ਨੇ ਤੁਰਤ ਨੋਟਿਸ ਲਿਆ ਤੇ ਇਨ੍ਹਾਂ ਨਾਅਰਿਆਂ ਨੂੰ ਮਿਟਾ ਦਿੱਤਾ ਗਿਆ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਪਰ ਹਾਲੇ ਤੱਕ ਸ਼ਰਾਰਤੀ ਅਨਸਰਾਂ ਬਾਰੇ ਪਤਾ ਨਹੀਂ ਲੱਗ ਸਕਿਆ ਪਰ ਜਾਂਚ ਜਾਰੀ ਹੈ।

# ਗੁਰਦੁਆਰਾ ਨਾਨਕਮਤਾ ਦੀ ਪ੍ਰਬੰਧਕ ਕਮੇਟੀ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਦੋਸ਼

**ਅੰਮ੍ਰਿਤਸਰ:** ਗੁਰਦੁਆਰਾ ਨਾਨਕਮਤਾ ਦੀ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਆਗੂਆਂ ਨੇ ਉਤਰਾਖੰਡ ਪੁਲਿਸ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਉਤਰਾਖੰਡ ਸਰਕਾਰ ਬਾਬਾ ਤਰਸੇਮ ਸਿੰਘ ਕਤਲ ਮਾਮਲੇ ਦੀ ਆੜ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿਚ ਲੈਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਸ ਸਬੰਧੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੋਸ਼ ਲਾਇਆ ਕਿ ਇਸ ਕਤਲ ਦੇ ਬਹਾਨੇ ਉਤਰਾਖੰਡ ਪੁਲਿਸ ਸਿੱਖ ਆਗੂਆਂ ਖ਼ਿਲਾਫ਼ ਨਾਜਾਇਜ਼ ਪਰਚੇ ਦਰਜ ਕਰ ਕੇ ਉਨ੍ਹਾਂ ਨੂੰ ਡਰਾ-ਧਮਕਾ ਕੇ ਉੱਥੋਂ ਦੇ ਗੁਰਧਾਮਾਂ 'ਤੇ ਕਾਬਜ਼ ਹੋਣਾ ਚਾਹੁੰਦੀ ਹੈ ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਆਖਿਆ ਕਿ ਗੁਰਦੁਆਰਾ ਨਾਨਕਮਤਾ ਦੀ ਪ੍ਰਬੰਧਕ ਕਮੇਟੀ ਦੇ ਨਾਲ ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਸਾਰਾ ਸਿੱਖ ਜਗਤ ਖੜ੍ਹਾ ਹੈ ਅਤੇ ਉਤਰਾਖੰਡ ਸਰਕਾਰ ਆਪਣੀ ਅਜਿਹੀ ਕਾਰਵਾਈ ਤੋਂ ਗੁਰੇਜ਼ ਕਰੇ। ਇਸ ਤਰ੍ਹਾਂ ਸਿੱਖ ਆਗੂਆਂ ਨੂੰ ਝੂਠੇ ਪੁਲਿਸ ਕੇਸਾਂ ਵਿਚ ਫਸਾਉਣ ਦੇ ਨਤੀਜੇ ਚੰਗੇ ਨਹੀਂ ਹੋਣਗੇ।" ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਗੁਰਦੁਆਰਾ ਕਮੇਟੀ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਤੰਗ ਪਰੇਸ਼ਾਨ ਕਰਨ ਤੋਂ ਰੋਕਣ ਅਤੇ ਸਿੱਖ ਭਾਵਨਾਵਾਂ ਨੂੰ ਸਮਝਣ। ਉਨ੍ਹਾਂ ਕਿਹਾ,"ਬਾਬਾ ਤਰਸੇਮ ਸਿੰਘ ਦਾ ਕਤਲ ਬੇਸ਼ੱਕ ਦੁੱਖਦਾਈ ਹੈ ਪ੍ਰੰਤੂ ਇਸ ਮਾਮਲੇ ਵਿਚ ਚੁਣੀ ਹੋਈ ਕਮੇਟੀ ਦੇ ਪ੍ਰਧਾਨ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਨਿਸ਼ਾਨੇ 'ਤੇ ਲੈਣਾ ਠੀਕ ਨਹੀਂ ਹੈ।" ਉਨ੍ਹਾਂ ਉੱਤਰਾਖੰਡ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਚ ਦਖ਼ਲ ਦੇਣ ਦੀ ਅਤੇ ਪੁਲਿਸ ਪ੍ਰਸ਼ਾਸਨ ਦੀਆਂ ਕਾਰਵਾਈਆਂ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਹੈ।




ਉਨ੍ਹਾਂ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁ ਗਿਣਤੀ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਸਾਂਝੇ ਤੌਰ 'ਤੇ ਪੱਤਰ ਲਿਖ ਕੇ ਇਹ ਖਦਸ਼ਾ ਪ੍ਰਗਟਾਇਆ ਹੈ ਕਿ ਸਰਕਾਰ ਬਾਬਾ ਤਰਸੇਮ ਸਿੰਘ ਕਤਲ ਮਾਮਲੇ ਦੀ ਆੜ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿਚ ਲੈਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਪ੍ਰਬੰਧਾਂ ਵਿਚ ਸਰਕਾਰੀ ਦਖ਼ਲਅੰਦਾਜ਼ੀ ਤੁਰਤ ਰੋਕੀ ਜਾਵੇ ਅਤੇ ਕਿਸੇ ਵੀ ਬੇਗੁਨਾਹ ਤੇ ਬੇਕਸੂਰ ਨੂੰ ਤੰਗ ਪਰੇਸ਼ਾਨ ਨਾ ਕੀਤਾ ਜਾਵੇ।

# ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਸਮਾਂ ਮੰਗਿਆ

**ਲਾਹੌਰ:** ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਇੱਥੇ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਮੁੱਦੇ 'ਤੇ ਹਾਈ ਕੋਰਟ ਕੋਲੋਂ ਹੋਰ ਸਮਾਂ ਮੰਗਿਆ ਹੈ। ਲਾਹੌਰ ਹਾਈ ਕੋਰਟ ਦੇ ਜੱਜ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਵੱਲੋਂ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ' ਦੀ ਇਕ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ।

ਪਟੀਸ਼ਨ ਵਿਚ ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਪ੍ਰਾਂਤ ਅਤੇ ਜ਼ਿਲ੍ਹਾ ਸਰਕਾਰਾਂ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਖ਼ਿਲਾਫ਼ ਮਾਣਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਇਮਰਾਨ ਖਾਨ ਨੇ ਸੁਣਵਾਈ ਦੌਰਾਨ ਅਦਾਲਤ ਨੂੰ ਕਿਹਾ ਕਿ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਦੇ ਨਾਮ 'ਤੇ ਰੱਖਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਵਾਸਤੇ ਸਰਕਾਰ ਨੂੰ ਹੋਰ ਸਮਾਂ ਦਿੱਤਾ ਜਾਣਾ ਚਾਹੀਦਾ ਹੈ।

ਪਟੀਸ਼ਨਰ ਦੇ ਵਕੀਲ ਖਾਲਿਦ ਜ਼ਮਾ ਕਾਕੜ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਕਾਫੀ ਦੇਰ ਹੋ ਚੁੱਕੀ ਹੈ। ਅਦਾਲਤ ਨੇ ਖਾਨ ਦੀ ਦਲੀਲ ਨੂੰ ਮਨਜ਼ੂਰ ਕਰ ਲਿਆ ਅਤੇ ਮਾਮਲੇ ਦੀ ਅਗਲੀ ਸੁਣਵਾਈ 7 ਜੂਨ ਤੱਕ ਲਈ ਮੁਲਤਵੀ ਕਰ ਦਿੱਤੀ। ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਭਗਤ ਸਿੰਘ ਨੂੰ ਬਰਤਾਨਵੀ ਸ਼ਾਸਕਾਂ ਵੱਲੋਂ 23 ਮਾਰਚ 1931 ਨੂੰ ਉਨ੍ਹਾਂ ਦੇ ਸਾਥੀਆਂ ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਸਣੇ ਫਾਂਸੀ ਦੇ ਦਿੱਤੀ ਗਈ ਸੀ। ਉਨ੍ਹਾਂ ਨੂੰ ਬਰਤਾਨਵੀ ਸ਼ਾਸਨ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ ਸੀ। ਪਹਿਲਾਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਪਰ ਬਾਅਦ ਵਿਚ ਇਕ ਹੋਰ ਮਨਘੜਤ ਕੇਸ ਵਿਚ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਭਾਰਤ ਤੇ ਪਾਕਿਸਤਾਨ ਵਿਚ ਨਾ ਸਿਰਫ਼ ਸਿੱਖ ਤੇ ਹਿੰਦੂ ਬਲਕਿ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਭਗਤ ਸਿੰਘ ਦਾ ਬਹੁਤ ਸਨਮਾਨ ਕਰਦੇ ਹਨ।



## ਪਿੰਡ ਬਰ੍ਹੇ 'ਚ ਗੁਟਕਾ ਸਾਹਿਬ ਦੀ ਬੇਅਦਬੀ

**ਮਾਨਸਾ:** ਪਿੰਡ ਬਰ੍ਹੇ ਵਿਚ ਸ੍ਰੀ ਗੁਟਕਾ ਸਾਹਿਬ ਦੇ ਅੰਗਾਂ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਬਰ੍ਹੇ-ਮੰਢਾਲੀ ਰੋਡ 'ਤੇ ਸੁੰਨਸਾਨ ਜਗ੍ਹਾ 'ਤੇ ਇਕ ਔਰਤ ਵੱਲੋਂ ਬਿਰਧ ਸ੍ਰੀ ਗੁਟਕਾ ਸਾਹਿਬ ਦੇ ਅੰਗਾਂ ਦਾ ਟੁੱਕੜਾ ਮਿਲਣ ਬਾਰੇ ਜਿਉਂ ਹੀ ਪਿੰਡ ਵਾਸੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਗੁਰਦੁਆਰੇ ਦੇ ਪ੍ਰਧਾਨ ਸੁਖਪਾਲ ਸਿੰਘ ਅਤੇ ਮੈਂਬਰ ਸਰਬਨ ਸਿੰਘ ਦੇ ਧਿਆਨ ਵਿਚ ਲਿਆਂਦਾ। ਇਸ ਤੋਂ ਬਾਅਦ ਉਹ ਅੰਗਾਂ ਨੂੰ ਸੰਭਾਲਦਿਆਂ ਗੁਰੂ ਘਰ ਲੈ ਆਏ ਤੇ ਪੁਲਿਸ ਨੂੰ ਦੱਸਿਆ। ਡੀ.ਐਸ.ਪੀ. ਮਨਜੀਤ ਔਲਖ ਅਨੁਸਾਰ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਹਿਲੇ ਗੇੜ ਦੀਆਂ ਵੋਟਾਂ ਵਿਚ 'ਇੰਡੀਆ' ਗੱਠਜੋੜ ਅੱਗੇ: ਭਗਵੰਤ ਮਾਨ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਪਹਿਲੇ ਗੇੜ ਦੀਆਂ ਲੋਕ ਸਭਾ ਚੋਣਾਂ ਵਾਸਤੇ ਪਈਆਂ ਵੋਟਾਂ ਵਿਚ ਇੰਡੀਆ ਗਠਜੋੜ ਅੱਗੇ ਚੱਲ ਰਿਹਾ ਹੈ ਅਤੇ ਹਾਕਮ ਧਿਰ ਭਾਜਪਾ ਪਿੱਛੇ ਹੈ ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰ ਵਿਚ ਵੀ ਤਬਦੀਲੀ ਆ ਗਈ ਹੈ।

ਉਨ੍ਹਾਂ ਦੋਸ਼ ਲਾਇਆ ਕਿ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚੋਣ ਪ੍ਰਚਾਰ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇੰਡੀਆ ਗਠਜੋੜ ਦੀ ਜਿੱਤ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਦੇ ਸੁਰ ਵਿਚ ਵੀ ਤਬਦੀਲੀ ਆਈ ਹੈ। ਉਹ ਹੁਣ 400 ਪਾਰ ਦੀ ਥਾਂ ਸਥਿਰ ਸਰਕਾਰ ਦਾ ਨਾਅਰਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮੰਗਲ ਸੂਤਰ ਦੇ ਨਾਂ ਉਤੇ ਵੋਟਾਂ ਮੰਗਣਾ ਸ਼ਰਮਨਾਕ ਹੈ। ਉਹਨਾਂ ਆਖਿਆ ਕਿ ਪੰਜਾਬ ਦੇ ਲੋਕ ਨਫਰਤ ਦੀ ਰਾਜਨੀਤੀ ਨੂੰ ਜਿੱਤਣ ਨਹੀਂ ਦੇਣਗੇ ਤੇ ਇਸ ਦਾ ਠੋਕਵਾਂ ਜਵਾਬ ਦੇਣਗੇ। ਉਨ੍ਹਾਂ ਨੇ ਲੋਕਾਂ ਨੂੰ ਆਪ ਦੇ ਹੱਕ ਵਿਚ ਭੁਗਤਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਵਾਰ 13-0 ਨਾਲ ਜਿੱਤ ਦਾ ਜਵਾਬ ਦਿੱਤਾ ਜਾਵੇ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਕੀਤਾ ਰੋਡ ਸ਼ੋਅ ਦਾ ਬਾਈਕਾਟ ਰੋਡ ਸ਼ੋਅ ਵਿਚ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਵਿਚੋਂ ਚਾਰ ਵਿਧਾਇਕ ਸ਼ਾਮਲ ਸਨ। ਜਦੋਂ ਕਿ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਰੋਡ ਸ਼ੋਅ ਵਿਚ ਸ਼ਾਮਲ ਨਹੀਂ ਸਨ।

# ਮੁੱਖ ਮੰਤਰੀ ਨੇ ਨਵਜੰਮੀ ਧੀ ਨਾਲ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਨਵਜੰਮੀ ਧੀ ਨਿਆਮਤ ਤੇ ਪਤਨੀ ਡਾ. ਗੁਰਪ੍ਰੀਤ ਕੌਰ ਨਾਲ ਸ੍ਰੀ ਹਰਿਮੰਦਰ ਸਾਹਿਬ 'ਚ ਮੱਥਾ ਟੇਕਿਆ ਅਤੇ ਅਰਦਾਸ ਕੀਤੀ। ਇਸ ਤੋਂ ਪਹਿਲਾਂ ਸਵੇਰੇ ਉਨ੍ਹਾਂ ਨੇ ਪਰਿਵਾਰ ਸਮੇਤ ਸ਼ਹਿਰ ਦੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ।



ਮੁੱਖ ਮੰਤਰੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਸੇ ਵੀ ਸਿਆਸੀ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇੱਥੇ ਸਿਰਫ਼ ਪੰਜਾਬ ਦੀ ਸ਼ਾਂਤੀ ਤੇ ਖ਼ੁਸ਼ਹਾਲੀ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਅੱਜ ਪ੍ਰਮਾਤਮਾ ਤੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣ ਤੇ ਰੰਗਲਾ ਪੰਜਾਬ ਲਈ ਕੰਮ ਕਰਦੇ ਰਹਿਣ ਲਈ ਬਲ ਬਖ਼ਸ਼ਣ ਦੀ ਅਰਦਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਪੰਜਾਬ ਵਿਚ ਸਾਰੇ ਧਰਮਾਂ ਅਤੇ ਵਰਗਾਂ ਦੇ ਲੋਕ ਸ਼ਾਂਤੀ ਤੇ ਮਿਲਜੁਲ ਕੇ ਰਹਿੰਦੇ ਹਨ ਤੇ ਗੁਰਪੁਰਬ, ਈਦ ਅਤੇ ਰਾਮ ਨੌਮੀ ਵਰਗੇ ਤਿਉਹਾਰ ਮਿਲ ਕੇ ਮਨਾਏ ਜਾਂਦੇ ਹਨ।

ਉਨ੍ਹਾਂ ਅੱਜ ਗੁਰੂ ਚਰਨਾਂ ਵਿਚ ਇਹੀ ਅਰਦਾਸ ਕੀਤੀ ਹੈ ਕਿ ਪੰਜਾਬੀਆਂ ਵਿਚ ਹਮੇਸ਼ਾ ਭਾਈਚਾਰਕ ਸਾਂਝ ਅਤੇ ਏਕਤਾ ਬਣੀ ਰਹੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਰੰਗਲੇ ਪੰਜਾਬ ਦੇ ਕੁਝ ਰੰਗ ਨਜ਼ਰ ਆਉਣ ਲੱਗ ਪਏ ਹਨ ਅਤੇ ਬਾਕੀ ਹੋਰ ਰੰਗਾਂ ਵੀ ਜਲਦੀ ਸਾਹਮਣੇ ਆਉਣਗੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜੇ ਬਾਰੇ ਟਿੱਪਣੀ: ਜਥੇਦਾਰ ਵੱਲੋਂ ਅੰਮ੍ਰਿਤਾ ਵੜਿੰਗ ਨੂੰ ਤਾੜਨਾ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵੱਲੋਂ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ ਨੂੰ ਗੁਰੂ ਨਾਨਕ ਦੇਵ ਜੀ ਦਾ ਪੰਜਾ ਕਹਿਣ ਦਾ ਸਖ਼ਤ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਸਖ਼ਤ ਤਾੜਨਾ ਕੀਤੀ ਹੈ ਅਤੇ ਇਸ ਗਲਤੀ ਦਾ ਤੁਰੰਤ ਪਛਤਾਵਾ ਕਰਨ ਲਈ ਆਖਿਆ।

ਜੋ ਵੀਡੀਓ ਵਾਇਰਲ ਹੋਈ ਹੈ, ਉਸ ਵਿਚ ਅੰਮ੍ਰਿਤਾ ਵੜਿੰਗ ਵੱਲੋਂ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ ਦੀ ਤੁਲਨਾ ਗੁਰੂ ਸਾਹਿਬ ਦੇ ਪੰਜੇ ਨਾਲ ਕੀਤੀ ਜਾ ਰਹੀ ਹੈ। ਇਸ ਵੀਡੀਓ ਕਾਰਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਅਕਾਲ ਤਖ਼ਤ ਨੂੰ ਸ਼ਿਕਾਇਤ ਕੀਤੀ ਹੈ ਜਿਸ ਵਿਚ ਉਨ੍ਹਾਂ ਨੇ ਅੰਮ੍ਰਿਤਾ ਵੜਿੰਗ ਖ਼ਿਲਾਫ਼ ਸਖ਼ਤ ਕਾਰਵਾਈ ਦੀ ਅਪੀਲ ਕੀਤੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਸਿਆਸੀ ਆਗੂਆਂ ਵੱਲੋਂ ਰਾਜਨੀਤਕ ਹਿੱਤਾਂ ਲਈ ਗੁਰੂ ਸਾਹਿਬਾਨ ਦੇ ਨਾਵਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਅਕਾਲ ਤਖ਼ਤ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਕਾਂਗਰਸ ਆਗੂ ਅੰਮ੍ਰਿਤਾ ਵੜਿੰਗ ਵੱਲੋਂ ਆਪਣੀ ਪਾਰਟੀ ਦੇ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਚੋਣ ਨਿਸ਼ਾਨ ਨੂੰ ਗੁਰੂ ਨਾਨਕ ਦੇਵ ਜੀ ਦਾ ਪੰਜਾ ਆਖ ਕੇ ਵੋਟਾਂ ਦੀ ਮੰਗ ਕੀਤੀ ਗਈ ਹੈ ਜਿਸ ਦੇ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਸਿੱਖ ਇਹ ਕਦੇ ਵੀ ਨਹੀਂ ਭੁੱਲ ਸਕਦੇ ਕਿ ਪੰਜਾ ਉਸ ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਹੈ ਜਿਸ ਨੇ ਅਬਦਾਲੀਆਂ ਤੋਂ ਬਾਅਦ ਸਿੱਖਾਂ ਦੀ ਭਗਤੀ-ਸ਼ਕਤੀ ਦੇ ਕੇਂਦਰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਉਤੇ ਤੋਪਾਂ ਤੇ ਟੈਂਕਾਂ ਦੇ ਨਾਲ ਹਮਲਾ ਕੀਤਾ ਸੀ ਅਤੇ 1978 ਤੋਂ 1995 ਤੱਕ ਸਿੱਖ ਨਸਲਕੁਸ਼ੀ ਕਰਕੇ ਲੱਖਾਂ ਬੇਦੋਸ਼ੇ ਤੇ ਨਿਹੱਥੇ ਸਿੱਖ ਨੌਜਵਾਨਾਂ ਦੇ ਖ਼ੂਨ ਵਿਚ ਕਾਂਗਰਸ ਦਾ ਪੰਜਾ ਰੰਗਿਆ ਹੋਇਆ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਆਖਿਆ ਕਿ ਕਾਂਗਰਸ ਵਲੋਂ ਆਪਣੇ ਰਾਜਨੀਤਕ ਮਨੋਰਥ ਲਈ ਗੁਰੂ ਸਾਹਿਬਾਨ ਦੇ ਨਾਵਾਂ ਜਾਂ ਧਾਰਮਿਕ ਚਿੰਨ੍ਹਾਂ ਦੀ ਦੁਰਵਰਤੋਂ ਹਰਗਿਜ਼ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਅਜਨਾਲਾ:** ਨੇੜਲੇ ਪਿੰਡ ਇਬਰਾਹਿਮਪੁਰਾ ਦੇ ਨੌਜਵਾਨ ਜੁਗਰਾਜ ਸਿੰਘ ਦੀ ਅਮਰੀਕਾ ਵਿਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪਰਿਵਾਰ ਦੇ ਘਰ ਪਹੁੰਚੇ, ਜਿੱਥੇ ਉਨ੍ਹਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਮ੍ਰਿਤਕ ਯੁਗਰਾਜ ਸਿੰਘ ਦੀ ਦੇਹ ਨੂੰ ਵਾਪਸ ਲਿਆਉਣ ਵਿਚ ਪਰਿਵਾਰ ਦੀ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਨੌਜਵਾਨ ਵਿਦੇਸ਼ ਵਿਚ ਰੋਜ਼ੀ ਰੋਟੀ ਕਮਾਉਣ ਲਈ ਗਿਆ ਸੀ, ਪਰ ਸੜਕ ਹਾਦਸੇ ਦੌਰਾਨ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਉਸ ਦੀ ਦੇਹ ਨੂੰ ਭਾਰਤ ਲਿਆਉਣ ਲਈ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ।

# ਪੰਨੂ ਮਾਮਲੇ 'ਚ ਅਮਰੀਕੀ ਅਖ਼ਬਾਰ ਦੀ ਖ਼ਬਰ ਨੂੰ ਬੇਲੋੜੀ ਦੱਸਿਆ

**ਵੀਂ ਦਿੱਲੀ:** ਅਮਰੀਕੀ ਅਖ਼ਬਾਰ 'ਦਿ ਵਾਸ਼ਿੰਗਟਨ ਪੋਸਟ' ਵਿਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਕਥਿਤ ਤੌਰ 'ਤੇ ਹੱਤਿਆ ਦੀ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀ ਦਾ ਨਾਂ ਲਏ ਜਾਣ ਤੋਂ ਬਾਅਦ ਭਾਰਤ ਨੇ ਕਿਹਾ ਕਿ ਖ਼ਬਰ 'ਚ ਗੰਭੀਰ ਮਾਮਲੇ ਉਤੇ ਬੇਲੋੜੇ ਤੇ ਬੇਬੁਨਿਆਦ ਦੋਸ਼ ਲਾਏ ਹਨ। ਅਖ਼ਬਾਰ ਨੇ ਬੇਨਾਮ ਸੂਤਰਾਂ ਦੇ ਹਵਾਲੇ ਨਾਲ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਸਬੰਧੀ ਰਾਅ ਦੇ ਅਧਿਕਾਰੀ ਦਾ ਨਾਂ ਲਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਰਿਪੋਰਟ ਵਿਚ ਗੰਭੀਰ ਮਾਮਲੇ ਵਿਚ ਬੇਲੋੜੇ ਅਤੇ ਬੇਬੁਨਿਆਦ ਦੋਸ਼ ਲਗਾਏ ਗਏ ਹਨ।

ਸੁਰੱਖਿਆ ਚਿੰਤਾਵਾਂ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ, ਜਿਸ ਦੀ ਜਾਂਚ ਜਾਰੀ ਹੈ। ਵਾਸ਼ਿੰਗਟਨ ਪੋਸਟ ਦੀ ਇਸ ਖਬਰ ਉਤੇ ਕਿਆਸ ਲਾਉਣ ਜਾਂ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਦੀ ਕੋਈ ਲੋੜ ਨਹੀਂ ਹੈ।'

# ਕੈਨੇਡਾ 'ਚ ਵਿਦਿਆਰਥੀ ਹਫ਼ਤੇ 'ਚ 24 ਘੰਟੇ ਕਰ ਸਕਣਗੇ ਕੰਮ

**ਓਟਵਾ:** ਕੈਨੇਡਾ ਸਰਕਾਰ ਨੇ ਭਾਰਤ ਸਣੇ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵਾਂ ਨਿਯਮ ਬਣਾਇਆ ਹੈ। ਇਸ ਨਿਯਮ ਤਹਿਤ ਹੁਣ ਅੰਤਰਰਾਸ਼ਟਰੀ ਵਿਦਿਆਰਥੀ ਹਫ਼ਤੇ ਵਿੱਚ ਸਿਰਫ 24 ਘੰਟੇ ਕਾਲਜ ਕੈਂਪਸ ਤੋਂ ਬਾਹਰ ਕੰਮ ਕਰ ਸਕਦੇ ਹਨ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਰਿਹਾ ਹੈ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਸੀ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਮਾਰਕ ਮਿਲਰ ਨੇ ਕਿਹਾ, 'ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਹਰ ਹਫ਼ਤੇ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ 30 ਅਪਰੈਲ ਨੂੰ ਖਤਮ ਹੋ ਗਈ ਹੈ। ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ। ਸਾਡਾ ਉਦੇਸ਼ ਵਿਦਿਆਰਥੀਆਂ ਦੇ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਲਿਆਉਣਾ ਹੈ ਤਾਂ ਜੋ ਉਹ ਆਪਣੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਕੇਂਦਰਤ ਕਰ ਸਕਣ।'

## ਸਾਬਕਾ ਏ.ਡੀ.ਜੀ.ਪੀ. ਗੁਰਿੰਦਰ ਢਿੱਲੋਂ ਕਾਂਗਰਸ 'ਚ ਸ਼ਾਮਲ

**ਨਵੀਂ ਦਿੱਲੀ:** ਭਾਰਤੀ ਪੁਲਿਸ ਸੇਵਾ ਦੇ ਸਾਬਕਾ ਅਧਿਕਾਰੀ ਗੁਰਿੰਦਰ ਸਿੰਘ ਢਿੱਲੋਂ ਕਾਂਗਰਸ ਵਿਚ ਸ਼ਾਮਲ ਹੋ ਗਏ। ਪੰਜਾਬ ਦੇ ਸਾਬਕਾ ਏ.ਡੀ.ਜੀ.ਪੀ ਢਿੱਲੋਂ, ਜਿਨ੍ਹਾਂ ਨੇ ਹਾਲ ਹੀ ਵਿਚ ਸਵੈ-ਇੱਛੁਕ ਸੇਵਾਮੁਕਤੀ ਲਈ ਹੈ, ਦਾ ਕਾਂਗਰਸ ਦੇ ਪੰਜਾਬ ਇੰਚਾਰਜ ਦੇਵੇਂਦਰ ਯਾਦਵ ਨੇ ਪਾਰਟੀ ਵਿਚ ਸਵਾਗਤ ਕੀਤਾ। ਸ੍ਰੀ ਢਿੱਲੋਂ ਨੇ ਕਿਹਾ ਕਿ ਕਾਂਗਰਸ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਦੇਵੇਗੀ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹ 1997 ਬੈਚ ਦੇ ਆਈ.ਪੀ.ਐਸ. ਅਧਿਕਾਰੀ ਹਨ।

# ਸੰਤ ਅਜੀਤ ਸਿੰਘ ਦਾ ਪੋਤਾ ਚੋਣ ਲੜੇਗਾ

**ਚੰਡੀਗੜ੍ਹ:** ਸਾਬਕਾ ਵਿਧਾਇਕ ਸੰਤ ਅਜੀਤ ਸਿੰਘ ਦੇ ਪੋਤੇ ਤੇ ਸਾਬਕਾ ਕਾਂਗਰਸੀ ਆਗੂ ਗੁਰਿੰਦਰਜੀਤ ਸਿੰਘ ਸੈਣੀ ਨੇ ਲੋਕ ਸਭਾ ਹਲਕੇ ਆਨੰਦਪੁਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਗੁਰਿੰਦਰਜੀਤ ਸਿੰਘ ਸੈਣੀ ਨੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀਆਂ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਮੌਕੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ, ਪਰ ਚੋਣਾਂ ਜਿੱਤਣ ਮਗਰੋਂ ਕੁਝ ਵੀ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਲੋਕ ਸਭਾ ਚੋਣਾਂ ਲਈ ਪ੍ਰਚਾਰ ਵਿਚ ਡਟੀਆਂ ਹੋਈਆਂ ਹਨ, ਪਰ ਕਿਸੇ ਵੀ ਸਿਆਸਤਦਾਨ ਵੱਲੋਂ ਪੰਜਾਬ ਦੇ ਬੁਨਿਆਦੀ ਮੁੱਦਿਆਂ ਨੂੰ ਚੁੱਕਿਆ ਨਹੀਂ ਜਾ ਰਿਹਾ। ਸ੍ਰੀ ਸੈਣੀ ਨੇ ਕਿਹਾ ਕਿ ਉਹ ਪੰਜਾਬ ਦੇ ਬੁਨਿਆਦੀ ਮੁੱਦੇ ਪਾਣੀ, ਵਾਤਾਵਰਨ, ਬੇਰੁਜ਼ਗਾਰੀ, ਨਸ਼ਿਆਂ ਸਣੇ ਹੋਰਨਾਂ ਲੋਕ ਪੱਖੀ ਮੁੱਦਿਆਂ ਨੂੰ ਲੋਕ ਸਭਾ ਵਿਚ ਚੁੱਕਣਗੇ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਹਰ ਸਾਲ ਆਨੰਦਪੁਰ ਸਾਹਿਬ ਦੇ ਲੋਕਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਕੋਈ ਵੀ ਸਿਆਸਤਦਾਨ ਉਸ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੈ।

## ਅਕਾਲੀ ਦਲ ਪਿੱਛੇ ਏਜੰਸੀਆਂ ਲੱਗੀਆਂ !

*(ਪਹਿਲੇ ਸਫੇ ਦੀ ਬਾਕੀ)*

ਹੁਣ ਵੀ ਅਕਾਲੀ ਦਲ ਨੇ ਭਾਜਪਾ ਨਾਲ ਗੱਠਜੋੜ ਨਾ ਕਰਨ ਦਾ ਫੈਸਲਾ ਇਸ ਕਰ ਕੇ ਲਿਆ ਹੈ ਕਿਉਂਕਿ ਉਹ ਸਿੱਖ ਪੰਥ ਤੇ ਪੰਜਾਬ ਨੂੰ ਨਿਆਂ ਨਹੀਂ ਦੇ ਰਹੀ। ਸੁਖਬੀਰ ਨੇ ਭਾਜਪਾ ਵੱਲੋਂ ਸਿੱਖ ਧਾਰਮਿਕ ਸੰਸਥਾਵਾਂ 'ਤੇ ਕਬਜ਼ਾ ਕਰਨ ਦੀ ਵੀ ਨਿਖੇਧੀ ਕਰਦਿਆਂ ਕਿਹਾ ਕਿ ਮਹਾਰਾਸ਼ਟਰ ਵਿਚ ਭਾਜਪਾ ਸਰਕਾਰ ਨੇ ਹਜ਼ੂਰ ਸਾਹਿਬ ਗੁਰਦੁਆਰਾ ਪ੍ਰਬੰਧਕ ਬੋਰਡ ਨਾਲ ਛੇੜਛਾੜ ਕਰ ਕੇ ਇਸ ਵਿਚ 12 ਸਰਕਾਰੀ ਮੈਂਬਰ ਨਾਮਜ਼ਦ ਕਰ ਲਏ ਤਾਂ ਕਿ ਇਸ 'ਤੇ ਕਬਜ਼ਾ ਕੀਤਾ ਜਾ ਸਕੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜ ਕੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਾ ਦਿੱਤੀ ਗਈ ਹੈ।

## ਅਕਾਲੀ ਦਲ ਨੂੰ ਹੁਣ ਨਵੀਂ ਚੁਣੌਤੀ

*(ਪਹਿਲੇ ਸਫੇ ਦੀ ਬਾਕੀ)*

ਵੋਟਾਂ ਦੇ ਫਰਕ ਨਾਲ ਜਿੱਤ ਕੇ ਦਾਖਲਾ ਪਾਇਆ। 1992 'ਚ ਅਕਾਲੀ ਦਲ ਦੇ ਬਾਈਕਾਟ ਦੌਰਾਨ ਕਾਂਗਰਸ ਦੇ ਸੁਰਿੰਦਰ ਸਿੰਘ ਕੈਰੋਂ ਇਸ ਹਲਕੇ ਤੋਂ ਐਮ.ਪੀ. ਬਣ ਕੇ ਲੋਕ ਸਭਾ ਗਏ। ਮੁੜ 1996 'ਚ ਅਕਾਲੀ ਦਲ ਦੇ ਮੇਜਰ ਸਿੰਘ ਉਬੋਕੇ, 1998 'ਚ ਤਰਲੋਚਨ ਸਿੰਘ ਤੁੜ, 1999 'ਚ ਮੁੜ ਤਰਲੋਚਨ ਸਿੰਘ ਤੁੜ ਸੰਸਦ ਮੈਂਬਰ ਬਣ ਕੇ ਲੋਕ ਸਭਾ ਪਹੁੰਚੇ ਅਤੇ 2004 'ਚ ਵੀ ਅਕਾਲੀ ਦਲ ਦੇ ਡਾ. ਰਤਨ ਸਿੰਘ ਅਜਨਾਲਾ ਨੂੰ ਇਸ ਹਲਕੇ ਤੋਂ ਜਿੱਤ ਮਿਲੀ।

2009 'ਚ ਇਹ ਹਲਕਾ ਖਡੂਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਅਤੇ ਮੁੜ ਦੋ ਵਾਰ ਅਕਾਲੀ ਦਲ ਦੇ ਡਾ. ਰਤਨ ਸਿੰਘ ਅਜਨਾਲਾ ਅਤੇ 2014 'ਚ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਇਸ ਹਲਕੇ ਤੋਂ ਸੰਸਦ ਮੈਂਬਰ ਬਣਨ ਵਿਚ ਕਾਮਯਾਬ ਹੋਏ। 2017 'ਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣੀ ਅਤੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਹਲਕੇ ਤੋਂ ਕਾਂਗਰਸ ਨੇ ਜਸਬੀਰ ਸਿੰਘ ਡਿੰਪਾ ਨੂੰ ਉਮੀਦਵਾਰ ਬਣਾਇਆ ਜਿਨ੍ਹਾਂ ਨੇ ਅਕਾਲੀ ਦਲ ਦੀ ਜਾਗੀਰ ਕੌਰ ਨੂੰ ਮਾਤ ਦੇ ਕੇ 42 ਸਾਲ ਬਾਅਦ ਕਾਂਗਰਸ ਨੂੰ ਸਿੱਧੀ ਲੜਾਈ ਦੌਰਾਨ ਜਿੱਤ ਦਿਵਾਉਣ ਵਿਚ ਸਫਲ ਰਹੇ।

ਇਸ ਹਲਕੇ ਵਿਚ ਹੁਣ ਵੀ ਹਾਲਾਤ 2019 ਵਾਲੇ ਬਣ ਰਹੇ ਹਨ। ਅੰਮ੍ਰਿਤਪਾਲ ਸਿੰਘ ਦੀ ਜਿੱਤ-ਹਾਰ ਇਕ ਪਾਸੇ, ਪਰ ਵੰਡੀ ਗਈ ਪੰਥਕ ਵੋਟ ਅਕਾਲੀ ਦਲ ਨੂੰ ਵੱਡੀ ਸੱਟ ਮਾਰ ਸਕਦੀ ਹੈ।

# ਜੇਲ੍ਹ ਵਿਚੋਂ ਕੇਜਰੀਵਾਲ ਦਾ ਸੁਨੇਹਾ ਲੈ ਕੇ ਆਏ ਭਗਵੰਤ ਮਾਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦੇ ਆਪਣੇ ਹਮਰੁਤਬਾ ਅਰਵਿੰਦ ਕੇਜਰੀਵਾਲ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਅਤੇ ਕਿਹਾ ਕਿ 'ਆਪ' ਸੁਪਰੀਮੋ ਨੇ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਵਿਚ ਇੰਡੀਆ ਗਠਜੋੜ ਦੇ ਉਮੀਦਵਾਰਾਂ ਲਈ ਸਰਗਰਮੀ ਨਾਲ ਪ੍ਰਚਾਰ ਕਰਨ ਲਈ ਕਿਹਾ ਹੈ। ਮਾਨ ਨੇ ਪੱਤਰਕਾਰਾਂ ਨੂੰ ਇਹ ਵੀ ਦੱਸਿਆ ਕਿ ਸ੍ਰੀ ਕੇਜਰੀਵਾਲ ਦੀ ਸਿਹਤ ਠੀਕ ਹੈ ਅਤੇ ਉਹ ਇਨਸੁਲਿਨ ਲੈ ਰਹੇ ਹਨ। ਦਿੱਲੀ ਦੇ ਮੁੱਖ ਮੰਤਰੀ ਨੇ ਲੋਕਾਂ ਨੂੰ ਉਨ੍ਹਾਂ ਦੀ ਚਿੰਤਾ ਨਾ ਕਰਨ ਅਤੇ ਚੋਣਾਂ ਦੌਰਾਨ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਕਿਹਾ ਹੈ। ਪੰਦਰਵਾੜੇ ਵਿਚ ਸ੍ਰੀ ਮਾਨ ਦੀ ਸ੍ਰੀ ਕੇਜਰੀਵਾਲ ਨਾਲ ਜੇਲ੍ਹ ਵਿਚ ਇਹ ਦੂਜੀ ਮੁਲਾਕਾਤ ਹੈ। ਸ੍ਰੀ ਕੇਜਰੀਵਾਲ ਪਹਿਲੀ ਅਪਰੈਲ ਤੋਂ ਆਬਕਾਰੀ ਨੀਤੀ ਨਾਲ ਜੁੜੇ ਮਨੀ-ਲਾਂਡਰਿੰਗ ਮਾਮਲੇ ਵਿਚ ਨਿਆਇਕ ਹਿਰਾਸਤ ਅਧੀਨ ਤਿਹਾੜ ਜੇਲ੍ਹ ਵਿਚ ਹਨ।

## 12ਵੀਂ ਦੇ ਨਤੀਜਿਆਂ 'ਚ ਐਤਕੀਂ ਮੁੰਡਿਆਂ ਨੇ ਮਾਰੀ ਬਾਜ਼ੀ

**ਮੁਹਾਲੀ:** ਪੰਜਾਬ ਸਕੂਲ ਸਿੱਖਿਆ ਬੋਰਡ ਨੇ ਅੱਠਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਹੈ। ਬਾਰ੍ਹਵੀਂ ਵਿਚ ਲੁਧਿਆਣਾ ਦੇ ਏਕਮਪ੍ਰੀਤ ਸਿੰਘ ਨੇ ਪਹਿਲਾ ਸਥਾਨ ਮੱਲ ਕੇ ਇਸ ਵਾਰ ਮੁੰਡਿਆਂ ਦੀ ਲਾਜ ਰੱਖ ਲਈ। ਦੂਜੇ ਸਥਾਨ 'ਤੇ ਸ੍ਰੀ ਮੁਕਤਸਰ ਸਾਹਿਬ ਦਾ ਰਵੀਉਦੈ ਸਿੰਘ ਤੇ ਬਠਿੰਡਾ ਦਾ ਅਸ਼ਵਨੀ ਤੀਜੇ ਸਥਾਨ 'ਤੇ ਰਿਹਾ। ਪਹਿਲੇ ਦੋ ਸਥਾਨਾਂ ਵਾਲਿਆਂ ਨੇ ਸੌ ਫੀਸਦ ਅੰਕ ਲਏ ਜਦਕਿ ਤੀਜੇ ਨੰਬਰ ਵਾਲੇ ਨੇ 99.80 ਫੀਸਦ ਅੰਕ ਹਾਸਲ ਕੀਤੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# PAO Punjabi American Organization

‘ਪੰਜਾਬ ਟਾਈਮਜ਼’ ਨੂੰ ਨਿਰਵਿਘਨ 25 ਸਾਲ ਪੂਰੇ ਕਰ ਲੈਣ ’ਤੇ ਪੰਜਾਬੀ ਅਮੈਰੀਕਨ ਆਰਗੇਨਾਈਜ਼ੇਸ਼ਨ (ਪਾਓ) ਦੀ ਸਾਰੀ ਟੀਮ ਵਲੋਂ ਪੰਜਾਬ ਟਾਈਮਜ਼ ਦੀ ਟੀਮ ਅਤੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ। ਸਾਡੀ ਸੰਸਥਾ ਦਾ ਸਹਿਯੋਗ ਹਮੇਸ਼ਾਂ ‘ਪੰਜਾਬ ਟਾਈਮਜ਼’ ਨੂੰ ਮਿਲਦਾ ਰਹੇਗਾ।


Minni Multani


Raj Mago


Sukhi Singh


Naina Singh


Joti Khaira


Kamal Hunjan


Pammi Sangha


Jasmeet Suga


Sheetal Kalra


Jolly Dandona


Jeewan Dhami


Rosy Rehal

**More Members:** Prabh Khaira, Neiha Walia, Pinki walia, Shalu

**Managing Directors:** Gulzar S Multani, Minni Multani, Inder Hunjan, Jesse Singh, Davinder Singh, Jasbir Suga


## Dhillon Travel Plaza
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਰੋਡ ਸਰਵਿਸ

New & Used Tires
Oil Change


ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph: 571-606-0829, 317-242-9936



## Vaisakhi Bazaar 2024

Sunday May 19th, 2024
11:00am to 6:00pm
Radisson Hotel Southfield-Detroit
26555 Telegraph Rd, Southfield, MI 48033



Food
Jewelry
Fashion Clothing

Free Entry & Parking

Family event

For More booth Information:
Freddy Colah (248) 759 7588
Beena Gandhi (248) 670 0804
Girish Gandhi (810) 772 3788
Email: Bombayeventsllc@gmail.com

SPONSORS

Radisson, Vishv UMIYA Foundation, MEDIA SPONSOR miindia.com, FH Fahad Huss, Pande, New Bombay Grocers Inc, RANGOLI, Tata Tea, Haldiram's

# ਸੱਭਿਆਚਾਰਕ ਰੰਗ ਵਿਚ ਰੰਗਿਆ ਪੀ.ਸੀ.ਐੱਸ. ਦਾ 'ਰੰਗਲਾ ਪੰਜਾਬ'

## ਵਿਸਾਖੀ ਮੇਲੇ ਨੇ ਪੰਜਾਬ ਦੀ ਯਾਦ ਕਰਾਈ ਤਾਜ਼ਾ; ਗਿੱਧੇ, ਭੰਗੜੇ, ਗੀਤਾਂ ਦੀਆਂ ਪੇਸ਼ਕਾਰੀਆਂ ਨੇ ਦਰਸ਼ਕ ਕੀਲੇ








**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਮੇਲਾ, ਸ਼ਬਦ ਸੁਣਦਿਆਂ ਹੀ ਪੰਜਾਬੀਆਂ ਦੇ ਚਿਹਰਿਆਂ 'ਤੇ ਰੌਣਕ ਆ ਜਾਂਦੀ ਹੈ ਤੇ ਉੱਤੋਂ ਜੇ ਮੇਲਾ ਵਿਸਾਖੀ ਦਾ ਹੋਵੇ, ਫੇਰ ਤਾਂ ਪੰਜਾਬੀ ਧਨੀ ਰਾਮ ਚਾਤ੍ਰਿਕ ਦੀ ਮਸ਼ਹੂਰ ਕਵਿਤਾ

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ









ਅਨੁਸਾਰ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਹੁਮਾਹੁਮਾ ਕੇ ਹੱਸਦੇ-ਗਾਉਂਦੇ, ਨੱਚਦੇ-ਟੱਪਦੇ ਵਿਸਾਖੀ ਦਾ ਮੇਲਾ ਵੇਖਣ ਪੁੱਜਦੇ ਨੇ।

ਸ਼ਿਕਾਗੋਲੈਂਡ 'ਚ ਭਾਵੇਂ ਕਈ ਮੇਲੇ ਲੱਗਦੇ ਨੇ ਪਰ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ ਸੀ ਐੱਸ), ਵਲੋਂ ਹਰ ਸਾਲ ਮਨਾਈ ਜਾਂਦੀ ਵਿਸਾਖੀ ਦੀ ਗੱਲ ਹੀ ਵੱਖਰੀ ਹੈ। ਐਤਕੀਂ ਤਾਂ ਵਿਸਾਖੀ ਮੇਲੇ ਨੂੰ ਹੋਰ ਵੀ ਰੰਗ ਚੜ੍ਹਿਆ, ਪੀਸੀਐਸ ਦੀ 30ਵੀਂ ਵਰ੍ਹੇਗੰਢ ਜੋ ਸੀ। 20 ਅਪਰੈਲ ਦੀ ਸ਼ਾਮ ਕਾਪਰਨਿਕਸ ਸੈਂਟਰ, ਸ਼ਿਕਾਗੋ ਵਿਖੇ 1200 ਤੋਂ ਵੱਧ ਦਰਸ਼ਕਾਂ ਨੇ ਹਾਜ਼ਰੀ ਭਰ ਕੇ ਖੂਬ ਰੌਣਕਾਂ ਲਾਈਆਂ। ਪੀਸੀਐਸ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਵਲੋਂ ਕਰਵਾਏ ਜਾਂਦੇ 'ਰੰਗਲਾ ਪੰਜਾਬ' ਨੂੰ ਸ਼ਿਕਾਗੋ ਖੇਤਰ ਦਾ ਇਕਲੌਤਾ ਸਭ ਤੋਂ ਵੱਡਾ ਸਾਲਾਨਾ ਪੰਜਾਬੀ ਸੱਭਿਆਚਾਰਕ ਸਮਾਗਮ ਹੋਣ ਦਾ ਮਾਣ ਹਾਸਲ ਹੈ। ਮੇਲੇ ਵਿਚ ਇਲੀਨੋਇ ਤੋਂ ਇਲਾਵਾ ਇੰਡੀਆਨਾ ਅਤੇ ਵਿਸਕਾਨਸਿਨ ਤੋਂ ਪੁੱਜੇ ਦਰਸ਼ਕਾਂ ਨੇ ਇਸ ਨੂੰ ਚਾਰ ਚੰਨ ਲਾਏ। ਇਹ ਸਮਾਗਮ ਪੀਸੀਐਸ ਅਧਿਕਾਰੀਆਂ ਵਲੋਂ ਬਹੁਤ ਸਾਰੇ ਕੋਆਰਡੀਨੇਟਰਾਂ, ਵਾਲੰਟੀਅਰਾਂ ਅਤੇ ਸਪਾਂਸਰਾਂ ਦੀ ਮਦਦ ਅਤੇ ਸਹਿਯੋਗ ਨਾਲ ਕਰਵਾਇਆ ਗਿਆ।

ਐਤਕੀਂ ਮੇਲੇ ਵਿਚ ਕੁਲ 31 ਆਈਟਮਾਂ ਸਨ, ਜੋ ਦੋ ਭਾਗਾਂ ਵਿਚ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚ ਪੰਜਾਬੀ ਲੋਕ ਨਾਚ ਭੰਗੜਾ ਅਤੇ ਗਿੱਧਾ, ਪੰਜਾਬੀ ਲੋਕ ਸੰਗੀਤ ਅਤੇ ਗੀਤ ਸ਼ਾਮਲ ਸੀ। ਰਿਕਾਰਡ 350 ਬੱਚਿਆਂ ਅਤੇ ਨੌਜਵਾਨਾਂ ਨੇ ਭੰਗੜੇ ਅਤੇ ਗਿੱਧੇ ਵਿਚ ਧਮਾਲਾਂ ਪਾਈਆਂ। ਸੱਜ-ਫੱਬ ਕੇ ਮੇਲੇ ਵਿਚ ਪੁੱਜੇ ਮੇਲੀ ਤੇ ਮੇਲਣਾਂ, ਰੰਗ-ਬਿਰੰਗੇ ਕੁੜਤੇ-ਚਾਦਰਿਆਂ, ਪੰਜਾਬੀ ਸੂਟਾਂ, ਲਾਚਿਆਂ ਵਿਚ ਸਜੇ ਬੱਚੇ ਤੇ ਗੱਭਰੂ-ਮੁਟਿਆਰਾਂ ਵਲੋਂ ਪੇਸ਼ਕਾਰੀਆਂ ਲਈ ਵਰਤੇ ਗਏ, ਚਰਖੇ, ਘੜੇ, ਪੱਖੀਆਂ, ਬਾਲਟੀਆਂ, ਢੋਲ ਆਦਿ ਦੇਖ ਕੇ ਇੰਜ ਮਹਿਸੂਸ ਹੋ ਰਿਹਾ ਸੀ ਪੰਜਾਬ ਵਿਚ ਹੀ ਵਿਸਾਖੀ ਦੇ ਮੇਲੇ ਦਾ ਅਨੰਦ ਮਾਣ ਰਹੇ ਹੋਈਏ। ਭੰਗੜੇ ਅਤੇ ਗਿੱਧੇ ਦੀਆਂ ਧੁਨਾਂ, ਝੂਮਰ ਦੀਆਂ ਮਨਮੋਹਕ ਤਾਲਾਂ, ਮਲਵਈ ਗਿੱਧੇ ਵਿਚ ਪੈਂਦੀਆਂ ਬੋਲੀਆਂ, ਸੁਰੀਲੇ ਗੀਤਾਂ ਅਤੇ ਉੱਚ ਪੱਧਰੀ ਪੇਸ਼ਕਾਰੀਆਂ ਨੇ ਇਸ ਨੂੰ ਸੱਚਮੁੱਚ 'ਰੰਗਲੀ ਸ਼ਾਮ' ਬਣਾ ਦਿੱਤਾ।

ਕਾਪਰਨਿਕਸ ਸੈਂਟਰ ਦੇ ਵੱਡੇ ਹਾਲ ਦੀ ਅਸਮਾਨੀਂ ਰੰਗੀ ਚਿੱਟੀਆਂ ਲਾਈਟਾਂ ਨਾਲ ਜਗਮਗ ਕਰਦੀ ਛੱਤ ਤਾਰਿਆਂ ਨਾਲ ਭਰੇ ਨੀਲੇ ਅੰਬਰ ਦਾ ਭੁਲੇਖਾ ਪਾ ਰਹੀ ਸੀ। ਇਹ ਅਲੌਕਿਕ ਨਜ਼ਾਰਾ ਨੀਲੇ ਅੰਬਰ ਦੀ ਚਾਦਰ ਹੇਠਾਂ ਬੈਠ ਕੇ ਮੇਲਾ ਵੇਖਣ ਵਾਂਗ ਪ੍ਰਤੀਤ ਹੋ ਰਿਹਾ ਸੀ।

ਖਚਾ-ਖਚ ਭਰੇ ਹਾਲ ਵਿਚ ਦਰਸ਼ਕਾਂ ਨੇ ਤਾਂ ਆਪਣੀਆਂ ਸੀਟਾਂ ਮੱਲ ਲਈਆਂ ਸਨ, ਪਰ ਪ੍ਰੋਗਰਾਮ ਥੋੜ੍ਹਾ ਦੇਰੀ ਨਾਲ ਸ਼ੁਰੂ ਹੋਇਆ। ਆਡੀਟੋਰੀਅਮ ਵਿਚ ਦਰਸ਼ਕ ਪ੍ਰੋਗਰਾਮ ਦੀ ਸ਼ੁਰੂਆਤ ਹੋਣ ਦੀ ਉਡੀਕ ਕਰਦਿਆਂ ਆਪਸ ਵਿਚ ਹਾਸਾ-ਠੱਠਾ ਕਰ ਕੇ ਮਾਹੌਲ ਨੂੰ ਖੁਸ਼ਨੁਮਾ ਬਣਾ ਰਹੇ ਸਨ।

ਇਸ ਪ੍ਰੋਗਰਾਮ ਲਈ ਭਾਗ ਲੈਣ ਵਾਲੇ ਬੱਚੇ, ਉਨ੍ਹਾਂ ਦੇ ਮਾਪੇ ਅਤੇ ਕੋ-ਆਰਡੀਨੇਟਰਾਂ ਦੀ ਪਿਛਲੇ 5 ਮਹੀਨਿਆਂ ਦੀ ਮਿਹਨਤ ਦਾ ਅੰਦਾਜ਼ਾ ਦਰਸ਼ਕਾਂ/ਮਾਪਿਆਂ ਦੀਆਂ ਤਾੜੀਆਂ, ਬੜ੍ਹਕਾਂ ਅਤੇ ਸੀਟੀਆਂ ਤੋਂ ਹੀ ਲਾਇਆ ਜਾ ਸਕਦਾ ਸੀ।

ਪੀ.ਸੀ.ਐੱਸ. ਦੇ 'ਰੰਗਲਾ ਪੰਜਾਬ' ਦੀ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰਨਾਂ ਕਮਿਊਨਿਟੀਜ਼ ਦੇ ਲੋਕਾਂ ਨੂੰ ਵੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਇਹ ਮੇਲਾ ਜਿੱਥੇ ਪੰਜਾਬੀਆਂ ਦੀ ਸ਼ਾਨ ਹੈ ਉਥੇ ਭਾਈਚਾਰਕ ਸਾਂਝ ਦਾ ਵੀ ਪ੍ਰਤੀਕ ਹੈ ਕਿਉਂਕਿ ਮੇਲੇ ਵਿਚ ਪੰਜਾਬੀਆਂ ਤੋਂ ਇਲਾਵਾ ਮਹਾਰਾਸ਼ਟਰ, ਗੁਜਰਾਤ ਅਤੇ ਸਾਊਥ ਇੰਡੀਅਨ ਕਮਿਊਨਿਟੀ ਦੇ ਕਲਾਕਾਰ ਵੀ ਹਿੱਸਾ ਲੈਂਦੇ ਹਨ।

30ਵੇਂ 'ਰੰਗਲਾ ਪੰਜਾਬ' ਦੀ ਸ਼ੁਰੂਆਤ ਬਿਕਰਮ ਸਿੰਘ ਸੋਹੀ ਨੇ ਸਟੇਜ ਸੰਭਾਲਦਿਆਂ ਕੀਤੀ। ਉਨ੍ਹਾਂ ਸਭ ਤੋਂ ਪਹਿਲਾਂ ਪੀ ਸੀ ਐੱਸ ਦੇ ਵਾਈਸ ਪ੍ਰੈਜ਼ੀਡੈਂਟ ਨਵਤੇਜ ਸਿੰਘ ਸੋਹੀ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਇਆ। ਨਵਤੇਜ ਸਿੰਘ ਸੋਹੀ ਨੇ ਪੀ ਸੀ ਐਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਇਸ ਦੇ ਫਾਊਂਡਰਾਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਵਿਚ ਸਭ ਤੋਂ ਪਹਿਲਾਂ ਮਿਨੀ ਸਿੰਘ ਨੇ ਸਟੇਜ ਤੋਂ ਅਮਰੀਕਨ ਨੈਸ਼ਨਲ ਐਂਥਮ ਗਾਇਆ ਤੇ ਸਾਰੇ ਦਰਸ਼ਕਾਂ ਨੇ ਖੜ੍ਹੇ ਹੋ ਕੇ ਉਸ ਦਾ ਸਾਥ ਦਿੱਤਾ। ਮਗਰੋਂ ਬੱਚਿਆਂ ਗੁਰਲੀਨ ਧਾਲੀਵਾਲ, ਸਚਲੀਨ ਧਾਲੀਵਾਲ, ਤਨਵੀਰ ਕੌਰ, ਜਸਕੀਰਤ ਸਿੰਘ, ਸਾਹਿਬ ਸਿੰਘ ਅਤੇ ਨਵਪ੍ਰੀਤ ਸਿੰਘ ਨੇ ਗੁਰਦੁਆਰਾ ਵ੍ਹੀਟਨ ਦੇ ਹੈੱਡ ਗ੍ਰੰਥੀ ਭਾਈ ਮੋਹਿੰਦਰ ਸਿੰਘ ਵਲੋਂ ਤਿਆਰ ਕਰਵਾਇਆ ਸ਼ਬਦ 'ਦੇਹ ਸਿਵਾ ਬਰ ਮੋਹਿ ਇਹੈ' ਦਾ ਗਾਇਨ ਕੀਤਾ। ਸਕਰੀਨ 'ਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਤਸਵੀਰ ਅਲੌਕਿਕ ਦ੍ਰਿਸ਼ ਪੇਸ਼ ਕਰ ਰਹੀ ਸੀ।

ਸੋਹਣੇ ਸੂਟਾਂ 'ਚ ਸਜੀਆਂ ਐਮ ਸੀ ਗੁਰਨਾਜ਼ ਸੋਹੀ ਅਤੇ ਹਰਸਿਮਰਨ ਸੋਹੀ ਨੇ ਸਭਨਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੰਦਿਆਂ ਕੁਝ ਸ਼ੇਅਰਾਂ 'ਹਵਾ ਦੇ ਹੁਲਾਰੇ ਨਾਲ ਡੋਲ ਬੱਲੀਏ, ਭੰਗੜੇ 'ਚ ਵੱਜਦੇ ਨੇ ਢੋਲ ਬੱਲੀਏ' ਨਾਲ ਹੋਰ ਕਈ ਸ਼ੇਅਰ ਸੁਣਾ ਕੇ ਮੰਚ ਨੂੰ ਬਾਖੂਬੀ ਸੰਭਾਲਿਆ। ਉਨ੍ਹਾਂ ਸੱਭਿਆਚਾਰਕ ਪ੍ਰੋਗਰਾਮ ਦੀ ਪਹਿਲੀ ਟੀਮ 'ਨਵੀਂ ਪਨੀਰੀ' ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਰੰਗ ਬਿਰੰਗੀਆਂ ਪੁਸ਼ਾਕਾਂ 'ਚ ਸਜੇ ਇਸ ਟੀਮ ਦੇ ਛੋਟੇ-ਛੋਟੇ ਬੱਚਿਆਂ ਨੇ ਜਦੋਂ 'ਭੰਗੜਾ ਪਊਗਾ ਹੈਵੀ ਵੇਟ ਜੱਟੀਏ' 'ਤੇ ਭੰਗੜਾ ਪਾਉਣਾ ਸ਼ੁਰੂ ਕੀਤਾ ਤਾਂ ਦਰਸ਼ਕਾਂ ਨੇ ਤਾੜੀਆਂ, ਕੂਕਾਂ, ਸੀਟੀਆਂ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਹ ਨੰਨ੍ਹੇ-ਮੁੰਨੇ ਵਾਕਈ 'ਨਵੀਂ ਪਨੀਰੀ ਵਾਂਗ ਖਿੜੇ ਲੱਗ ਰਹੇ ਸਨ। ਮਗਰੋਂ ਇਕ ਤੋਂ ਬਾਅਦ ਇਕ ਪਹਿਲੇ ਰਾਊਂਡ ਦੀਆਂ 17 ਟੀਮਾਂ - 'ਗੱਭਰੂ ਚੰਨ ਵਰਗੇ', 'ਨੱਚਦਾ ਪੰਜਾਬ', 'ਰੂਹ ਪੰਜਾਬ ਦੀ', 'ਪੰਜ ਆਬ', 'ਅਸ਼ਕੇ ਭੰਗੜਾ ਕਲੱਬ ਸ਼ਿਕਾਗੋ', 'ਵਿਰਸੇ ਦੇ ਵਾਰਿਸ', 'ਟੀਮ ਰਾਵੀ', 'ਫੋਕ ਭੰਗੜਾ ਕਰਿਊ', 'ਕੁੜੀਆਂ ਚਿੜੀਆਂ ਦਾ ਗਿੱਧਾ', 'ਟੀਮ ਮੁਲਤਾਨ', 'ਸ਼ੌਂਕੀ ਭੰਗੜੇ ਦੇ', 'ਵੱਖਰਾ ਸਵੈਗ', 'ਭੰਗੜਾ ਰ੍ਹਾਈਮਜ਼ ਸ਼ਿਕਾਗੋ' ਦੇ ਬੱਚਿਆਂ, ਗੱਭਰੂ-ਮੁਟਿਆਰਾਂ ਨੇ 'ਨੀਂ ਮੈਂ ਤੇਰੇ ਨਾਲੋਂ ਸੋਹਣਾ ਕੋਈ ਵੀ ਵੇਖਿਆ ਨਾ', 'ਚੰਨ ਜਿਹੇ ਗੱਭਰੂ', 'ਜਿਹੜਾ ਘੁੰਮੇਗਾ ਜੱਟੀ ਦੀ ਬਾਂਹ ਫੜ ਕੇ', 'ਪੰਜ ਸੱਤ ਮੁੰਡੇ ਸਰਦਾਰ ਖੜ੍ਹੇ ਨੇ','ਰੰਗਲੇ ਪੰਜਾਬ ਦੀ ਸਿਫਤ ਸੁਣਾਵਾਂ', ਆ ਗਏ ਪੱਗਾਂ ਬੋਚਵੀਆਂ ਵਾਲੇ', ਜਿੱਥੋਂ ਦੀ ਲੰਘ ਜਾਣ ਗੱਭਰੂ ਨੀ', 'ਝੂਮਰ', 'ਮੈਨੂੰ ਸ਼ੇਰ ਪੰਜਾਬੀ ਆਖਦੇ', 'ਭੰਗੜਾ ਪਊਗਾ ਹੈਵੀ ਵੇਟ ਜੱਟੀਏ ਨੀ', 'ਮਰਜਾਣੀ ਤਾਰਿਆਂ ਨੂੰ ਕਰੇ ਟਿੱਚਰਾਂ', 'ਚੁੰਨੀ ਮੇਰੀ ਰੰਗ ਦੇ ਲਲਾਰੀਆ', 'ਬੋਲੀਆਂ', 'ਮਿੱਤਰਾਂ 'ਤੇ ਕੇਸ ਚੱਲਦਾ', ਗੀਤਾਂ 'ਤੇ ਵਧੀਆ ਭੰਗੜੇ ਦੀ ਪੇਸ਼ਕਾਰੀ ਦਿੱਤੀ। ਕੁੜੀਆਂ-ਚਿੜੀਆਂ ਨੇ ਵੀ ਬੋਲੀਆਂ 'ਤੇ ਗਿੱਧਾ ਪਾ-ਪਾ ਧੂੜਾਂ ਪੁੱਟੀਆਂ।

ਜਿਗਰਦੀਪ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਪੀ.ਸੀ.ਐਸ. ਦੇ ਪ੍ਰਧਾਨ ਮਨਜੀਤ ਸਿੰਘ ਭੱਲਾ ਨੂੰ ਸਟੇਜ 'ਤੇ ਸੱਦਿਆ, ਜਿਨ੍ਹਾਂ ਨੇ ਪੀ.ਸੀ.ਐੱਸ. ਬੋਰਡ ਆਫ ਡਾਇਰੈਕਟਰਜ਼, ਬੋਰਡ ਆਫ ਐਡਵਾਈਜਰਜ਼, ਬੋਰਡ ਆਫ ਗਵਰਨਰਜ਼, ਨਵਤੇਜ ਸਿੰਘ ਸੋਹੀ, ਪਰਮਜੋਤ ਸਿੰਘ ਪਰਮਾਰ, ਬਿਕਰਮ ਸਿੰਘ ਸੋਹੀ, ਗੁਰਲਾਲ ਸਿੰਘ ਭੱਠਲ, ਡਾ. ਵਿਕਰਮ ਗਿੱਲ, ਜਿਗਰਦੀਪ ਸਿੰਘ ਢਿੱਲੋਂ, ਪਰਮਵੀਰ ਕੌਰ, ਤੇਜਵੀਰ ਸਿੰਘ ਸੂਦਨ,







ਪਰਵਿੰਦਰ ਸਿੰਘ ਨਨੂਆ, ਗੁਰਮੀਤ ਸਿੰਘ ਢਿੱਲੋਂ, ਸੁਰਿੰਦਰ ਸਿੰਘ ਪਲੀਆ ਰਾਜਿੰਦਰ ਸਿੰਘ ਮਾਗੋ, ਮਹਿੰਦਰਜੀਤ ਸਿੰਘ ਸੈਣੀ, ਬਲਵਿੰਦਰ ਸਿੰਘ ਗਿਰਨ, ਅਮਰਜੀਤ ਕੌਰ ਅਟਵਾਲ, ਹਰਵਿੰਦਰ













ਪਾਲ ਸਿੰਘ ਲੈਲ, ਜਸਬੀਰ ਸਿੰਘ ਪਲੀਆ, ਭਿੰਦਰ ਸਿੰਘ ਪੰਮਾ, ਵਿੱਕ ਸਿੰਘ ਅਤੇ ਪਿਛਲੇ ਪ੍ਰਧਾਨ ਅਤੇ ਚੇਅਰਮੈਨ ਕ੍ਰਮਵਾਰ ਭੁਪਿੰਦਰ ਸਿੰਘ ਧਾਲੀਵਾਲ ਅਤੇ ਨਿੱਕ ਬਲਵਿੰਦਰ ਸਿੰਘ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ। ਸ. ਭੱਲਾ ਨੇ ਕਿਹਾ ਕਿ ਉਨ੍ਹਾਂ ਨੇ ਇੰਨੀ ਮਿਹਨਤੀ ਟੀਮ ਕਦੇ ਨਹੀਂ ਦੇਖੀ, ਜਿਨ੍ਹਾਂ ਨੇ ਇਸ ਪ੍ਰੋਗਰਾਮ ਦੀ ਸਫਲਤਾ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਭੁਪਿੰਦਰ ਸਿੰਘ ਧਾਲੀਵਾਲ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਭਾਵੇਂ ਪਿਛਲੇ ਪ੍ਰਧਾਨ ਸਨ ਪਰ ਐਤਕੀਂ ਵੀ ਉਹ ਸਾਰੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾ ਰਹੇ ਹਨ।

ਸ. ਭੱਲਾ ਨੇ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੌਲੀਵੁੱਡ ਐਕਟਰ ਅਤੇ ਫਿਲਮ ਡਾਇਰੈਕਟਰ ਕਵੀਰਾਜ ਅਤੇ ਗੈਸਟ ਆਫ ਆਨਰ ਸ. ਮਿਹਰਬਾਨ ਸਿੰਘ ਨਾਲ ਵੀ ਦਰਸ਼ਕਾਂ ਦੀ ਜਾਣ-ਪਛਾਣ ਕਰਵਾਈ। ਡਾ. ਵਿਕਰਮ ਗਿੱਲ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਮੈਨੂੰ ਚੇਅਰਮੈਨ ਬਣਾ ਦਿੱਤਾ, ਗੈਸਟ ਆਫ ਆਨਰ ਨੂੰ ਤਾਂ ਮਹਿਮਾਨ-ਏ-ਖ਼ਸੂਸੀ' ਕਿਹਾ ਜਾਂਦੈ ਪੰਜਾਬੀ 'ਚ ਪਰ ਚੇਅਰਮੈਨ ਨੂੰ ਕੀ ਕਹਿੰਦੇ ਨੇ, ਸ਼ਾਇਦ ਲੰਬੜਦਾਰ ਹੋਵੇ।' ਉਨ੍ਹਾਂ ਕਿਹਾ ਕਿ ਸਾਡਾ ਸੱਭਿਆਚਾਰ ਵਗਦਾ ਦਰਿਆ ਹੈ, ਜਿਸ ਵਿਚ ਸਾਡੇ ਰੀਤੀ ਰਿਵਾਜ, ਰਹਿਣ-ਸਹਿਣ ਖਾਣ-ਪੀਣ ਸ਼ਾਮਲ ਹੈ। ਪੰਜਾਬ ਹੀ ਹਿੰਦ ਹੈ ਪੰਜਾਬ ਹੀ ਸਿੰਧ ਹੈ।'

ਯੂਨੀਵਰਸਿਟੀ ਵਿਚ ਰਿਸਰਚ ਡੀਨ ਡਾ. ਮਿਹਰਬਾਨ ਸਿੰਘ ਨੇ ਸਾਰਿਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਕਿਹਾ, 'ਮੈਂ ਪੀਸੀਐਸ ਟੀਮ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ।' ਉਨ੍ਹਾਂ 30 ਸਾਲ ਤੋਂ ਕਮਿਊਨਿਟੀ ਦੀ ਸੇਵਾ ਕਰਨ 'ਤੇ ਪੀ.ਸੀ. ਐੱਸ. ਨੂੰ ਵਧਾਈ ਦਿੱਤੀ। ਪ੍ਰੋਗਰਾਮ ਦੇ ਮੁੱਖ ਮਹਿਮਾਨ ਕਵੀਰਾਜ ਜਿਨ੍ਹਾਂ ਨੇ ਬਲੈਕ ਪ੍ਰਿੰਸ ਅਤੇ ਸਰਾਭਾ ਫਿਲਮਾਂ ਬਣਾਈਆਂ ਹਨ, ਨੇ ਦਰਸ਼ਕਾਂ ਨੂੰ ਵਿਸਾਖੀ ਦੀ ਮੁਬਾਰਕਬਾਦ ਦਿੰਦਿਆਂ ਕਿਹਾ, 'ਮੈਂ ਆਪਣੀ ਜ਼ਿੰਦਗੀ 'ਚ ਕਈ ਪ੍ਰੋਗਰਾਮ ਦੇਖੇ ਹਨ ਪਰ ਇਸ ਤਰ੍ਹਾਂ ਦਾ ਪ੍ਰੋਗਰਾਮ ਕਦੇ ਨਹੀਂ ਦੇਖਿਆ, ਜਿਸ ਲਈ ਕਮਿਊਨਿਟੀ ਅਤੇ











ਪੀ.ਸੀ.ਐੱਸ. ਟੀਮ ਵਧਾਈ ਦੀ ਹੱਕਦਾਰ ਹੈ, ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਵੀ ਜ਼ਿੰਦਗੀ 'ਚ ਕੁਝ ਅਜਿਹਾ ਕੀਤਾ ਹੈ ਕਿ ਮੈਨੂੰ ਇੰਨਾ ਪਿਆਰ ਮਿਲੇਗਾ, ਪਰ ਮੈਂ ਇਸ ਪਿਆਰ ਨੂੰ ਹਮੇਸ਼ਾ ਯਾਦ ਰੱਖਾਂਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਹੁਣੇ 'ਏਕ ਉਂਕਾਰ' ਫਿਲਮ ਦੀ ਸ਼ੂਟਿੰਗ ਪੂਰੀ ਕੀਤੀ ਹੈ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਦਰਸ਼ਕ ਇਸ ਨੂੰ ਵੀ ਜ਼ਰੂਰ ਪਸੰਦ ਕਰਨਗੇ, ਤੇ ਉਹ ਨਵੀਂ ਪੀੜ੍ਹੀ ਲਈ ਇਤਿਹਾਸਕ ਫਿਲਮਾਂ ਬਣਾਉਂਦੇ ਰਹਿਣਗੇ। ਗੁਰਪ੍ਰੀਤ ਸਿੱਧੂ ਅਤੇ ਜਿਗਰਦੀਪ ਨੇ ਡਾ: ਭੁਪਿੰਦਰ ਸਿੰਘ ਧਾਲੀਵਾਲ ਅਤੇ ਨਿਕ ਬਲਵਿੰਦਰ ਸਿੰਘ ਨੂੰ ਸੱਦਾ ਦਿੱਤਾ, ਜਿਨ੍ਹਾਂ ਨੂੰ ਡਾ. ਕਵੀਰਾਜ ਨੇ ਪਲੇਕ ਦੇ ਕੇ ਸਨਮਾਨਤ ਕੀਤਾ, ਗੋਲਡ ਸਪਾਂਸਰਾਂ ਨੂੰ ਪਲੇਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਤੋਂ ਇਲਾਵਾ ਸੰਸਥਾ ਦੇ ਬੋਰਡ ਆਫ਼ ਗਵਰਨਰ ਐਮਰੀਟਸ ਸ. ਸੁਖਮੇਲ ਸਿੰਘ ਅਟਵਾਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਸ. ਅਟਵਾਲ ਤਕਰੀਬਨ ਤੀਹ ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ ਹੁਣ ਪੀ.ਸੀ.ਐਸ. ਬੋਰਡ ਆਫ਼ ਗਵਰਨਰਜ਼ ਤੋਂ ਸੇਵਾਮੁਕਤ ਹੋ ਗਏ ਹਨ। ਉਹ ਦੋ ਵਾਰ ਸੰਸਥਾ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।

ਇਸ ਮੌਕੇ ਸ. ਸਤਨਾਮ ਸਿੰਘ ਔਲਖ ਦੀ ਕਿਤਾਬ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' ਦਾ ਦੂਜਾ ਐਡੀਸ਼ਨ ਵੀ ਰਿਲੀਜ਼ ਕੀਤਾ ਗਿਆ।

ਕੋਆਰਡੀਨੇਟਰ-ਕਮਲਜੀਤ ਗਿੱਲ ਅਤੇ ਕੰਵਲਜੀਤ ਜੱਜ, ਅਮਰਜੋਤ ਮਹਿਰਾ, ਹਰਪ੍ਰੀਤ ਕੌਰ ਅਤੇ ਨਵਜੀਤ ਕੌਰ, ਕਰਨ ਪਰਮਾਰ,

*(ਬਾਕੀ ਅਗਲੇ ਸਫੇ 'ਤੇ)*

# ਅਮਰੀਕਾ ਵੱਲੋਂ ਮਦਦ ਮੰਗਣ ਬਾਅਦ ਪਰਵਿੰਦਰ ਸਿੰਘ ਗ੍ਰਿਫਤਾਰ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ 'ਡਾਰਕ ਵੈੱਬ' ਦੀ ਮਦਦ ਨਾਲ ਚੱਲ ਰਹੇ ਕੌਮਾਂਤਰੀ ਨਸ਼ਾ ਤਸਕਰੀ ਨਾਲ ਸਬੰਧਿਤ ਮਨੀ ਲਾਂਡਰਿੰਗ ਮਾਮਲੇ ਵਿਚ ਉੱਤਰਾਖੰਡ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। 'ਡਾਰਕ ਵੈੱਬ' ਇੰਟਰਨੈੱਟ ਦਾ ਉਹ ਹਿੱਸਾ ਹੈ ਜੋ ਆਮ ਸਰਚ ਇੰਜਣਾਂ ਲਈ ਪਹੁੰਚਯੋਗ ਨਹੀਂ ਹੈ ਅਤੇ ਸਿਰਫ਼ ਵਿਸ਼ੇਸ਼ 'ਵੈੱਬ ਬ੍ਰਾਊਜ਼ਰਾਂ' ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ।

ਅਮਰੀਕਾ ਦੇ ਨਸ਼ੀਲੇ ਪਦਾਰਥ ਵਿਰੋਧੀ ਅਧਿਕਾਰੀਆਂ ਵੱਲੋਂ ਇਸ ਗਰੋਹ ਦਾ ਪਰਦਾਫਾਸ਼ ਕਰਨ ਲਈ ਭਾਰਤ ਦੀ ਮਦਦ ਮੰਗੇ ਜਾਣ ਤੋਂ ਬਾਅਦ ਈਡੀ ਨੇ ਇਹ ਕਾਰਵਾਈ ਕੀਤੀ ਹੈ। ਈਡੀ ਨੇ ਪਰਵਿੰਦਰ ਸਿੰਘ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਹਲਦਵਾਨੀ ਸ਼ਹਿਰ ਤੋਂ ਹਿਰਾਸਤ ਵਿਚ ਲਿਆ। ਏਜੰਸੀ ਨੇ ਮੁਲਜ਼ਮ ਦੇ ਟਿਕਾਣੇ 'ਤੇ ਛਾਪਾ ਮਾਰਿਆ ਸੀ ਅਤੇ ਥੋੜ੍ਹੀ ਜਿਹੀ ਪੁੱਛ ਪੜਤਾਲ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ। ਸੂਤਰਾਂ ਨੇ ਕਿਹਾ ਕਿ ਇਹ ਦੋਸ਼ ਹੈ ਕਿ ਮੁਲਜ਼ਮ 'ਦਿ ਸਿੰਘ ਆਰਗੇਨਾਈਜੇਸ਼ਨ' ਨਾਮਕ ਕੌਮਾਂਤਰੀ ਨਸ਼ਾ ਤਸਕਰੀ ਗਰੋਹ ਚਲਾਉਂਦਾ ਹੈ ਅਤੇ ਡਾਰਕ ਵੈੱਬ ਲਿੰਕਾਂ ਦੀ ਵਰਤੋਂ ਕਰਕੇ ਨਸ਼ੇ ਵੇਚਦਾ ਹੈ। ਨਸ਼ਿਆਂ ਦੀ ਵਿਕਰੀ ਤੋਂ ਪ੍ਰਾਪਤ ਪੈਸਾ 'ਕ੍ਰਿਪਟੋ ਕਰੰਸੀ' ਰਾਹੀਂ ਇਕੱਠਾ ਕੀਤਾ ਗਿਆ ਸੀ।







# ਸੱਭਿਆਚਾਰਕ ਰੰਗ ਵਿਚ ਰੰਗਿਆ ਪੀ.ਸੀ.ਐੱਸ. ਦਾ 'ਰੰਗਲਾ ਪੰਜਾਬ'

*(ਪਿਛਲੇ ਸਫੇ ਦੀ ਬਾਕੀ)*

ਜਸਲੀਨ ਕੌਰ, ਹਰਪਿੰਦਰ ਕੌਰ, ਬਲਰਾਜ ਸਿੰਘ ਸੋਹੀ, ਨਵਜੋਧ ਸਿੰਘ ਬਾਜਵਾ, ਅੰਮ੍ਰਿਤਾ ਰੰਧਾਵਾ ਅਤੇ ਹਰਲੀਨ ਸੈਣੀ, ਪਾਇਲ ਵਿਰਦੀ, ਰਮਨਦੀਪ ਹੰਸੀ, ਜਨਮਜੀਤ ਚਾਹਲ, ਨੇਹਾ ਸੋਬਤੀ, ਨਵਤੇਜ ਸੋਹੀ, ਸੁਭਲੀਨ ਨਾਗਰਾ, ਅਮਨਦੀਪ ਸਿੰਘ ਕੁਲਾਰ, ਰਾਜਪ੍ਰੀਤ ਕੌਰ, ਕਵਲਜੀਤ ਕੌਰ ਅਤੇ ਪਾਇਲ ਵਿਰਦੀ, ਸੋਨੀ ਜੱਜ, ਦਿਲਪ੍ਰੀਤ ਜੱਜ ਅਤੇ ਹਰਬੀਰ ਵਿਰਕ, ਸੋਨੀਆ ਸੇਠੀ ਕੋਹਲੀ ਅਤੇ ਵਿੰਨੀ ਕੌਰ, ਪਰਮ ਢਿੱਲੋਂ ਅਤੇ ਸੁਖਵੀਰ ਢਿੱਲੋਂ, ਜੋਨਿਤਾ ਵਰਮਾ ਅਤੇ ਆਯੂਸ਼ੀ ਠੱਕਰ, ਜਤਿੰਦਰ ਕੌਰ, ਹਰਮਨ ਕੌਰ ਅਤੇ ਮਨਪ੍ਰੀਤ ਸਿੰਘ ਨੇ ਪ੍ਰਤੀਯੋਗੀਆਂ ਨੂੰ ਗਿੱਧੇ-ਭੰਗੜੇ ਦੀ ਤਿਆਰੀ ਕਰਵਾਈ।

ਪ੍ਰੋਗਰਾਮ ਦੇ ਗ੍ਰੈਂਡ ਸਪਾਂਸਰਾਂ ਵਿਚ ਡਾ. ਨਰਿੰਦਰ ਸਿੰਘ ਗਰੇਵਾਲ ਅਤੇ ਡਾ. ਵਿਕਰਮਜੀਤ ਸਿੰਘ ਗਿੱਲ, ਸ਼ਾਮਲ ਸਨ। ਪਲੈਟੀਨਮ ਸਪਾਂਸਰ ਪਟੇਲ ਬਰਦਰਜ਼, ਗੋਲਡ ਸਪਾਂਸਰ ਡਾ. ਹਰਜਿੰਦਰ ਸਿੰਘ ਖਹਿਰਾ, ਗੁਲਜ਼ਾਰ ਸਿੰਘ ਮੁਲਤਾਨੀ, ਲੱਕੀ ਸਹੋਤਾ, ਜੈਦੇਵ ਸਿੰਘ ਭੱਠਲ, ਡਾ: ਅਮਰੀਕ ਸਿੰਘ ਸੋਹੀ ਅਤੇ ਸਿਲਵਰ ਸਪਾਂਸਰ-ਜਗਜੀਤ ਸਿੰਘ ਢੀਂਡਸਾ, ਦਵਿੰਦਰ ਸਿੰਘ ਰੰਗੀ, ਮਨਜੀਤ ਸਿੰਘ ਧਨੋਆ, ਡਾ. ਗਗਨਦੀਪ ਸਿੰਘ ਗਰੋਵਰ, ਡਾ. ਸ਼ਿਵਮ ਪਟੇਲ, ਕਰਸ਼ ਮੱਕੜ, ਸਵੀ ਸਿਘ ਅਟੱਲ, ਸ਼ੇਰ-ਏ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਮਿੱਡਵੈਸਟ, ਹੈਂਪਸ਼ਾਇਰ ਟਾਇਰਜ਼, ਲੇਕਲੈਂਡ ਡੈਂਟਲ, ਭੌਰਾ ਟਰਾਂਸਪੋਰਟ (ਇੰਡੀਅਨਐਪੋਲਿਸ), ਮੈਜਿਕ ਫਰੇਮਜ਼ ਪ੍ਰੋਡਕਸ਼ਨਜ਼ ਸਨ।

ਕਾਂਸੀ ਦੇ ਸਪਾਂਸਰ ਸਨ, ਅਮੋਲਕ ਸਿੰਘ ਗਿੱਧਾ, ਇਕਬਾਲ ਸਿੰਘ ਸੈਣੀ, ਅਮਰੀਕ ਪਾਲ ਸਿੰਘ, ਅਮਰੀਕ ਸਿੰਘ (ਅਮਰ ਕਾਰਪੇਟ), ਵਰਿੰਦਰਜੀਤ ਕੌਰ, ਸੁਰਿੰਦਰ ਪਲੀਆ, ਡਾ. ਜਗਜੀਤ ਤੇਜੀ, ਡਾ. ਪੁਨੀਤ ਢਿੱਲੋਂ ਗਰੇਵਾਲ, ਹਰਭਜਨ ਸਿੰਘ ਕਲਿਆਣਪੁਰ, ਹਰਕੇਵਲ ਲਾਲੀ, ਹੈਨਰੀ ਪਰਮਾਰ, ਜਸਦੀਪ ਸਰਾਂ, ਰਜਿੰਦਰ ਸਿੰਘ ਦਿਆਲ, ਸਵਰਨ ਸਿੰਘ ਸੇਖੋਂ, ਪਰਦੀਪ ਸਿੰਘ, ਸ਼ਿਕਾਗੋ ਬੋਰਡ ਆਫ ਇਲੈਕਸ਼ਨਜ਼, ਏ ਕੇ ਟੂਰਜ਼ ਐਂਡ ਟਰੈਵਲਜ਼, ਹਾਕ ਟਰੱਕ ਡਰਾਈਵਿੰਗ ਸਕੂਲ, ਸੋਨਾ ਇਵੈਂਟਸ ਅਤੇ ਰਾਹੀਲ ਪੈਟਰੋਲੀਅਮ ਐਲਐਲਸੀ।

ਪ੍ਰੋਗਰਾਮ ਦੀ ਸਮਾਪਤੀ ਹਾਜ਼ਰੀਨ ਦੇ ਟਿਕਟ ਸਟੱਬਾਂ ਵਿਚੋਂ ਕੱਢੀ ਗਈ ਇੱਕ ਰੈਫਲ ਨਾਲ ਹੋਈ। ਜੇਤੂਆਂ ਇਨਾਮ ਵਜੋਂ ਆਈ ਫੋਨ ਅਤੇ ਐਪਲ ਘੜੀ ਦਿੱਤੀ ਗਈ।

ਪ੍ਰੋਗਰਾਮ ਦੇ ਦੂਜੇ ਸੈਸ਼ਨ ਦਾ ਸੰਚਾਲਨ ਸਹਿਜ ਕੌਰ ਸਿੱਧੂ, ਅਤੇ ਗੁਰਨੀਰ ਸਿੱਧੂ ਨੇ ਕੀਤਾ। ਇਸ ਸੈਸ਼ਨ ਦੀ ਪਹਿਲੀ ਪੇਸ਼ਕਾਰੀ ਵਿਚ ਸੁਖਪਾਲ ਗਿੱਲ ਨੇ ਆਪਣੀ ਸੁਰੀਲੀ ਆਵਾਜ਼ ਵਿਚ ਹੀਰ ਗਾ ਕੇ ਸਰੋਤੇ ਕੀਲ ਲਏ। ਖਚਾਖਚ ਭਰੇ ਹਾਲ ਨੇ ਤਾੜੀਆਂ ਨਾਲ ਉਸ ਦਾ ਮਾਣ ਵਧਾਇਆ। ਦੂਜੇ ਸੈਸ਼ਨ ਵਿਚ ਸ਼ੌਂਕਣਾਂ ਸ਼ਿਕਾਗੋ ਦੀਆਂ ਅਤੇ ਮੁਟਿਆਰਾਂ ਸਾਊਥ ਵੈਸਟ ਦੀਆਂ ਨੇ ਲੋਕ ਨਾਚ ਗਿੱਧੇ ਵਿਚ ਖੂਬ ਧਮਾਲ ਮਚਾਈ, ਜਾਗੋ



ਕੱਢਦੀਆਂ ਮੁਟਿਆਰਾਂ ਨੇ ਹਾਲ ਤੋਂ ਬਾਹਰ ਘੁੰਮਦੇ ਦਰਸ਼ਕਾਂ ਨੂੰ ਹਾਲ ਵਿਚ ਆ ਕੇ ਬੈਠਣ ਲਈ ਮਜਬੂਰ ਕਰ ਦਿੱਤਾ। ਭੰਗੜਾ ਰ੍ਹਾਈਮਜ਼ ਮਿਲਵਾਕੀ, ਗੱਭਰੂ ਪੰਜਾਬ ਦੇ, ਵਿੰਡੀ ਸਿਟੀ ਭੰਗੜਾ, ਤੀਆਂ ਪੰਜਾਬ ਦੀਆਂ, ਦੇਸੀ ਠੁਮਕਾ, ਆਪਣਾ ਭੰਗੜਾ ਕਰਿਊ, ਭੰਗੜਾ ਫਿਊਜ਼ਨ ਫੋਰਸ, ਕੁੜੀਆਂ ਪਟੋਲਾ ਟੀਮਾਂ ਦੀਆਂ ਪੇਸ਼ਕਾਰੀਆਂ ਵੀ ਬਾਕਮਾਲ ਸਨ। ਅਮਨਦੀਪ ਸਿੱਧੂ ਨੇ ਆਪਣੇ ਗੀਤ ਨਾਲ ਦਰਸ਼ਕ ਝੂਮਣ ਲਾ ਦਿੱਤੇ। ਕਬੀਰ ਵਿਰਕ, ਸਹਿਜ ਸਿੱਧੂ, ਮਨਕੀਰਤ ਸਿੰਘ ਅਤੇ ਗੁਰਨੂਰ ਸਿੰਘ ਨੇ ਵੀ ਸਟੇਜ ਦੀ ਸੇਵਾ ਨਿਭਾਈ।

ਬੇਸਬਰੀ ਨਾਲ ਆਪਣੀ ਪਸੰਦੀਦਾ ਆਈਟਮ 'ਮਲਵਈ ਗਿੱਧਾ' ਦੀ ਅਨਾਊਂਸਮੈਂਟ ਹੁੰਦਿਆਂ ਹੀ ਸਾਰੇ ਸੀਟਾਂ ਨਾਲ ਜੁੜ ਗਏ ਤੇ ਚਿੱਟੀਆਂ ਪੁਸ਼ਾਕਾਂ 'ਚ ਸਜੇ ਮਲਵਈਆਂ ਨੂੰ ਦੇਖ ਸਾਰਿਆਂ ਦੇ ਚਿਹਰੇ ਖਿੜ ਗਏ। ਹਮੇਸ਼ਾਂ ਵਾਂਗ ਮਲਵਈ ਗਿੱਧੇ ਨੇ ਦਰਸ਼ਕਾਂ ਨੂੰ ਸੀਟਾਂ ਤੋਂ ਉੱਠ ਕੇ ਨੱਚਣ ਲਈ ਮਜਬੂਰ ਕਰ ਦਿੱਤਾ, ਭਾਵੇਂ ਇਕ ਕਲਾਕਾਰ ਆਪਣੀ ਬੋਲੀ ਭੁੱਲ ਗਿਆ ਪਰ ਇੰਦਰ ਵਿਰਕ ਵਲੋਂ ਆਪਣੀ ਪਤਨੀ ਦਾ ਉਸੇ ਦਿਨ ਜਨਮ ਦਿਨ ਹੋਣ ਕਰਕੇ ਉਸ ਲਈ ਪਾਈ ਬੋਲੀ 'ਨੀਂ ਅੰਮ੍ਰਿਤ, ਗੱਲ ਸੁਣ ਲੈ ਮੇਰੀ' 'ਤੇ ਦਰਸ਼ਕਾਂ ਨੇ ਕੂਕਾਂ ਚੀਕਾਂ ਮਾਰੀਆਂ, ਇਸ ਬੋਲੀ 'ਤੇ ਮਾਗੋ ਅੰਕਲ ਦੀ ਐਂਟਰੀ ਨੇ ਚਾਰ ਚੰਨ ਲਾ ਦਿੱਤੇ। ਚਿਮਟੇ, ਕਾਟੋ, ਬੁਘਚੂ, ਢੋਲਕੀ ਦੀ ਥਾਪ ਨੇ ਸ਼ਿਕਾਗੋਲੈਂਡ ਨੂੰ ਕੀਲ ਕੇ ਰੱਖ ਦਿੱਤਾ। ਪ੍ਰੋਗਰਾਮ ਦੀ ਆਖਰੀ ਪੇਸ਼ਕਾਰੀ 'ਜਿੰਦੂਆ' ਦੀ ਪੇਸ਼ਕਾਰੀ ਬਾ-ਕਮਾਲ ਸੀ। ਪ੍ਰਬੰਧਕਾਂ ਵਲੋਂ ਆਪਣੇ ਵੀਆਈਪੀ ਮਹਿਮਾਨਾਂ ਲਈ ਮਨਜੀਤ ਸਿੰਘ ਦੇ 'ਟੇਸਟ ਆਫ ਇੰਡੀਆ' ਤੋਂ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ, ਬਾਕੀ ਦਰਸ਼ਕ ਵੀ ਖਾਣ ਪੀਣ ਦੇ ਸਟਾਲਾਂ ਤੋਂ ਚਾਹ-ਸਪਰਿੰਗਰੋਲ, ਸਮੋਸੇ ਆਦਿ ਦਾ ਅਨੰਦ ਮਾਣ ਰਹੇ ਸਨ। ਪੰਜਾਬੀ ਡਿਜ਼ਾਈਨਜ਼ ਵਲੋਂ ਪੰਜਾਬੀ ਵਿਚ ਪ੍ਰਿੰਟ ਕੀਤੀਆਂ ਟੀ-ਸ਼ਰਟਸ ਅਤੇ ਹੁੱਡੀਜ਼ ਦਾ ਸਟਾਲ ਲਾਇਆ ਗਿਆ ਸੀ, ਜਿਸ ਤੋਂ ਲੋਕ ਖਰੀਦਦਾਰੀ ਕਰ ਰਹੇ ਸਨ।



# ਲੋਕ ਸਭਾ ਚੋਣਾਂ: ਆਪ ਵਿਧਾਇਕਾਂ ਦੀ ਕਾਰਗੁਜ਼ਾਰੀ ਪਰਖਣ ਦਾ ਵੇਲਾ



**ਚੰਡੀਗੜ੍ਹ:** ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਯਕੀਨੀ ਬਣਾਉਣ ਲਈ ਪੂਰੀ ਤਾਕਤ ਨਾਲ ਕੰਮ ਕਰ ਰਹੀ ਹੈ। ਇਹ ਚੋਣਾਂ ਹਾਕਮ ਧਿਰ ਦੇ 92 ਵਿਧਾਇਕਾਂ ਲਈ ਹਲਕੇ ਵਿਚ ਕਰਵਾਏ ਵਿਕਾਸ ਕੰਮਾਂ ਅਤੇ ਉਨ੍ਹਾਂ ਦੀ ਬਤੌਰ ਵਿਧਾਇਕ ਲੋਕਾਂ 'ਚ ਸਾਖ ਦੀ ਪਰਖ ਸਾਬਤ ਹੋਣਗੀਆਂ। ਉਥੇ ਹੀ ਸੂਬੇ 'ਚ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਅਕਾਲੀ ਦਲ, ਕਾਂਗਰਸ ਤੇ ਭਾਜਪਾ ਲਈ ਇਹ ਚੋਣਾਂ ਕਿਸੇ ਵੱਡੇ ਇਮਤਿਹਾਨ ਤੋਂ ਘੱਟ ਨਹੀਂ ਹਨ।

ਸੱਤਾਧਾਰੀ ਪਾਰਟੀ ਆਪਣੇ ਦੋ ਸਾਲ ਦੀ ਕਾਰਗੁਜ਼ਾਰੀ ਦਾ ਗੁਣਗਾਣ ਕਰ ਕੇ ਚੋਣਾਂ ਜਿੱਤਣ ਲਈ ਪੱਬਾਂ-ਭਾਰ ਹੋਈ ਹੈ ਜਦਕਿ ਵਿਰੋਧੀ ਧਿਰਾਂ ਸੂਬਾ ਸਰਕਾਰ ਨੂੰ ਕਿਸੇ ਨਾ ਕਿਸੇ ਮੁੱਦੇ 'ਤੇ ਘੇਰ ਰਹੀਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਾਕਮ ਧਿਰ ਨੇ ਕੁੱਲ 117 'ਚੋਂ 92 ਸੀਟਾਂ ਹਾਸਲ ਕਰਕੇ ਇਤਿਹਾਸ ਰਚ ਦਿੱਤਾ ਸੀ। ਹਲਕਾ ਫ਼ਰੀਦਕੋਟ ਵਿਚ ਪੈਂਦੇ 9 'ਚੋਂ 8 ਵਿਧਾਨ ਸਭਾ ਹਲਕੇ ਮੋਗਾ, ਧਰਮਕੋਟ, ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ, ਫ਼ਰੀਦਕੋਟ, ਜੈਤੋ, ਕੋਟਕਪੂਰਾ ਤੇ ਰਾਮਪੁਰਾ ਫੂਲ ਤੋਂ ਹਾਕਮ ਧਿਰ ਜੇਤੂ ਰਹੀ ਸੀ, ਸਿਰਫ਼ ਹਲਕਾ ਗਿੱਦੜਬਾਹਾ ਤੋਂ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਸੀਟ ਜਿੱਤ ਕੇ ਪਾਰਟੀ ਦੀ ਲਾਜ਼ ਰੱਖੀ। ਰਿਕਾਰਡ ਵੋਟਾਂ ਨਾਲ ਜਿੱਤ ਪ੍ਰਾਪਤ ਕਰਨ ਵਾਲੇ ਇਨ੍ਹਾਂ ਅੱਠ 'ਆਪ' ਵਿਧਾਇਕਾਂ ਲਈ ਹੁਣ ਲੋਕ ਸਭਾ ਚੋਣਾਂ ਕਿਸੇ ਪਰਖ ਤੋਂ ਘੱਟ ਸਾਬਤ ਹੋਣ ਵਾਲੀਆਂ ਨਹੀਂ ਹਨ ਕਿਉਂਕਿ ਵਿਧਾਨ ਸਭਾ ਚੋਣਾਂ ਦੌਰਾਨ ਸਥਾਪਤ ਹੋਏ ਵੋਟ ਬੈਂਕ ਨੂੰ ਵਿਧਾਇਕਾਂ ਵੱਲੋਂ ਕਾਇਮ ਰੱਖਣ ਵਾਸਤੇ ਜੂਝਣਾ ਪੈ ਰਿਹਾ ਹੈ ਜੋ ਕਿਸੇ ਚੁਣੌਤੀ ਤੋਂ ਘੱਟ ਨਹੀਂ ਹਨ। ਉਨ੍ਹਾਂ ਨੂੰ ਇਹ ਡਰ ਸਤਾ ਰਿਹਾ ਹੈ ਕਿ ਜੇਕਰ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੇ ਹਲਕੇ ਤੋਂ ਵੋਟ ਘੱਟ ਗਈ ਤਾਂ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦੀ ਟਿਕਟ ਵੀ ਕੱਟੀ ਜਾ ਸਕਦੀ ਹੈ। ਮੋਗਾ ਵਿਧਾਨ ਸਭਾ ਹਲਕੇ ਵਿਚ ਹਾਕਮ ਧਿਰ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦਾ ਸਾਰਾ ਜ਼ੋਰ ਦਲਬਦਲੀਆਂ ਕਰਵਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਵਿਚ ਲੱਗਿਆ ਹੋਇਆ ਹੈ। ਉਨ੍ਹਾਂ ਸਭ ਤੋਂ ਪਹਿਲਾਂ ਇਥੇ ਨਗਰ ਨਿਗਮ 'ਚ ਆਪਣੇ ਚਾਰ ਤੋਂ 3 ਦਰਜਨ ਤੋਂ ਵੱਧ ਕੌਂਸਲਰ ਬਣਾ ਕੇ ਕਾਂਗਰਸ ਦੀ ਮੇਅਰ ਨੀਤਿਕਾ ਭੱਲਾ ਨੂੰ ਅਹੁਦੇ ਤੋਂ ਲਾਂਭੇ ਕੀਤਾ ਤੇ 'ਆਪ' ਦਾ ਮੇਅਰ ਬਣਾਇਆ। ਇਸ ਮਗਰੋਂ ਹੁਣ ਅਕਾਲੀ ਦਲ ਦੇ ਟਕਸਾਲੀ ਆਗੂਆਂ ਨੂੰ ਸ਼ਾਮਲ ਕੀਤਾ ਗਿਆ।

## ਕਿਸਾਨਾਂ ਨੇ ਮੰਤਰੀ ਖੁੱਡੀਆਂ ਦੇ ਪੁੱਤਰ ਨੂੰ ਫਸਲ ਮੁਆਵਜ਼ੇ ਬਾਰੇ ਸਵਾਲ ਪੁੱਛੇ

**ਬਠਿੰਡਾ:** ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਪੁੱਤਰ ਸੁਮੀਤ ਖੁੱਡੀਆਂ ਨੇ ਬਠਿੰਡਾ ਲੋਕ ਸਭਾ ਹਲਕੇ ਦੇ ਗੋਨਿਆਣਾ ਬਲਾਕ ਵਿਚ ਪੈਂਦੇ ਪਿੰਡ ਮਹਿਮਾ ਸਰਜਾ, ਮਹਿਮਾ ਸਰਕਾਰੀ, ਸਿਵੀਆਂ, ਮਹਿਮਾ ਸਵਾਈ ਆਦਿ ਦਾ ਦੌਰਾ ਕਰ ਕੇ ਆਪਣੇ ਪਿਤਾ ਦੇ ਹੱਕ ਵਿਚ ਪ੍ਰਚਾਰ ਕੀਤਾ। ਇਸ ਦੌਰਾਨ ਕਿਸਾਨ ਜਥੇਬੰਦੀਆਂ ਵੀ ਸਰਗਰਮ ਰਹੀਆਂ। ਪਿੰਡ ਮਹਿਮਾ ਸਰਜਾ ਵਿਚ ਜਦੋਂ ਵਰਕਰ ਮਿਲਣੀ ਮਗਰੋਂ ਸੁਮੀਤ ਇਕ ਘਰ 'ਚੋਂ ਬਾਹਰ ਨਿਕਲੇ ਤਾਂ ਉਨ੍ਹਾਂ ਦਾ ਵਿਰੋਧ ਕਰ ਰਹੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਸਿੱਧੂਪੁਰ ਅਤੇ ਉਗਰਾਹਾਂ ਦੇ ਵਰਕਰਾਂ ਨੂੰ ਮਿਲੇ। ਇਸ ਮੌਕੇ ਖੇਤਰ ਵਿਚ ਗੜਿਆਂ ਕਾਰਨ ਨੁਕਸਾਨੀਆਂ ਫ਼ਸਲਾਂ ਸਣੇ ਹੋਰ ਕਿਸਾਨੀ ਮੰਗਾਂ ਸਬੰਧੀ ਸਵਾਲ ਪੁੱਛੇ ਗਏ।

# ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਕਾਂਗਰਸ ਉਮੀਦਵਾਰ ਦੀ ਹਮਾਇਤ ਦਾ ਫੈਸਲਾ



**ਮਾਨਸਾ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨ ਦੀ ਚਰਚਾ ਨੂੰ ਲੈ ਕੇ ਛਿੜੇ ਘਮਸਾਨ ਦਾ ਉਸ ਵੇਲੇ ਅੰਤ ਹੋ ਗਿਆ ਜਦੋਂ ਪਰਿਵਾਰ ਨੇ ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨਾਲ ਚੱਲਣ ਦਾ ਫੈਸਲਾ ਕਰ ਲਿਆ।

ਇਸ ਤੋਂ ਪਹਿਲਾਂ ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ, ਬਠਿੰਡਾ ਲੋਕ ਸਭਾ ਹਲਕੇ ਦੇ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਨੂੰ ਲੈ ਕੇ ਪਿੰਡ ਮੂਸਾ ਵਿਚ ਉਨ੍ਹਾਂ ਦੀ ਹਵੇਲੀ ਪੁੱਜੇ। ਦੱਸ ਦਈਏ ਕਿ ਚਰਚਾ ਸ਼ੁਰੂ ਹੋ ਗਈ ਸੀ ਕਿ ਬਲਕੌਰ ਸਿੰਘ ਕਾਂਗਰਸ ਵੱਲੋਂ ਨਹੀਂ ਸਗੋਂ ਬਠਿੰਡਾ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ, ਜਿਸ ਤੋਂ ਕਾਂਗਰਸ ਹਾਈਕਮਾਂਡ ਘਬਰਾ ਗਈ ਸੀ। ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੀ ਚਰਚਾ ਤੋਂ ਬਾਅਦ ਕਾਂਗਰਸ ਉਨ੍ਹਾਂ ਨੂੰ ਮਨਾਉਣ 'ਚ ਲੱਗੀ ਹੋਈ ਸੀ। ਇਸ ਤੋਂ ਬਾਅਦ ਮੂਸੇਵਾਲਾ ਦੀ ਹਵੇਲੀ ਵਿਚ ਲੋਕਾਂ ਦੇ ਵੱਡੇ ਇਕੱਠ ਦੌਰਾਨ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਕਿਸੇ ਵੀ ਲੀਡਰ ਨੇ ਇਨਸਾਫ਼ ਦੀ ਲੜਾਈ ਲਈ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਅਤੇ ਸਰਕਾਰਾਂ ਆਪਸ ਵਿਚ ਮਿਲੀਆਂ ਹੋਈਆਂ ਹਨ। ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਪਰਿਵਾਰ ਸਣੇ ਲੋਕਾਂ ਦੇ ਇਕੱਠ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਨਸਾਫ਼ ਦੀ ਲੜਾਈ ਵਿਚ ਹਮੇਸ਼ਾ ਪਰਿਵਾਰ ਨਾਲ ਚੱਲੇਗਾ ਅਤੇ ਕਦੇ ਪਰਿਵਾਰ ਤੋਂ ਬਾਹਰ ਨਹੀਂ ਹੋਵੇਗਾ। ਸੀਨੀਅਰ ਕਾਂਗਰਸੀ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੂਸੇਵਾਲਾ ਦੇ ਪਰਿਵਾਰ ਦਾ ਪਾਰਟੀ ਨਾਲ ਕੋਈ ਰੌਲਾ ਨਹੀਂ ਹੈ, ਸਗੋਂ ਉਹ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਦੁਖੀ ਹਨ, ਜਿਨ੍ਹਾਂ ਨੇ ਇਨਸਾਫ਼ ਦੀ ਲੜਾਈ ਲਈ ਪਰਿਵਾਰ ਦਾ ਕਦੇ ਸਾਥ ਨਹੀਂ ਦਿੱਤਾ।

ਉਧਰ, ਲੋਕ-ਰਾਜ ਪੰਜਾਬ ਵੱਲੋਂ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਲੋਕ ਸਭਾ ਚੋਣ ਲੜਨ ਲਈ ਮਨਾਉਣ ਵਿਚ ਸਫ਼ਲ ਰਹਿਣ ਦਾ ਦਾਅਵਾ ਕਰਦਿਆਂ ਡਾ. ਮਨਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਮੂਸੇਵਾਲਾ ਪਰਿਵਾਰ ਲੋਕ ਸਭਾ ਚੋਣ ਆਜ਼ਾਦ ਉਮੀਦਵਾਰ ਵਜੋਂ ਹੀ ਲੜਨਾ ਚਾਹੁੰਦਾ ਸੀ, ਪਰ ਪਰਿਵਾਰ ਉਤੇ ਕਾਂਗਰਸ ਦੇ ਸੀਨੀਅਰ ਆਗੂਆਂ ਵੱਲੋਂ ਦਬਾਅ ਪਾ ਕੇ ਹਾਮੀ ਭਰਵਾਈ ਗਈ ਹੈ।

## ਬੀ.ਬੀ.ਐਮ.ਬੀ. ਦੇ ਨਹਿਲਾ ਫਲੋਟਿੰਗ ਸੋਲਰ ਪਲਾਂਟ ਦਾ ਕੁਝ ਹਿੱਸਾ ਪਾਣੀ 'ਚ ਰੁੜ੍ਹਿਆ

**ਨੰਗਲ:** ਬੀ.ਬੀ.ਐਮ.ਬੀ. ਵੱਲੋਂ ਸਤਲੁਜ ਦਰਿਆ ਉਤੇ ਪਿੰਡ ਨਹਿਲਾ ਹਿਮਾਚਲ ਪ੍ਰਦੇਸ਼ ਵਿਚ ਲਗਭਗ 92 ਕਰੋੜ ਰੁਪਏ ਦੀ ਲਾਗਤ ਨਾਲ ਮਾਰਚ ਮਹੀਨੇ ਵਿਚ ਸਥਾਪਤ ਕੀਤੇ 18 ਮੈਗਾਵਾਟ ਦੇ ਪਲਾਂਟ ਦਾ ਕੁਝ ਹਿੱਸਾ ਪਾਣੀ 'ਚ ਰੁੜ੍ਹ ਗਿਆ। ਕੰਪਨੀ ਦੇ ਮੁਲਾਜ਼ਮ ਸੋਲਰ ਪਲਾਂਟ ਦੇ ਭਾਗਾਂ ਨੂੰ ਕਿਸ਼ਤੀਆਂ ਰਾਹੀਂ ਇਕੱਠੇ ਕਰਦੇ ਰਹੇ ਪਰ ਦੇਖਦੇ ਹੀ ਦੇਖਦੇ ਸੋਲਰ ਪਲਾਂਟ ਤਿਨਕਿਆਂ ਵਾਂਗ ਖਿੰਡ ਗਿਆ ਤੇ ਇਸ ਦੀਆਂ ਸੋਲਰ ਪਲੇਟਾਂ ਪੰਜ ਕਿਲੋਮੀਟਰ ਦੂਰ ਤੱਕ ਪਹੁੰਚ ਗਈਆਂ। ਜ਼ਿਕਰਯੋਗ ਹੈ ਕਿ ਉਕਤ ਪਲਾਂਟ ਦੇ ਪਾਣੀ ਵਿਚ ਵਹਿ ਜਾਣ ਕਾਰਨ ਇਸ ਨੂੰ ਸਥਾਪਿਤ ਕਰਨ ਵਾਲੀ ਕੰਪਨੀ 'ਤੇ ਵੀ ਕਈ ਸਵਾਲੀਆ ਚਿੰਨ੍ਹ ਲੱਗ ਰਹੇ ਹਨ। ਦੂਜੇ ਪਾਸੇ ਡੀ.ਜੀ.ਐਮ. ਪੁਸ਼ਕਰ ਵਰਮਾ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਉਕਤ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ ਤੇ ਉਹ ਖਾਮੀਆਂ ਨੂੰ ਵਾਚ ਰਹੇ ਹਨ ਜਿਨ੍ਹਾਂ ਕਾਰਨ ਸੋਲਰ ਪਲਾਂਟ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਉਕਤ ਪਲਾਂਟ ਪਹਿਲਾਂ ਮਈ-ਜੂਨ ਵਿਚ ਸ਼ੁਰੂ ਹੋ ਜਾਣਾ ਸੀ ਪਰ ਹੁਣ ਕੁਝ ਦੇਰੀ ਹੋ ਸਕਦੀ ਹੈ।

## ਸਾਬਕਾ ਵਿਧਾਇਕ ਜੱਸੀ ਖੰਗੂੜਾ ਨੇ ਆਮ ਆਦਮੀ ਪਾਰਟੀ ਛੱਡੀ

**ਲੁਧਿਆਣਾ:** ਸ਼ਹਿਰ ਦੇ ਕਾਰੋਬਾਰੀ, ਸਾਬਕਾ ਵਿਧਾਇਕ ਅਤੇ ਐਨ.ਆਰ.ਆਈ. ਜੱਸੀ ਖੰਗੂੜਾ ਨੇ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਜੱਸੀ ਨੇ ਸਾਲ 2022 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦਾ ਹੱਥ ਛੱਡ ਕੇ 'ਆਪ' ਦਾ ਝਾੜੂ ਫੜਿਆ ਸੀ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਉਹ 'ਆਪ' ਵਿਚ ਗਏ ਸਨ ਤਾਂ ਟਿਕਟ ਦੇ ਦਾਅਵੇਦਾਰ ਸਨ ਪਰ ਪਾਰਟੀ ਨੇ ਉਨ੍ਹਾਂ ਨੂੰ ਲੋਕ ਸਭਾ ਸੀਟ ਦਾ ਭਰੋਸਾ ਦਿੱਤਾ ਸੀ ਤੇ ਹੁਣ ਲੋਕ ਸਭਾ ਚੋਣਾਂ 'ਚ ਪਾਰਟੀ ਵੱਲੋਂ ਹਲਕਾ ਕੇਂਦਰੀ ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਉਮੀਦਵਾਰ ਬਣਾ ਦਿੱਤਾ ਗਿਆ। ਅਜਿਹੇ 'ਚ ਜੱਸੀ ਪਾਰਟੀ ਹਾਈਕਮਾਨ ਤੋਂ ਨਾਰਾਜ਼ ਸਨ ਜਿਸ ਕਾਰਨ ਉਨ੍ਹਾਂ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ।

# ਕੈਨੇਡਾ: ਬੀਚ 'ਤੇ ਘੁੰਮਣ ਗਏ ਪੰਜਾਬੀ ਨੌਜਵਾਨ ਦੀ ਹੱਤਿਆ




**ਵੈਨਕੂਵਰ:** ਕੈਨੇਡਾ ਦੇ ਸ਼ਹਿਰ ਸਰੀ ਨਾਲ ਲੱਗਦੇ ਵਾਈਟ ਰੌਕ ਦੇ ਸਮੁੰਦਰੀ ਕੰਢੇ ਦਾ ਨਜ਼ਾਰਾ ਮਾਣਨ ਗਏ ਪੰਜਾਬੀ ਨੌਜਵਾਨ ਕੁਲਵਿੰਦਰ ਸਿੰਘ (28) ਦੀ ਅਫਰੀਕਨ ਮੂਲ ਦੇ ਵਿਅਕਤੀ ਨੇ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ। ਨੌਜਵਾਨ ਕੁਝ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ ਅਤੇ ਪਲੰਬਰ ਵਜੋਂ ਕੰਮ ਕੰਮ ਕਰਦਾ ਸੀ। ਕੁਲਵਿੰਦਰ ਸਿੰਘ ਪੰਜਾਬ ਦੇ ਕਸਬੇ ਅਮਰਗੜ੍ਹ ਨੇੜਲੇ ਪਿੰਡ ਤੋਲੇਵਾਲ ਦਾ ਰਹਿਣ ਵਾਲਾ ਸੀ। ਪੰਜਾਬੀ ਨੌਜਵਾਨ ਦੀ ਇਸ ਹੱਤਿਆ ਨੂੰ ਪੁਲਿਸ ਦੀ ਨਾਕਾਮੀ ਮੰਨਿਆ ਜਾ ਰਿਹਾ ਹੈ ਕਿਉਂਕਿ ਵਾਰਦਾਤ ਤੋਂ ਇਕ ਦਿਨ ਪਹਿਲਾਂ ਉਸੇ ਜਗ੍ਹਾ ਆਪਣੀ ਪਤਨੀ ਮਨਪ੍ਰੀਤ ਕੌਰ ਨਾਲ ਘੁੰਮਣ ਗਏ ਜਤਿੰਦਰ ਸਿੰਘ (28) ਦੀ ਧੌਣ 'ਤੇ ਮੁਲਜ਼ਮ ਦੇ ਹੁਲੀਏ ਵਾਲੇ ਇਕ ਵਿਅਕਤੀ ਨੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਸੀ। ਜਤਿੰਦਰ ਸਿੰਘ ਗੰਭੀਰ ਜ਼ਖ਼ਮੀ ਹਾਲਤ ਵਿਚ ਹਸਪਤਾਲ ਜ਼ੇਰੇ ਇਲਾਜ ਹੈ। ਲੋਕਾਂ ਵਿਚ ਰੋਸ ਹੈ ਕਿ ਜੇਕਰ ਪੁਲਿਸ ਨੇ ਘਟਨਾ ਮਗਰੋਂ ਉਸ ਥਾਂ 'ਤੇ ਸੁਰੱਖਿਆ ਵਧਾਈ ਹੁੰਦੀ ਤਾਂ ਇਹ ਦੂਜੀ ਘਟਨਾ ਨਾ ਵਾਪਰਦੀ। ਲੋਕਾਂ ਦਾ ਮੰਨਣਾ ਹੈ ਕਿ ਸਰੀ ਵਿਚ ਤਾਇਨਾਤ ਕੇਂਦਰੀ ਪੁਲਿਸ ਹੁਣ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ। ਹਾਲਾਂਕਿ ਸੂਬਾਈ ਲੋਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੇ ਕੇਂਦਰੀ ਪੁਲਿਸ ਦੇ ਸੂਬਾਈ ਸਹਾਇਕ ਕਮਿਸ਼ਨਰ ਡਵੇਨ ਮੈਕਡੌਨਲਡ ਤੇ ਸਰੀ ਪੁਲਿਸ ਦੇ ਮੁਖੀ ਨੌਰਮ ਲਪਿੰਸਕੀ ਦੀ ਮੌਜੂਦਗੀ ਵਿਚ ਸਰਕਾਰੀ ਫ਼ੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ 29 ਨਵੰਬਰ ਨੂੰ ਸ਼ਹਿਰ ਦੀ ਕਮਾਂਡ ਸਰੀ ਪੁਲਿਸ ਦੇ ਹੱਥ ਆਵੇਗੀ। ਉਨ੍ਹਾਂ ਕਿਹਾ ਕਿ ਕੇਂਦਰੀ ਪੁਲਿਸ ਬਲ ਦੀ ਰਵਾਨਗੀ ਤੋਂ ਪਹਿਲਾਂ ਭਰਤੀ ਕੀਤੀ ਸਥਾਨਕ ਪੁਲਿਸ ਹਾਲਾਤ ਨਾਲ ਸਿੱਝਣ ਦੀ ਜ਼ਿੰਮੇਵਾਰੀ ਸੰਭਾਲਣ ਦੇ ਸਮਰੱਥ ਹੋ ਜਾਵੇਗੀ।

## ਟਾਸਕ ਫੋਰਸ ਵੱਲੋਂ 11 ਗੈਂਗਸਟਰ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਕੇਂਦਰੀ ਏਜੰਸੀਆਂ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਸਾਂਝੇ ਅਪਰੇਸ਼ਨ ਦੌਰਾਨ ਪੰਜਾਬ ਤੇ ਜੰਮੂ-ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਤੇ ਉਸ ਦੇ 10 ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਰਾਜੂ ਸ਼ੂਟਰ ਸਿਵਲ ਹਸਪਤਾਲ ਤਰਨ ਤਾਰਨ ਤੋਂ ਫਰਾਰ ਹੋ ਗਿਆ ਸੀ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਡਬਲ ਬੈਰਲ ਰਾਈਫਲ, ਤਿੰਨ ਪਿਸਤੌਲਾਂ ਤੇ 26 ਕਾਰਤੂਸ ਬਰਾਮਦ ਕੀਤੇ ਹਨ। ਮੁਲਜ਼ਮਾਂ ਦੀ ਪਛਾਣ ਹੁਸਨਪ੍ਰੀਤ ਸਿੰਘ, ਗੁਲਾਬ ਸਿੰਘ ਉਰਫ਼ ਗੁਲਾਬ, ਅੰਮ੍ਰਿਤਪਾਲ ਸਿੰਘ , ਬਲਜਿੰਦਰ ਸਿੰਘ, ਬੌਬੀ, ਲਵਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਸੱਜਨ, ਸੁਖਚੈਨ ਸਿੰਘ ਅਤੇ ਹਰਮੇਸ਼ ਸਿੰਘ ਵਜੋਂ ਹੋਈ ਹੈ।

**One stop shop for all your taxi needs**

**The Friendly Group Ltd.**
**Chelsea Taxi Brokers**
Address: 287 10 AVE 2nd Floor, New York NY 10001
Ph: 212-947-9833, 212-695-0601
*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

ਪੰਜਾਬ ਟਾਈਮਜ਼

ਸ਼ਨਿਚਰਵਾਰ, 4 ਮਈ, 2024

# ਚੋਣ ਸਿਆਸਤ ਦਾ ਰੰਗ

ਲੋਕ ਸਭਾ ਚੋਣਾਂ ਲਈ ਪੰਜਾਬ ਦਾ ਸਿਆਸੀ ਦ੍ਰਿਸ਼ ਤਕਰੀਬਨ-ਤਕਰੀਬਨ ਸਪਸ਼ਟ ਹੋ ਗਿਆ ਹੈ। ਪੰਜਾਬ ਵਿਚ ਵੋਟਾਂ ਸਭ ਤੋਂ ਅਖੀਰਲੇ ਪੜਾਅ ਤਹਿਤ ਪਹਿਲੀ ਜੂਨ ਨੂੰ ਪੈਣੀਆਂ ਹਨ। ਪਿਛਲੀਆਂ, 2019 ਵਾਲੀਆਂ ਲੋਕ ਸਭਾ ਚੋਣਾਂ ਵਾਂਗ ਐਤਕੀਂ ਵੀ ਖਡੂਰ ਸਾਹਿਬ ਵਾਲੀ ਸੀਟ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਉਥੋਂ ਅੰਮ੍ਰਿਤਪਾਲ ਸਿੰਘ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਉਹ ਅੱਜ ਕੱਲ੍ਹ ਅਸਾਮ ਦੀ ਦਿਬੜ੍ਹਗੜ੍ਹ ਜੇਲ੍ਹ ਵਿਚ ਬੰਦ ਹੈ। ਪਿਛਲੀ ਵਾਰ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਵੱਲੋਂ ਪਰਮਜੀਤ ਕੌਰ ਖਾਲੜਾ ਪੰਜਾਬ ਡੈਮੋਕਰੇਟਿਕ ਅਲਾਇੰਸ ਦੀ ਉਮੀਦਵਾਰ ਸੀ। ਉਦੋਂ ਉਨ੍ਹਾਂ ਜਿੱਤ-ਹਾਰ ਦੇ ਮਸਲੇ ਨੂੰ ਦਰਕਿਨਾਰ ਕਰਦਿਆਂ ਕਿਹਾ ਸੀ ਕਿ ਉਹ ਚੋਣ ਮੁਹਿੰਮ ਦੌਰਾਨ ਪੰਜਾਬ ਦੇ ਕੁਝ ਮਸਲੇ ਉਭਾਰਨ ਵਿਚ ਸਫਲ ਹੋਏ ਸਨ। ਇਨ੍ਹਾਂ ਵਿਚ 25 ਹਜ਼ਾਰ ਲਾਪਤਾ ਨੌਜਵਾਨਾਂ ਦਾ ਮਸਲਾ ਵੀ ਸੀ ਜੋ ਖਾੜਕੂ ਸੰਘਰਸ਼ ਦੌਰਾਨ ਪੁਲਿਸ ਨੇ ਖਪਾ ਦਿੱਤੇ ਸਨ। ਉਦੋਂ ਉਨ੍ਹਾਂ ਨੂੰ 2 ਲੱਖ ਤੋਂ ਉਪਰ ਵੋਟਾਂ ਪਈਆਂ ਸਨ ਅਤੇ ਉਹ ਤੀਜੇ ਸਥਾਨ 'ਤੇ ਰਹੇ ਸਨ। ਕਾਂਗਰਸ ਦੇ ਜੇਤੂ ਉਮੀਦਵਾਰ ਜਸਬੀਰ ਸਿੰਘ ਡਿੰਪਾ ਨੂੰ ਸਾਢੇ ਚਾਰ ਲੱਖ ਤੋਂ ਉਪਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜਾਗੀਰ ਕੌਰ ਨੂੰ 3 ਲੱਖ ਤੋਂ ਉਪਰ ਵੋਟਾਂ ਪਈਆਂ ਸਨ। ਇੰਨੇ ਭਰਵੇਂ ਪ੍ਰਚਾਰ ਦੇ ਬਾਵਜੂਦ ਬੀਬੀ ਖਾਲੜਾ ਨੂੰ ਜਾਗੀਰ ਕੌਰ ਅਤੇ ਡਿੰਪੇ ਨਾਲੋਂ ਘੱਟ ਵੋਟਾਂ ਪਈਆਂ। ਜ਼ਾਹਿਰ ਹੈ ਕਿ ਚੋਣਾਂ ਤੇ ਵੋਟਾਂ ਦਾ ਮਸਲਾ ਕਿਤੇ ਹੋਰ ਜੁੜਿਆ ਹੁੰਦਾ ਹੈ ਅਤੇ ਜਿੱਤ-ਹਾਰ ਲਈ ਹੋਰ ਕਾਰਕ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਹੁਣ ਬੀਬੀ ਖਾਲੜਾ ਵਾਲਾ ਹੀ ਤਰਕ ਅੰਮ੍ਰਿਤਪਾਲ ਸਿੰਘ ਦਾ ਪਰਿਵਾਰ ਦੇ ਰਿਹਾ ਹੈ। ਪਰਿਵਾਰ ਦਾ ਕਹਿਣਾ ਹੈ ਕਿ ਚੋਣ ਮੁਹਿੰਮ ਦੌਰਾਨ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਉਭਾਰਿਆ ਜਾਵੇਗਾ। ਬੰਦੀ ਸਿੱਖਾਂ ਵਿਚ ਪਰਿਵਾਰ ਅੰਮ੍ਰਿਤਪਾਲ ਸਿੰਘ ਨੂੰ ਵੀ ਸ਼ਾਮਿਲ ਕਰ ਰਿਹਾ ਹੈ ਜਦਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਜਿਹੜਾ ਅੰਦੋਲਨ ਵਿੱਢਿਆ ਗਿਆ ਸੀ, ਉਸ ਵਿਚ ਉਹ ਸਿੱਖ ਸ਼ਾਮਿਲ ਕੀਤੇ ਗਏ ਸਨ ਜਿਹੜੇ ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਡੱਕੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਤਾਂ ਅਜਿਹੇ ਵੀ ਹਨ ਜਿਨ੍ਹਾਂ ਦੀ ਸਜ਼ਾ ਖਤਮ ਹੋ ਚੁੱਕੀ ਹੈ ਪਰ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

ਉਂਝ, ਚੋਣਾਂ ਦੇ ਮਾਮਲੇ ਵਿਚ ਇਕ ਵੱਡਾ ਸਵਾਲ ਇਹ ਵੀ ਹੈ ਕਿ ਇਨ੍ਹਾਂ ਚੋਣਾਂ ਵਿਚ ਪੰਜਾਬ ਨੂੰ ਜਿਹੜੇ ਸੰਕਟ ਦਰਪੇਸ਼ ਹਨ, ਉਨ੍ਹਾਂ ਬਾਰੇ ਤਾਂ ਅਜੇ ਕਿਤੇ ਗੱਲ ਹੀ ਨਹੀਂ ਹੋ ਰਹੀ। ਤਕਰੀਬਨ ਸਾਰੀਆਂ ਸਿਆਸੀ ਧਿਰਾਂ ਪੰਜਾਬ ਨੂੰ ਮੰਝਧਾਰ ਵਿਚੋਂ ਕੱਢਣ ਦੀਆਂ ਟਾਹਰਾਂ ਮਾਰਦੀਆਂ ਹਨ ਪਰ ਕਿਸੇ ਕੋਲ ਵੀ ਇਨ੍ਹਾਂ ਸੰਕਟਾਂ ਨਾਲ ਨਜਿੱਠਣ ਦੀ ਕੋਈ ਰੂਪ-ਰੇਖਾ ਨਹੀਂ। ਸਾਲ ਪਹਿਲਾਂ ਜਿਸ ਤਰ੍ਹਾਂ ਦੀ ਚੱਕਵੀਂ ਸਿਆਸਤ ਅੰਮ੍ਰਿਤਪਾਲ ਸਿੰਘ ਨੇ ਕਰਨ ਦਾ ਯਤਨ ਕੀਤਾ, ਉਸ ਨੇ ਬਹੁਤ ਸਾਰੇ ਸਿੱਖਾਂ ਨੂੰ ਹੀ ਉਸ ਦੇ ਵਿਰੋਧੀ ਬਣਾ ਧਰਿਆ ਸੀ। ਇਹੀ ਨਹੀਂ, ਆਪਣੇ ਭਾਸ਼ਣਾਂ ਵਿਚ ਉਹ ਸਾਫ ਕਹਿੰਦਾ ਸੀ ਕਿ ਉਸ ਦਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਬਾਰੇ ਕੋਈ ਵਿਰੋਧ ਨਹੀਂ। ਅਸਲ ਵਿਚ ਮੁਲਕ ਪੱਧਰ 'ਤੇ ਜਿਸ ਤਰ੍ਹਾਂ ਧਰਮ ਆਧਾਰਿਤ ਸਿਆਸਤ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਚਲਾਉਣਾ ਚਾਹੁੰਦੇ ਹਨ, ਐਨ ਉਸੇ ਤਰ੍ਹਾਂ ਦੀ ਸਿਆਸਤ ਉਹ ਪੰਜਾਬ ਵਿਚ ਚਲਾਉਣ ਦਾ ਮੁੱਦਈ ਸੀ। ਕੀ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਦੀ ਧਰਮ ਦੇ ਨਾਂ 'ਤੇ ਕੀਤੀ ਜਾ ਰਹੀ ਜ਼ਹਿਰੀਲੀ ਸਿਆਸਤ ਦਾ ਤੋੜ ਇਹੀ ਹੈ? ਇਹ ਉਹ ਸਵਾਲ ਹੈ ਜਿਹੜਾ ਉਸ ਵਕਤ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਦੇਖ ਕੇ ਲੋਕਾਂ ਨੇ ਕੀਤਾ ਸੀ। ਇਸ ਦੇ ਨਾਲ ਹੀ ਇਕ ਸਵਾਲ ਹੋਰ ਵੀ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਕਿੱਥੇ ਹੈ? ਹੁਣ ਸਾਰੀ ਸਰਗਰਮੀ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਦੇ ਮਾਧਿਅਮ ਰਾਹੀਂ ਚਲਾਈ ਜਾ ਰਹੀ ਹੈ। ਜਥੇਬੰਦੀ ਤੋਂ ਬਗੈਰ ਨਾ ਚੋਣ ਮੁਹਿੰਮ ਚਲਾਈ ਜਾ ਸਕਦੀ ਹੈ ਅਤੇ ਨਾ ਹੀ ਅੰਦੋਲਨ। ਕਿਸਾਨ ਅੰਦੋਲਨ ਦੌਰਾਨ ਕੁਝ ਤੱਤੇ ਸਿੱਖ, ਕਿਸਾਨ ਆਗੂਆਂ ਦੀ ਨੁਕਤਾਚੀਨੀ ਕਰਦੇ ਨਹੀਂ ਸੀ ਥੱਕਦੇ ਅਤੇ ਦਾਅਵਾ ਕਰਦੇ ਸਨ ਕਿ ਇਕ ਵਾਰ ਅੰਦੋਲਨ ਦੀ ਕਮਾਨ ਨੌਜਵਾਨਾਂ ਹੱਥ ਫੜਾ ਕੇ ਦੇਖੋ, ਕਿਵੇਂ ਦਿਨਾਂ ਵਿਚ ਹੀ ਅੰਦੋਲਨ ਜਿੱਤ ਜਾਵਾਂਗੇ ਪਰ ਇਸ ਤੋਂ ਬਾਅਦ ਬੰਦੀ ਸਿੱਖਾਂ ਦੀ ਰਿਹਾਈ ਲਈ ਲਾਏ ਮੋਰਚੇ ਦਾ ਜੋ ਹਾਲ ਹੋਇਆ, ਉਹ ਸਭ ਦੇ ਸਾਹਮਣੇ ਹੈ। ਇਸ ਮੋਰਚੇ ਵਿਚ ਤਾਂ ਅੰਮ੍ਰਿਤਪਾਲ ਸਿੰਘ ਵੀ ਬਹੁਤ ਦੇਰ ਨਾਲ ਸ਼ਾਮਿਲ ਹੋਇਆ ਸੀ। ਫਿਰ ਮੋਰਚਾ ਜਿੱਤਣ ਲਈ ਅੱਜ ਤੱਕ ਕਿਸੇ ਪਾਸਿਓਂ ਵੀ ਕੋਈ ਨੀਤੀ ਜਾਂ ਰਣਨੀਤੀ ਘੜਨ ਦੀ ਕਈ ਉਘ-ਸੁੱਘ ਨਹੀਂ ਨਿੱਕਲੀ।

ਸਪਸ਼ਟ ਹੈ ਕਿ ਅੱਜ ਦੇ ਜ਼ਮਾਨੇ ਵਿਚ ਅੰਦੋਲਨ ਅਤੇ ਚੋਣਾਂ ਜਥੇਬੰਦਕ ਤਾਣੇ-ਬਾਣੇ ਤੋਂ ਬਗੈਰ ਲੜਨੇ ਅਤੇ ਜਿੱਤਣੇ ਖਾਲਾ ਜੀ ਦਾ ਵਾੜਾ ਨਹੀਂ। ਅੰਦੋਲਨ ਤਾਂ ਛੱਡੋ, ਚੋਣਾਂ ਲਈ ਜਿੰਨਾ ਪੈਸਾ ਅਤੇ ਮਨੁੱਖੀ ਸ਼ਕਤੀ ਚਾਹੀਦੀ ਹੈ, ਉਹ ਕਿਆਸ ਕਰਨੀ ਵੀ ਔਖੀ ਹੈ; ਉਸ ਸੂਰਤ ਵਿਚ ਤਾਂ ਹੋਰ ਵੀ ਔਖੀ ਹੈ ਜਦੋਂ ਧਰਾਤਲ 'ਤੇ ਕਿਸੇ ਕਿਸਮ ਦਾ ਕੋਈ ਉਭਾਰ ਨਾ ਹੋਵੇ; ਤੇ ਅਸਰ ਪਾਉਣ ਵਾਲਾ ਉਭਾਰ ਪੈਦਾ ਕਰਨ ਲਈ ਚੋਣਾਂ ਦੀ ਨਹੀਂ, ਰਣਨੀਤੀ ਦੀ ਲੋੜ ਹੁੰਦੀ ਹੈ। ਅੰਮ੍ਰਿਤਪਾਲ ਸਿੰਘ ਅਜਿਹੀਆਂ ਰਣਨੀਤੀਆਂ ਦੇ ਰਾਹਾਂ ਦਾ ਰਾਹੀ ਹੀ ਨਹੀਂ ਹੈ। ਚੱਕਵੀਂ ਸਿਆਸਤ ਚਾਰ ਦਿਨਾਂ ਦੀ ਚਾਂਦਨੀ ਤਾਂ ਜ਼ਰੂਰ ਦਿਖਾ ਸਕਦੀ ਹੈ ਪਰ ਨਤੀਜੇ 'ਤੇ ਪੁੱਜਣ ਲਈ ਪੈਰ ਗੱਡ ਕੇ ਸਿਆਸਤ ਕਰਨੀ ਪੈਂਦੀ ਹੈ। ਇਹ ਉਸ ਸੂਰਤ ਵਿਚ ਹੋਰ ਵੀ ਜ਼ਿਆਦਾ ਜ਼ਰੂਰੀ ਹੈ ਜਦੋਂ ਵਿਰੋਧੀ ਤਾਕਤਵਰ ਹੋਵੇ। ਅਜਿਹੀ ਸੂਰਤ ਵਿਚ ਇਕ ਗਲਤੀ ਦਾ ਮਤਲਬ ਸਿੱਧੀ ਹਾਰ ਹੁੰਦੀ ਹੈ। ਇਸ ਲਈ ਤਾਕਤਵਰ ਵਿਰੋਧੀ ਨੂੰ ਟੱਕਰ ਦੇਣ ਲਈ ਪਹਿਲਾਂ ਆਪਣੀ ਕਮੀਆਂ-ਕਮਜ਼ੋਰੀਆਂ ਅਤੇ ਗਲਤੀਆਂ ਨਾਲ ਨਜਿੱਠਣਾ ਹੁੰਦਾ ਹੈ। ਸਿਆਸਤ ਦਾ ਇਹ ਰਾਹ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦਾ ਹੈ ਹੀ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗਿਰੇਵਾਨ ਮੇਂ ਝਾਤ

ਗਾਈਏ ਗੀਤ ਇਤਿਹਾਸਕ ਬਹਾਦਰਾਂ ਦੇ ਐਪਰ 'ਅੱਜ ਦੇ ਜ਼ਾਲਮ' ਤੋਂ ਡਰੀ ਜਾਈਏ।
ਕਾਹਤੋਂ ਹੋਏ ਸ਼ਹੀਦ ਇਹ ਸੋਚੀਏ ਨਾ ਬਸ 'ਪ੍ਰਣਾਮ ਸ਼ਹੀਦਾਂ ਨੂੰ' ਕਰੀ ਜਾਈਏ।
ਕਹੀਏ ਬੜੇ ਹੀ ਬੁਰੇ ਦਲਬਦਲੂਆਂ ਨੂੰ ਉਨ੍ਹਾਂ ਤਾਈਂ ਜਿਤਾ ਖੁਦ ਹਰੀ ਜਾਈਏ।
ਮੱਖਣ, ਦੁੱਧ ਤੇ ਲੱਸੀ ਭੁਲਾਇ ਛੱਡੇ ਜੰਕ ਫੂਡ ਨੂੰ 'ਫਾਸਟ' ਕਹਿ ਚਰੀ ਜਾਈਏ।
ਆਖ 'ਮੈਨੂੰ ਕੀ' ਵਕਤ ਲੰਘਾਉਂਦਿਆਂ ਜੀ ਦੁਨੀਆਂ ਦਾਰੀ ਦੇ ਭਵਜਲ ਨੂੰ ਤਰੀ ਜਾਈਏ।
ਗੱਲ ਸੁਣੀਏਂ ਨਾ ਮੰਨੀਏਂ ਰਹਿਬਰਾਂ ਦੀ ਫੇਸ-ਬੁੱਕ 'ਵਧਾਈਆਂ' ਦੇ ਭਰੀ ਜਾਈਏ।

# ਵੋਟਿੰਗ ਮਸ਼ੀਨ, ਅਦਾਲਤ ਅਤੇ ਚੋਣ ਪ੍ਰਣਾਲੀ ਦੀ ਭਰੋਸੇਯੋਗਤਾ

**ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਭਾਰਤ ਦੀ ਚੋਣ ਪ੍ਰਣਾਲੀ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਆਮ ਲੋਕਾਂ ਵਿਚ ਦਹਾਕਿਆਂ ਤੋਂ ਇਹ ਧਾਰਨਾ ਬਣੀ ਹੋਈ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਸਿਰਫ 'ਤਕੜੇ' ਜਾਂ 'ਬਾਹੂਬਲੀ' ਲੋਕ ਹੀ ਜਿੱਤ ਸਕਦੇ ਹਨ। ਹੁਣ ਲੋਕਾਂ ਵਿਚ ਇਹ ਧਾਰਨਾ ਪ੍ਰਪੱਕ ਹੋ ਰਹੀ ਹੈ ਕਿ ਈ.ਵੀ.ਐਮ. ਨੇ ਇਸ ਚੋਣ ਪ੍ਰਣਾਲੀ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਦੀ ਥਾਂ ਲੋਕ ਮਨਾਂ ਵਿਚ ਹੋਰ ਵੱਧ ਸਵਾਲ ਖੜ੍ਹੇ ਕੀਤੇ ਹਨ। ਇਉਂ ਮਸਲਾ ਹੁਣ ਭਰੋਸੇ ਦਾ ਹੈ।**

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) ਰਾਹੀਂ ਪਈਆਂ ਵੋਟਾਂ ਦੀ 'ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟ੍ਰੇਲ' (ਵੀ.ਵੀ.ਪੀ.ਏ.ਟੀ. ਜਾਂ ਵੀ.ਵੀ.ਪੈਟ) ਨਾਲ 100 ਫੀਸਦ ਤਸਦੀਕ ਕਰਾਉਣ ਦੀ ਮੰਗ ਕਰਨ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਵੱਲੋਂ ਰੱਦ ਕਰਨ ਬਾਅਦ ਭਾਰਤ ਵਿਚ ਈ.ਵੀ.ਐਮ. ਦਾ ਮਾਮਲਾ ਮੁੜ ਚਰਚਾ ਵਿਚ ਆ



ਗਿਆ ਹੈ। ਦਰਅਸਲ, ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵੱਲੋਂ ਚੋਣ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਉਣ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਦੇ ਮੰਤਵ ਨਾਲ ਸਰਬ ਉੱਚ ਅਦਾਲਤ ਵਿਚ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਅਦਾਲਤ ਨੇ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਨੂੰ ਮੁੜ ਅਪਣਾਉਣ ਦੀ ਅਪੀਲ ਕਰਨ ਵਾਲੀ ਪਟੀਸ਼ਨ ਸਮੇਤ ਸਾਰੀਆਂ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਹੈ; ਹਾਲਾਂਕਿ ਅਦਾਲਤੀ ਫੈਸਲੇ ਰਾਹੀਂ ਦੂਜੇ ਜਾਂ ਤੀਜੇ ਨੰਬਰ ਉੱਪਰ ਆਉਣ ਵਾਲੇ ਉਮੀਦਵਾਰ ਨੂੰ ਕੁਝ ਹੱਦ ਤੱਕ ਜਾਂਚ ਕਰਵਾਉਣ ਦਾ ਰਾਹ ਵੀ ਖੁੱਲ੍ਹ ਗਿਆ ਹੈ।

ਸੁਪਰੀਮ ਕੋਰਟ ਵੱਲੋਂ ਪਿਛਲੇ ਮਹੀਨਿਆਂ ਦੌਰਾਨ ਦੋ ਅਹਿਮ ਮਾਮਲਿਆਂ ਉੱਪਰ ਲਏ ਸਟੈਂਡ ਦੀ ਲੋਕਾਂ ਨੇ ਸਰਾਹਨਾ ਕੀਤੀ ਸੀ ਕਿਉਂਕਿ ਚੋਣ ਬਾਂਡਾਂ ਅਤੇ ਚੰਡੀਗੜ੍ਹ ਮੇਅਰ ਚੋਣ ਮਾਮਲੇ ਵਿਚ ਹੋਈ ਨੰਗੀ-ਚਿੱਟੀ ਧਾਂਦਲੀ ਜਿਹੇ ਮੁੱਦੇ ਉੱਤੇ ਸੁਪਰੀਮ ਕੋਰਟ ਨੇ ਸੱਤਾਧਾਰੀ ਧਿਰ ਨੂੰ ਬੇਪਰਦ ਕਰ ਦਿੱਤਾ ਸੀ। ਪਿਛਲੇ ਸਮੇਂ ਦੌਰਾਨ ਜ਼ਿਆਦਾਤਰ ਮਾਮਲਿਆਂ ਵਿਚ ਉਚ ਅਦਾਲਤਾਂ ਸਰਕਾਰਾਂ ਵਿਰੁੱਧ ਕੇਸਾਂ 'ਚ ਆਮ ਤੌਰ ਉੱਤੇ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਂਦੀਆਂ ਰਹੀਆਂ ਹਨ ਪਰ ਇਹਨਾਂ ਦੋਵਾਂ ਮਾਮਲਿਆਂ ਵਿਚ ਸੁਪਰੀਮ ਕੋਰਟ ਦੇ ਫੈਸਲੇ ਲੋਕਾਂ ਨੂੰ ਮਿਸਾਲੀ ਲੱਗੇ। ਭਾਵੇਂ ਚੋਣ ਬਾਂਡਾਂ ਸਬੰਧੀ ਫੈਸਲਾ ਜਦ ਤੱਕ ਆਇਆ ਤਦ ਤੱਕ ਭਾਜਪਾ 6500 ਕਰੋੜ ਰੁਪਏ ਦੇ ਕਰੀਬ ਇਕੱਠੇ ਕਰ ਚੁੱਕੀ ਸੀ, ਫਿਰ ਵੀ ਇਸ ਫੈਸਲੇ ਨੇ ਭਾਜਪਾ ਨੂੰ ਬੇਪਰਦ ਕੀਤਾ। ਦੂਜਾ ਮਾਮਲਾ ਚੰਡੀਗੜ੍ਹ ਦੀ ਮੇਅਰ ਚੋਣ ਵਿਚ ਜਿਸ ਤਰ੍ਹਾਂ ਭਾਜਪਾ ਵੱਲੋਂ ਆਪਣੇ ਮੈਂਬਰ ਨੂੰ ਪ੍ਰੀਜ਼ਾਈਡਿੰਗ ਅਫਸਰ ਬਣਾ ਕੇ ਧਾਂਦਲੀ ਕੀਤੀ ਗਈ; ਉਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੇ ਭਾਜਪਾ ਦੇ ਨੈਤਿਕ ਚਰਿੱਤਰ ਉੱਪਰ ਸਵਾਲ ਖੜ੍ਹਾ ਕਰ ਦਿੱਤਾ।

ਹੁਣ ਤਾਜ਼ਾ ਫੈਸਲੇ ਵਿਚ ਸੁਪਰੀਮ ਕੋਰਟ ਨੇ ਸਾਰੀਆਂ ਪਟੀਸ਼ਨਾਂ ਖਾਰਜ ਕਰਦਿਆਂ ਪੇਪਰ ਬੈਲੇਟ ਵੋਟਿੰਗ ਪ੍ਰਣਾਲੀ ਵੱਲ ਪਰਤਣ ਦੀ ਮੰਗ ਵੀ ਖਾਰਜ ਕਰ ਦਿੱਤੀ ਹੈ। ਅਦਾਲਤ ਦਾ ਕਹਿਣਾ ਹੈ ਕਿ ਢਾਂਚੇ ਦੇ ਕਿਸੇ ਪੱਖ 'ਤੇ ਭਰੋਸਾ ਨਾ ਕਰਨ ਨਾਲ ਬੇਲੋੜੇ ਸ਼ੰਕੇ ਖੜ੍ਹੇ ਹੋਣਗੇ। ਵੈਸੇ ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦ ਅਦਾਲਤ ਨੇ 'ਸਿਸਟਮ' ਵਿਚ ਦਖਲ ਦੇਣ ਤੋਂ ਇਨਕਾਰ ਕੀਤਾ ਹੈ, ਇਸ ਨੇ ਪਹਿਲਾਂ ਇੱਕ ਕੇਸ ਵਿਚ ਪੇਪਰ ਟ੍ਰੇਲ ਦੀ 50% ਤਸਦੀਕ ਸਬੰਧੀ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਹਾਲਾਂਕਿ 2013 ਦੇ ਇੱਕ ਫੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਪੇਪਰ ਟਰੇਲ ਆਜ਼ਾਦ ਅਤੇ ਨਿਰਪੱਖ ਚੋਣਾਂ ਲਈ ਲਾਜ਼ਮੀ ਲੋੜ ਹੈ' ਪਰ ਹੁਣ ਤਾਜ਼ਾ ਫੈਸਲਾ ਹੋਰ ਤਰ੍ਹਾਂ ਹੈ। ਮਾਮਲੇ ਦੀ ਤ੍ਰਾਸਦੀ ਦੇਖਣ ਵਾਲੀ ਹੈ ਕਿ ਪੇਪਰ ਆਡਿਟ ਟ੍ਰੇਲ (ਵੀ.ਵੀ.ਪੈਟ) ਦੀ ਸ਼ੁਰੂਆਤ ਈ.ਵੀ.ਐਮ. ਪ੍ਰਤੀ ਪ੍ਰਗਟਾਏ ਜਾ ਰਹੇ ਖਦਸ਼ਿਆਂ ਦੇ ਜਵਾਬ ਵਜੋਂ ਹੋਈ ਸੀ, ਹੁਣ ਹਕੀਕਤ ਇਹ ਹੈ ਕਿ ਅੱਜ ਵੀ.ਵੀ.ਪੈਟ ਹੀ ਵਿਵਾਦਾਂ ਵਿਚ ਘਿਰ ਗਈ ਹੈ।

ਸੁਪਰੀਮ ਕੋਰਟ ਵੱਲੋਂ ਭਾਵੇਂ ਵੀ.ਵੀ.ਪੈਟ ਨਾਲ 100 ਫੀਸਦ ਤਸਦੀਕ ਨੂੰ ਨਕਾਰ ਦਿੱਤਾ ਗਿਆ ਹੈ ਲੇਕਿਨ ਸਿਆਸੀ ਪਾਰਟੀਆਂ ਤੇ ਦੂਜੇ ਅਤੇ ਤੀਜੇ ਨੰਬਰ ਉੱਪਰ ਰਹਿਣ ਵਾਲੇ ਉਮੀਦਵਾਰਾਂ ਲਈ ਮੌਕਾ ਦੇ ਦਿੱਤਾ ਗਿਆ ਹੈ ਕਿ ਉਹ 5 ਫੀਸਦ ਈ.ਵੀ.ਐਮ. ਦੀ ਜਾਂਚ ਕਰਵਾ ਸਕਣਗੇ।




ਅਦਾਲਤ ਨੇ ਕਿਹਾ ਹੈ ਕਿ ਦੂਜੇ ਜਾਂ ਤੀਜੇ ਨੰਬਰ 'ਤੇ ਆਉਣ ਵਾਲੇ ਉਮੀਦਵਾਰ ਨੂੰ ਸ਼ੱਕ ਹੈ ਤਾਂ ਉਹ ਨਤੀਜੇ ਦੇ ਐਲਾਨ ਦੇ ਬਾਅਦ 7 ਦਿਨਾਂ ਦੇ ਅੰਦਰ ਸ਼ਿਕਾਇਤ ਕਰ ਸਕਦਾ ਹੈ। ਦੂਜੇ ਜਾਂ ਤੀਜੇ ਨੰਬਰ ਦੇ ਉਮੀਦਵਾਰ ਦੀ ਸ਼ਿਕਾਇਤ ਦੇ ਬਾਅਦ ਈ.ਵੀ.ਐਮ. ਮਸ਼ੀਨ ਬਣਾਉਣ ਵਾਲੀ ਕੰਪਨੀ ਦੇ ਇੰਜਨੀਅਰ ਸਬੰਧਤ ਲੋਕ ਸਭਾ ਹਲਕੇ ਦੀਆਂ ਕੁੱਲ ਮਸ਼ੀਨਾਂ ਵਿਚੋਂ 5 ਫੀਸਦੀ ਮਸ਼ੀਨਾਂ ਦੀ ਜਾਂਚ ਕਰਨਗੇ। ਜਾਂਚ ਕੀਤੀਆਂ ਜਾਣ ਵਾਲੀਆਂ ਮਸ਼ੀਨਾਂ ਨੂੰ ਸ਼ਿਕਾਇਤਕਰਤਾ ਉਮੀਦਵਾਰ ਜਾਂ ਉਸ ਦਾ ਨੁਮਾਇੰਦਾ ਚੁਣੇਗਾ। ਵੈਸੇ ਜਾਂਚ ਦਾ ਸਾਰਾ ਖਰਚਾ ਉਮੀਦਵਾਰ ਨੂੰ ਦੇਣਾ ਪਵੇਗਾ ਹਾਲਾਂਕਿ ਈ.ਵੀ.ਐਮ. ਨਾਲ ਛੇੜਛਾੜ ਦੀ ਗੱਲ ਸਾਬਤ ਹੋਣ 'ਤੇ ਉਮੀਦਵਾਰ ਨੂੰ ਖਰਚਾ ਵਾਪਸ ਕਰ ਦਿੱਤਾ ਜਾਵੇਗਾ।

ਦੇਸ਼ ਵਿਚ ਦੋ ਗੇੜ ਦੀਆਂ ਨੇਪਰੇ ਚੜ੍ਹੀਆਂ ਚੋਣਾਂ ਦੌਰਾਨ ਹੋਈ ਘੱਟ ਵੋਟ ਫੀਸਦ ਹਾਕਮ ਜਮਾਤੀ ਪਾਰਟੀਆਂ ਲਈ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਬਿਹਾਰ ਸਮੇਤ ਕਈ ਸੂਬਿਆਂ ਦੇ ਕੁਝ ਜ਼ਿਲ੍ਹੇ ਅਜਿਹੇ ਹਨ ਜਿੱਥੇ 50 ਫੀਸਦ ਲੋਕ ਵੀ ਵੋਟ ਪਾਉਣ ਲਈ ਪੋਲਿੰਗ ਬੂਥ ਤੱਕ ਨਹੀਂ ਪਹੁੰਚੇ ਹਨ। ਜੇਕਰ ਸਰਕਾਰ, ਚੋਣ ਕਮਿਸ਼ਨ ਸਮੇਤ ਅਨੇਕ ਐਨ.ਜੀ.ਓ. ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਤੀਜੇ ਹਿੱਸੇ ਤੋਂ ਵੱਧ ਲੋਕ ਵੋਟ ਪਾਉਣ ਨਹੀਂ ਆਉਂਦੇ ਤਾਂ ਇਹਦਾ ਮਤਲਬ ਸਾਫ ਹੈ ਕਿ ਉਹਨਾਂ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਇਹਨਾਂ ਚੋਣਾਂ ਰਾਹੀਂ ਉਹਨਾਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਹੋ ਸਕਦਾ ਹੈ। ਇਸੇ ਕਰ ਕੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਵਰਗੀਆਂ ਸੰਸਥਾਵਾਂ ਤੇ ਕੁਝ ਸਮਾਜ ਸੁਧਾਰਕ ਜ਼ੋਰ ਦੇ ਰਹੇ ਹਨ ਕਿ ਇਸ ਚੋਣ ਪ੍ਰਕਿਰਿਆ 'ਚ ਲੋਕਾਂ ਦਾ ਭਰੋਸਾ ਵਧਾਉਣ ਲਈ ਵੀ.ਵੀ.ਪੈਟ ਦੀ ਵੱਧ ਤੋਂ ਵੱਧ ਵਰਤੋਂ ਹੋਣੀ ਚਾਹੀਦੀ ਹੈ। ਜਦ ਤੱਕ ਵੋਟਰ ਨੂੰ ਇਹ ਸਬੂਤ ਨਹੀਂ ਹੈ ਕਿ ਉਸ ਦਾ ਵੋਟ ਉਸ ਵੱਲੋਂ ਦੱਬੇ ਬਟਨ ਵਾਲੇ ਉਮੀਦਵਾਰ ਨੂੰ ਹੀ ਮਿਲਿਆ, ਤਦ ਤੱਕ ਉਹ ਸੰਤੁਸ਼ਟ ਕਿਵੇਂ ਹੋਵੇਗਾ।

ਪਿਛਲੇ ਸਮਿਆਂ ਦੌਰਾਨ ਭਾਰਤ ਵਿਚ 'ਜਾਗੋ ਗ੍ਰਾਹਕ ਜਾਗੋ' ਜਿਹੇ ਨਾਅਰੇ ਸਰਕਾਰਾਂ ਨੇ ਦਿੱਤੇ। ਸਰਕਾਰਾਂ ਨੇ ਗ੍ਰਾਹਕਾਂ ਨੂੰ ਜਾਗਰੂਕ ਕਰਨ ਲਈ ਟੈਲੀਵਿਜ਼ਨਾਂ ਰਾਹੀਂ ਮਸ਼ਹੂਰੀਆਂ ਚਲਾਈਆਂ ਕਿ ਦੁਕਾਨ ਤੋਂ ਹਰ ਚੀਜ਼ ਮਿਣ-ਤੋਲ ਕੇ ਲਓ ਪਰ ਹੁਣ ਜਦ ਉਹੀ ਲੋਕ ਚੀਜ਼ ਦੀ ਥਾਂ ਆਪਣੀ ਵੋਟ ਬਾਰੇ ਸਬੂਤ ਲੈਣਾ ਚਾਹੁੰਦੇ ਹਨ ਕਿ ਉਹਨਾਂ ਨੇ ਜੋ ਵੋਟ ਪਾਈ ਹੈ, ਉਸ ਦਾ ਸਬੂਤ ਦਿੱਤਾ ਜਾਵੇ ਕਿ ਉਹ ਵੋਟ ਉਸੇ ਉਮੀਦਵਾਰ ਦੇ ਖਾਤੇ ਪਈ ਹੈ ਜਿਸ ਨੂੰ ਉਹਨਾਂ ਵੋਟ ਪਾਈ ਹੈ ਤਾਂ ਸਰਕਾਰ ਤੇ ਅਦਾਲਤਾਂ ਮਾਮਲੇ ਨੂੰ ਪਾਰਦਰਸ਼ੀ ਸਿੱਧ ਕਰਨ ਦੀ ਬਜਾਇ ਚੁੱਪ ਕਰਵਾ ਰਹੀਆਂ ਹਨ।

ਚੋਣ ਪ੍ਰਣਾਲੀ ਨਾਲ ਜੁੜੀ ਅਫਸਰਸ਼ਾਹੀ ਇਹ ਦਾਅਵਾ ਤਾਂ ਕਰਦੀ ਹੈ ਕਿ ਈ.ਵੀ.ਐਮ. 100 ਪ੍ਰਤੀਸ਼ਤ ਸੁਰੱਖਿਅਤ ਹਨ ਪਰ ਉਹ ਇਨ੍ਹਾਂ ਦੀ ਭਰੋਸੇਯੋਗਤਾ ਅਤੇ ਮਜ਼ਬੂਤੀ ਬਾਰੇ 100 ਫੀਸਦ ਕਹਿਣ ਤੋਂ ਗੁਰੇਜ਼ ਕਰਦੇ ਹਨ।

ਅਸਲ ਵਿਚ ਵੋਟਿੰਗ ਮਸ਼ੀਨਾਂ ਰਾਹੀਂ ਵੋਟਾਂ ਪਾਉਣ ਦਾ ਸਿਲਸਿਲਾ ਜਦ ਤੋਂ ਸ਼ੁਰੂ ਹੋਇਆ ਹੈ ਤਦ ਤੋਂ ਹੀ ਇਨ੍ਹਾਂ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਸਾਹਮਣੇ ਆਉਂਦੇ ਰਹੇ ਹਨ। ਤਕਨੀਕੀ ਜਾਣਕਾਰੀ ਰੱਖਣ ਵਾਲੇ ਕੁਝ ਮਾਹਿਰਾਂ ਨੇ ਤਾਂ ਇਨ੍ਹਾਂ ਦੇ ਹੈਕ ਹੋਣ ਤੱਕ ਦੇ ਦਾਅਵੇ ਕੀਤੇ ਹਨ। ਮੁੱਖ ਧਾਰਾ ਸਿਆਸਤ ਨਾਲ ਸਬੰਧਤ ਕਈ ਸਿਆਸੀ ਪਾਰਟੀਆਂ ਮਸ਼ੀਨਾਂ ਦੀ ਥਾਂ ਮੁੜ ਬੈਲਟ ਪੱਤਰਾਂ ਰਾਹੀਂ ਵੋਟ ਪਵਾਉਣ ਦੀ ਮੰਗ ਕਰ ਚੁੱਕੀਆਂ ਹਨ। ਈ.ਵੀ.ਐਮ. ਵਿਚ ਤਕਨੀਕੀ ਖ਼ਰਾਬੀ ਕਾਰਨ ਮਹਾਰਾਸ਼ਟਰ ਦੇ ਮਰਾਠਵਾੜਾ ਅਤੇ ਵਿਦਰਭ ਜ਼ਿਲ੍ਹਿਆਂ ਵਿਚ ਚੋਣ ਪ੍ਰਕਿਰਿਆ ਪ੍ਰਭਾਵਿਤ ਹੋਈ। ਇਸ ਤਰ੍ਹਾਂ ਦੀਆਂ ਖ਼ਰਾਬੀਆਂ ਭਾਵੇਂ ਬਹੁਤ ਘੱਟ ਮਿਲੀਆਂ ਹਨ ਪਰ ਇਹ ਮਸ਼ੀਨਾਂ ਦੀ ਕਾਰਜ ਪ੍ਰਣਾਲੀ ਬਾਰੇ ਸ਼ੱਕ ਖੜ੍ਹੇ ਕਰਦੀਆਂ ਹਨ।

ਜੇਕਰ ਕਿਸੇ ਨੂੰ ਇਹ ਲੱਗਦਾ ਹੈ ਕਿ 100 ਫੀਸਦ ਵੀ.ਵੀ.ਪੈਟ ਨਾਲ ਖਰਚਾ ਵਧ ਜਾਵੇਗਾ ਤਾਂ ਇਹ ਦਲੀਲ ਠੀਕ ਨਹੀਂ ਹੈ ਕਿਉਂਕਿ ਖਰਚਾ ਘਟਾਉਣ ਦੇ ਹੋਰ ਬਹੁਤ ਸਾਰੇ ਤਰੀਕੇ ਹਨ। ਅੱਜ ਕੱਲ੍ਹ ਦੇ ਰੁਝਾਨ ਅਨੁਸਾਰ ਵਿਧਾਇਕ ਜਾਂ ਕੈਬਨਿਟ ਮੰਤਰੀ ਲੋਕ ਸਭਾ ਚੋਣ ਲੜਦਾ ਹੈ ਜਾਂ ਫਿਰ ਸੰਸਦ ਮੈਂਬਰ ਜਾਂ ਕੇਂਦਰੀ ਮੰਤਰੀ ਐਮ.ਐਲ.ਏ. ਦੀ ਚੋਣ ਲੜਦਾ ਹੈ ਤਾਂ ਉਸ ਦੇ ਜਿੱਤਣ ਦੀ ਸੂਰਤ ਵਿਚ ਕੀ ਚੋਣ ਦਾ ਮੁੜ ਖਰਚਾ ਖੜ੍ਹ ਨਹੀਂ ਹੁੰਦਾ? ਇਸੇ ਤਰ੍ਹਾਂ ਇੱਕ ਤੋਂ ਵੱਧ ਸੀਟਾਂ ਜਿੱਤਣ ਉਪਰੰਤ ਮੁੜ ਚੋਣ ਦਾ ਖਰਚਾ ਖੜ੍ਹਾ ਨਹੀਂ ਹੁੰਦਾ? ਸੋ, ਮਸਲਾ ਖਰਚੇ ਦਾ ਨਹੀਂ ਹੈ ਬਲਕਿ ਪਾਰਦਰਸ਼ਤਾ ਅਤੇ ਵੋਟਰਾਂ ਦੀ ਭਰੋਸੇਯੋਗਤਾ ਦਾ ਹੈ।

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਭਾਰਤ ਦੀ ਚੋਣ ਪ੍ਰਣਾਲੀ ਤਾਂ ਪਹਿਲਾਂ ਤੋਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਆਮ ਲੋਕਾਂ ਵਿਚ ਦਹਾਕਿਆਂ ਤੋਂ ਇਹ ਧਾਰਨਾ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਸਿਰਫ 'ਤਕੜੇ' ਜਾਂ 'ਬਾਹੂਬਲੀ' ਲੋਕ ਹੀ ਜਿੱਤ ਸਕਦੇ ਹਨ। ਹੁਣ ਲੋਕਾਂ ਵਿਚ ਇਹ ਧਾਰਨਾ ਪ੍ਰਪੱਕ ਹੋ ਰਹੀ ਹੈ ਕਿ ਈ.ਵੀ.ਐਮ. ਨੇ ਇਸ ਚੋਣ ਪ੍ਰਣਾਲੀ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਦੀ ਥਾਂ ਲੋਕ ਮਨਾਂ ਵਿਚ ਹੋਰ ਵੱਧ ਸਵਾਲ ਖੜ੍ਹੇ ਕੀਤੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਈ.ਵੀ.ਐਮ. ਜਾਂ ਵੀ.ਵੀ.ਪੈਟ ਉੱਪਰ ਚਰਚਾ ਤੋਂ ਵੀ ਵੱਡਾ ਤੇ ਗੰਭੀਰ ਸਵਾਲ ਇਹ ਖੜ੍ਹਾ ਹੈ ਕਿ ਕੀ ਮੌਜੂਦਾ ਚੋਣ ਪ੍ਰਣਾਲੀ ਰਾਹੀਂ ਕੋਈ ਲੋਕ ਪੱਖੀ ਸਰਕਾਰ ਚੁਣੀ ਜਾ ਸਕਦੀ ਹੈ ਜਾਂ ਨਹੀਂ? ਬੇਸ਼ੱਕ ਇਸ ਚੋਣ ਪ੍ਰਣਾਲੀ ਰਾਹੀਂ ਕੋਈ ਲੋਕ ਪੱਖੀ ਸਰਕਾਰ ਦਾ ਗਠਨ ਸੰਭਵ ਨਹੀਂ ਜਾਪਦਾ ਹੈ, ਫਿਰ ਵੀ ਵੋਟਰਾਂ ਦੀ ਤਸੱਲੀ ਅਤੇ ਭਰੋਸੇਯੋਗਤਾ ਲਈ ਇਸ ਚੋਣ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਖਾਤਰ ਵੀ.ਵੀ.ਪੈਟ ਬਹੁਤ ਜ਼ਰੂਰੀ ਹੈ।

# ਮੁਸਲਮਾਨਾਂ ਵਿਰੁੱਧ ਜ਼ਹਿਰੀਲੇ ਭਾਸ਼ਣਾਂ ਦੀ ਸਿਆਸਤ

**ਮੁਸਲਮਾਨ ਮੁੱਦਾ ਉਛਾਲਣ ਦੀ ਵਜ੍ਹਾ ਇਹ ਸੀ ਕਿ ਵੋਟਾਂ ਦੇ ਪਹਿਲੇ ਗੇੜ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ 19 ਅਪਰੈਲ ਦੀ ਰਾਤ ਨਾਗਪੁਰ 'ਚ ਆਪਣੇ ਵਿਚਾਰਧਾਰਕ ਗੁਰੂਆਂ ਕੋਲ ਗੁਜ਼ਾਰੀ ਸੀ। ਸੰਘ ਨੇ ਉਸ ਨੂੰ ਜ਼ਮੀਨੀ ਹਾਲਾਤ ਦੀ ਰਿਪੋਰਟ ਤੋਂ ਜਾਣੂ ਕਰਵਾਇਆ ਹੋਵੇਗਾ ਕਿ ਉਸ ਦਾ ਵਿਕਾਸ ਦਾ ਮੰਤਰ ਅਸਰ ਨਹੀਂ ਪਾ ਰਿਹਾ। ਇਸੇ ਵਿਚੋਂ ਉਤਰੀ ਭਾਰਤ ਦੇ 'ਗਊ ਪੱਟੀ' ਰਾਜਾਂ ਵਿਚ ਮੋਦੀ ਅਤੇ ਹੋਰ ਆਗੂਆਂ ਨੇ ਆਪਣੇ ਭਾਸ਼ਣਾਂ 'ਚ ਮੁਸਲਿਮ ਹਊਆ ਖੜ੍ਹਾ ਕਰਨ ਦਾ ਯਤਨ ਕੀਤਾ। ਇਸ ਵਿਚੋਂ ਸੰਘ ਬ੍ਰਿਗੇਡ ਦਾ ਇਹ ਤੌਖਲਾ ਨਜ਼ਰ ਆਉਂਦਾ ਹੈ ਕਿ ਮੋਦੀ ਸਰਕਾਰ ਦੇ ਵਿਕਾਸ ਦੇ ਦਾਅਵੇ ਵੋਟਰਾਂ ਨੂੰ ਪ੍ਰਭਾਵਿਤ ਨਹੀਂ ਕਰ ਰਹੇ।**

93 ਸਾਬਕਾ ਸਿਵਲ ਅਧਿਕਾਰੀਆਂ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤਾਂ ਭੇਜ ਕੇ ਨਰਿੰਦਰ ਮੋਦੀ ਵੱਲੋਂ ਹਾਲ ਹੀ ਵਿਚ ਰਾਜਸਥਾਨ ਵਿਖੇ ਦਿੱਤੇ ਨਫ਼ਰਤ ਭੜਕਾਊ ਭਾਸ਼ਣ ਦੇ ਕੇ 'ਆਦਰਸ਼ ਚੋਣ ਜ਼ਾਬਤੇ' ਦੀ ਉਲੰਘਣਾ ਦਾ ਮੁੱਦਾ ਚੁੱਕਿਆ ਹੈ ਅਤੇ ਮੋਦੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਦੀਆਂ 17 ਸ਼ਿਕਾਇਤਾਂ ਤੋਂ ਇਲਾਵਾ ਸੀ.ਪੀ.ਐਮ., ਸੀ.ਪੀ.ਆਈ.-ਐੱਮ.ਐੱਲ.-(ਲਿਬਰੇਸ਼ਨ) ਵਗੈਰਾ ਨੇ ਵੀ ਵੱਖੋ-ਵੱਖਰੇ ਤੌਰ 'ਤੇ ਕੁਝ ਸ਼ਿਕਾਇਤਾਂ ਕਮਿਸ਼ਨ ਕੋਲ ਦਰਜ ਕਰਾਈਆਂ ਹਨ। ਕਾਂਗਰਸ ਦੇ ਆਗੂ ਮੋਦੀ ਨੂੰ ਆਪਣਾ ਮੈਨੀਫੈਸਟੋ ਭੇਜਣ ਅਤੇ ਉਸ ਨੂੰ ਮੈਨੀਫੈਸਟੋ ਸਮਝਾਉਣ ਲਈ ਸਮਾਂ ਮੰਗਣ ਦੀ ਬਿਆਨਬਾਜ਼ੀ ਕਰ ਕੇ ਸ਼ਾਇਦ ਇਹ ਸਾਬਤ ਕਰਨਾ ਚਾਹੁੰਦੇ ਹਨ, ਜਿਵੇਂ ਕਿਤੇ ਮੋਦੀ ਨੂੰ ਉਨ੍ਹਾਂ ਦਾ ਮੈਨੀਫੈਸਟੋ ਸਮਝ ਨਾ ਆਇਆ ਹੋਵੇ ਅਤੇ ਭਾਜਪਾ ਨੇ ਉਨ੍ਹਾਂ ਦਾ ਮੈਨੀਫੈਸਟੋ ਪੜ੍ਹਿਆ ਹੀ ਨਾ ਹੋਵੇ! ਇਹ ਇਸ ਹਕੀਕਤ ਤੋਂ ਅੱਖਾਂ ਮੀਟਣਾ ਹੈ ਕਿ ਸੰਘ ਬ੍ਰਿਗੇਡ ਦਾ ਮੁਸਲਮਾਨਾਂ ਨੂੰ ਦਬਾ ਕੇ ਦੋਇਮ ਦਰਜੇ ਦੇ ਨਾਗਰਿਕ ਬਣਾਉਣ ਦਾ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਫਾਸ਼ੀਵਾਦੀ ਪ੍ਰੋਜੈਕਟ ਗੋਲਵਲਕਰ ਦੇ ਸਮੇਂ ਤੋਂ ਹੀ ਬਿਲਕੁਲ ਸਾਫ਼-ਸਪਸ਼ਟ ਹੈ ਅਤੇ ਮੋਦੀ ਤੇ ਹੋਰ ਆਗੂਆਂ ਦੇ ਹਾਲੀਆ ਜ਼ਹਿਰੀਲੇ ਬਿਆਨ ਉਸੇ ਦੀ ਲਗਾਤਾਰਤਾ ਹੈ।

ਆਰ.ਐੱਸ.ਐੱਸ.-ਭਾਜਪਾ ਨੇ ਦਸ ਸਾਲਾਂ 'ਚ ਮੁਸਲਮਾਨ ਫਿਰਕੇ ਵਿਰੁੱਧ ਨਫ਼ਰਤ ਫੈਲਾਉਣ ਅਤੇ ਉਨ੍ਹਾਂ ਨੂੰ ਦਬਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਹੁਣ ਚੋਣਾਂ ਵਿਚ ਵੀ ਉਹ ਇਸ ਹਥਿਆਰ ਦਾ ਖੁੱਲ੍ਹੇਆਮ ਇਸਤੇਮਾਲ ਕਰ ਰਹੇ ਹਨ। ਭਾਜਪਾ ਦੀਆਂ ਚੋਣ ਰੈਲੀਆਂ ਐਸਾ ਚਸ਼ਮਾ ਹਨ ਜਿੱਥੋਂ ਨਫ਼ਰਤ ਦੀ ਧਾਰਾ ਲਗਾਤਾਰ ਨਿਕਲ ਕੇ ਧਾਰਮਿਕ ਫਿਰਕਿਆਂ ਦਰਮਿਆਨ ਜ਼ਹਿਰ ਘੋਲਦੀ ਹੋਈ ਉਸ ਫ਼ਸਲ ਨੂੰ ਪਾਲ ਰਹੀ ਹੈ ਜਿਸ ਨੂੰ ਵੱਢ ਕੇ ਨਾਗਪੁਰੀ ਸਦਰ ਮੁਕਾਮ ਨੇ ਆਪਣੇ ਰਾਜਨੀਤਕ ਚਿਹਰਿਆਂ ਰਾਹੀਂ ਤੀਜੀ ਵਾਰ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਦਾ ਆਪਣਾ ਸੁਪਨਾ ਪੂਰਾ ਕਰਨਾ ਹੈ।

ਅੱਗੇ ਚਰਚਾ ਕਰਨ ਤੋਂ ਪਹਿਲਾਂ ਮੋਦੀ ਦੇ ਅਸਲ ਸ਼ਬਦਾਂ 'ਤੇ ਨਜ਼ਰ ਮਾਰਨੀ ਠੀਕ ਰਹੇਗੀ। 21 ਅਪਰੈਲ ਨੂੰ ਰਾਜਸਥਾਨ ਦੇ ਬਾਂਸਵਾੜਾ ਵਿਚ ਭਾਜਪਾ ਦੀ ਚੋਣ ਰੈਲੀ ਵਿਚ ਕਾਂਗਰਸ ਦੇ ਚੋਣ ਮੈਨੀਫੈਸਟੋ ਉੱਪਰ ਹਮਲਾ ਕਰਦਿਆਂ ਮੋਦੀ ਨੇ ਕਿਹਾ ਕਿ "ਕਾਂਗਰਸ ਹੁਣ ਅਰਬਨ ਨਕਸਲਾਂ ਦੇ ਕਬਜ਼ੇ 'ਚ ਚਲੀ ਗਈ ਹੈ। ਕਾਂਗਰਸ ਹੁਣ ਖੱਬੇ ਪੱਖੀਆਂ ਦੇ ਚੁੰਗਲ 'ਚ ਫਸੀ ਹੋਈ ਹੈ... (ਇਸ ਵਾਰ) ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਜੋ ਕਿਹਾ ਹੈ, ਉਹ ਚਿੰਤਾਜਨਕ ਹੈ, ਗੰਭੀਰ ਹੈ; ਤੇ ਇਹ ਮਾਓਵਾਦ ਦੀ ਸੋਚ ਜ਼ਮੀਨ 'ਤੇ ਉਤਾਰਨ ਦੀ ਕੋਸ਼ਿਸ਼ ਹੈ।" ਇਸ ਤੋਂ ਅੱਗੇ ਮੋਦੀ ਨੇ ਫਰਮਾਇਆ, "ਕਾਂਗਰਸ ਦੀ ਸਰਕਾਰ ਬਣਨ 'ਤੇ ਹਰ ਇਕ ਦੀ ਸੰਪਤੀ ਦਾ ਸਰਵੇ ਕੀਤਾ ਜਾਵੇਗਾ। ਮਾਵਾਂ-ਭੈਣਾਂ ਕੋਲ ਕਿੰਨਾ ਸੋਨਾ-ਚਾਂਦੀ ਹੈ, ਉਸ ਦੀ ਜਾਂਚ ਕੀਤੀ ਜਾਵੇਗੀ। ਸਰਕਾਰੀ ਮੁਲਾਜ਼ਮਾਂ ਦੀ ਨੌਕਰੀ, ਜਗ੍ਹਾ ਅਤੇ ਪੈਸੇ ਦੀ ਜਾਂਚ ਕੀਤੀ ਜਾਵੇਗੀ। ਮਾਵਾਂ-ਭੈਣਾਂ ਦੀ ਸੋਨਾ-ਚਾਂਦੀ ਅਤੇ ਜਾਇਦਾਦ ਸਾਰਿਆਂ 'ਚ ਬਰਾਬਰ ਵੰਡ ਦਿੱਤੀ ਜਾਵੇਗੀ।" ਇਸ ਤੋਂ ਵੀ ਅੱਗੇ ਉਸ ਨੇ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਇਸ ਨੂੰ ਮੰਗਲਸੂਤਰ ਨਾਲ ਜੋੜਿਆ ਕਿ ਕਾਂਗਰਸ ਦੀ ਸਰਕਾਰ ਔਰਤਾਂ ਦੇ ਮੰਗਲਸੂਤਰ ਲਾਹ ਲਵੇਗੀ ਜੋ ਉਨ੍ਹਾਂ ਦੀ ਜ਼ਿੰਦਗੀ ਦੇ ਸੁਪਨੇ, ਉਨ੍ਹਾਂ ਦੇ ਸਵੈਮਾਣ ਨਾਲ ਜੁੜਿਆ ਹੋਇਆ ਹੈ।

ਮੋਦੀ ਇੱਥੋਂ ਤੱਕ ਹੀ ਸੀਮਤ ਨਹੀਂ ਰਿਹਾ। ਉਸ ਨੇ ਸਿੱਧਾ ਫਿਰਕੂ ਹਮਲਾ ਕਰਦਿਆਂ ਕਿਹਾ ਕਿ ਕਾਂਗਰਸ ਦੀ ਪਹਿਲੀ ਸਰਕਾਰ (ਮਨਮੋਹਨ ਸਿੰਘ ਸਰਕਾਰ) ਨੇ ਕਿਹਾ ਸੀ ਕਿ "ਦੇਸ਼ ਦੀ ਸੰਪਤੀ ਉੱਪਰ ਪਹਿਲਾ ਅਧਿਕਾਰ ਮੁਸਲਮਾਨਾਂ ਦਾ ਹੈ। ਇਹ ਸੰਪਤੀ ਲੈ ਕੇ ਕਿਸ ਨੂੰ ਵੰਡਣਗੇ? ਜਿਨ੍ਹਾਂ ਦੇ ਜ਼ਿਆਦਾ ਬੱਚੇ ਹਨ, ਉਨ੍ਹਾਂ ਨੂੰ ਵੰਡਣਗੇ। ਘੁਸਪੈਠੀਆਂ ਨੂੰ ਵੰਡਣਗੇ, ਤੁਹਾਡੀ ਮਿਹਨਤ ਦੀ ਕਮਾਈ ਦਾ ਪੈਸਾ ਘੁਸਪੈਠੀਆਂ ਨੂੰ ਦਿੱਤਾ ਜਾਵੇਗਾ, ਕੀ ਤੁਹਾਨੂੰ ਇਹ ਮਨਜ਼ੂਰ ਹੈ? ਇਹ ਕਾਂਗਰਸ ਦਾ ਮੈਨੀਫੈਸਟੋ ਕਹਿ ਰਿਹਾ ਹੈ ਕਿ ਮਾਵਾਂ-ਭੈਣਾਂ ਦੇ ਸੋਨੇ ਦਾ ਹਿਸਾਬ ਕਰਨਗੇ, ਉਨ੍ਹਾਂ ਦੀ ਤਲਾਸ਼ੀ ਲੈਣਗੇ, ਜਾਣਕਾਰੀ ਲੈਣਗੇ ਅਤੇ ਫਿਰ ਉਹ ਸੰਪਤੀ ਵੰਡ ਦੇਣਗੇ ਅਤੇ ਉਨ੍ਹਾਂ ਨੂੰ ਵੰਡਣਗੇ ਜਿਨ੍ਹਾਂ ਨੂੰ ਮਨਮੋਹਨ ਸਿੰਘ ਜੀ ਦੀ ਸਰਕਾਰ ਨੇ ਕਿਹਾ ਸੀ ਕਿ ਸੰਪਤੀ ਉੱਪਰ ਪਹਿਲਾ ਅਧਿਕਾਰ ਮੁਸਲਮਾਨਾਂ ਦਾ ਹੈ। ਇਹ ਅਰਬਨ ਨਕਸਲ ਦੀ ਸੋਚ, ਮੇਰੀ ਮਾਤਾਓ-ਭੈਣੋਂ ਇਹ ਤੁਹਾਡਾ ਮੰਗਲਸੂਤਰ ਵੀ ਨਹੀਂ ਰਹਿਣ ਦੇਣਗੇ...।"

ਇਸ ਤੋਂ ਅਗਲੇ ਦਿਨ ਅਮਿਤ ਸ਼ਾਹ ਨੇ ਛੱਤੀਸਗੜ੍ਹ ਵਿਚ ਆਪਣੇ ਭਾਸ਼ਣ 'ਚ ਕਿਹਾ ਕਿ ਕਾਂਗਰਸ ਦੀ ਅੱਖ ਹਿੰਦੂ ਮੱਠਾਂ ਅਤੇ ਮੰਦਰਾਂ ਦੀ ਦੌਲਤ ਉੱਪਰ ਹੈ। ਸ਼ਾਹ ਨੇ ਇਹ ਵੀ ਕਿਹਾ ਕਿ ਕਾਂਗਰਸ ਮੁਸਲਿਮ ਪਰਸਨਲ ਲਾਅ ਦੁਬਾਰਾ ਲਿਆ ਕੇ ਮੁਲਕ ਨੂੰ 'ਸ਼ਰੀਆ ਕਾਨੂੰਨ' ਅਤੇ 'ਤੀਨ ਤਲਾਕ' ਅਨੁਸਾਰ ਚਲਾਏਗੀ। ਦੋ ਦਿਨ ਬਾਅਦ ਮੋਦੀ ਨੇ ਮੁਸਲਮਾਨਾਂ ਲਈ ਰਾਖਵੇਂਕਰਨ ਦੀ ਆਲੋਚਨਾ ਕੀਤੀ ਅਤੇ ਰਾਜਨਾਥ ਸਿੰਘ ਨੇ ਤਾਂ ਹੋਰ ਵੀ ਅੱਗੇ ਜਾ ਕੇ ਇਹ ਵੀ ਕਿਹਾ ਕਿ ਕਾਂਗਰਸ ਹਥਿਆਰਬੰਦ ਤਾਕਤਾਂ ਦੀਆਂ ਨੌਕਰੀਆਂ 'ਚ ਵੀ ਮੁਸਲਮਾਨਾਂ ਲਈ ਰਾਖਵਾਂਕਰਨ ਲਾਗੂ ਕਰੇਗੀ। ਜੇ.ਪੀ. ਨੱਢਾ ਨੇ ਆਪਣੇ ਵੀਡੀਓ ਭਾਸ਼ਣ ਵਿਚ 'ਐੱਸ.ਸੀ., ਐੱਸ.ਟੀ. ਅਤੇ ਓ.ਬੀ.ਸੀ. ਦੇ ਹੱਕ ਖੋਹ ਕੇ' ਮੁਸਲਮਾਨਾਂ ਨੂੰ ਦੇਣ ਦਾ ਬਿਰਤਾਂਤ ਪ੍ਰਚਾਰਿਆ।



ਮੁਸਲਮਾਨ ਮੁੱਦਾ ਉਛਾਲਣ ਪਿੱਛੇ ਵਜ੍ਹਾ ਇਹ ਸੀ ਕਿ ਵੋਟਾਂ ਦੇ ਪਹਿਲੇ ਗੇੜ ਤੋਂ ਬਾਅਦ ਮੋਦੀ ਨੇ 19 ਅਪਰੈਲ ਦੀ ਰਾਤ ਨਾਗਪੁਰ 'ਚ ਆਪਣੇ ਵਿਚਾਰਧਾਰਕ ਗੁਰੂਆਂ ਕੋਲ ਗੁਜ਼ਾਰੀ ਸੀ ਅਤੇ ਸੰਘ ਨੇ ਉਸ ਨੂੰ ਜ਼ਮੀਨੀ ਸਥਿਤੀ ਦੀ ਰਿਪੋਰਟ ਤੋਂ ਜਾਣੂ ਕਰਵਾਇਆ ਹੋਵੇਗਾ ਕਿ ਉਸ ਦਾ ਵਿਕਾਸ ਦਾ ਮੰਤਰ ਪ੍ਰਭਾਵ ਨਹੀਂ ਪਾ ਰਿਹਾ। ਇਸੇ 'ਚੋਂ ਉੱਤਰੀ ਭਾਰਤ ਦੇ 'ਗਊ ਪੱਟੀ' ਰਾਜਾਂ ਵਿਚ ਮੋਦੀ ਅਤੇ ਹੋਰ ਆਗੂਆਂ ਨੇ ਆਪਣੇ ਭਾਸ਼ਣਾਂ 'ਚ ਮੁਸਲਿਮ ਹਊਆ ਪ੍ਰਚਾਰਿਆ। ਇਸ ਵਿਚੋਂ ਸੰਘ ਬ੍ਰਿਗੇਡ ਦਾ ਇਹ ਤੌਖਲਾ ਵੀ ਨਜ਼ਰ ਆਉਂਦਾ ਹੈ ਕਿ ਮੋਦੀ ਸਰਕਾਰ ਦੇ ਵਿਕਾਸ ਦੇ ਦਾਅਵੇ ਵੋਟਰਾਂ ਨੂੰ ਪ੍ਰਭਾਵਿਤ ਨਹੀਂ ਕਰ ਰਹੇ। ਰਾਮ ਮੰਦਰ ਦਾ ਮੁੱਦਾ ਵੀ ਆਪਣਾ ਪ੍ਰਭਾਵ ਗੁਆ ਚੁੱਕਾ ਹੈ। ਇਹ ਭਾਸ਼ਣ ਇਸੇ ਤੌਖਲੇ ਅਤੇ ਫਿਰਕੂ ਲਫ਼ਾਜ਼ੀ ਦੇ ਸਹਾਰੇ ਤਿੱਖੀ ਫਿਰਕੂ ਪਾਲਾਬੰਦੀ ਦੀ ਲੋੜ 'ਚੋਂ ਉਪਜਿਆ ਹੈ। ਇਹ ਦਰਸਾਉਂਦਾ ਹੈ ਕਿ ਫਿਰਕੂ ਪਾਲਾਬੰਦੀ ਕਰਨ ਲਈ ਆਰ.ਐੱਸ.ਐੱਸ.-ਭਾਜਪਾ ਕਿਸ ਹੱਦ ਤੱਕ ਜਾ ਸਕਦੀ ਹੈ।

2013 'ਚ ਮੋਦੀ ਨੂੰ ਲੋਕ ਸਭਾ ਚੋਣਾਂ ਦੀ ਤਿਆਰੀ ਵਜੋਂ ਪ੍ਰਧਾਨ ਮੰਤਰੀ ਦਾ ਚਿਹਰਾ ਇਸੇ ਲਈ ਬਣਾਇਆ ਗਿਆ ਸੀ ਕਿ ਉਹ ਨਿਰੋਲ ਝੂਠ 'ਤੇ ਆਧਾਰਿਤ ਜ਼ਹਿਰੀਲੇ ਭਾਸ਼ਣ ਦੇਣ ਦਾ ਮਾਹਿਰ ਸੀ। ਉਸ ਦੇ ਭਾਸ਼ਣਾਂ ਨੇ ਗੁਜਰਾਤ ਵਿਚ ਜਿੰਨੀ ਵਿਆਪਕ ਪੱਧਰ 'ਤੇ ਫਿਰਕੂ ਪਾਲਾਬੰਦੀ ਕਰਨ 'ਚ ਕਾਮਯਾਬੀ ਹਾਸਲ ਕੀਤੀ, ਜਿਵੇਂ ਇਸ ਤਰ੍ਹਾਂ ਦੇ ਭਾਸ਼ਣਾਂ ਉੱਪਰ ਹਜੂਮ ਖ਼ੁਸ਼ ਹੋ ਕੇ ਤਾੜੀਆਂ ਮਾਰਦਾ ਸੀ ਅਤੇ ਜਿਵੇਂ ਗੁਜਰਾਤੀ ਹਿੰਦੂਆਂ ਨੇ ਅਜਿਹੇ ਭਾਸ਼ਣਾਂ ਨੂੰ ਜ਼ੋਰਦਾਰ ਹੁੰਗਾਰਾ ਦੇ ਕੇ ਭਾਜਪਾ ਨੂੰ ਵਾਰ-ਵਾਰ ਜਿਤਾਇਆ ਸੀ, ਉਸੇ ਤਜਰਬੇ ਨੂੰ ਮੁਲਕ ਪੱਧਰ 'ਤੇ ਦੁਹਰਾਉਣ ਲਈ ਆਰ.ਐੱਸ.ਐੱਸ.-ਭਾਜਪਾ ਨੇ ਮੋਦੀ ਨੂੰ ਰਾਜਨੀਤਕ ਚਿਹਰਾ ਬਣਾਇਆ ਅਤੇ ਕਾਰਪੋਰੇਟ ਸਰਮਾਏਦਾਰੀ ਨਾਲ ਗੰਢ-ਤੁੱਪ ਕਰ ਕੇ ਸੱਤਾ ਵਿਚ ਆਈ।

2000-02 ਵਿਚ ਵੀ ਅਜਿਹੇ ਭਾਸ਼ਣ ਦੇਣ ਵਾਲਾ ਇਕੱਲਾ ਮੋਦੀ ਜਾਂ ਭਾਜਪਾ ਦੇ ਕੁਝ ਕੁ ਆਗੂ ਨਹੀਂ ਸਨ। ਦਰਅਸਲ, ਸੰਘ ਪਰਿਵਾਰ ਦਾ ਪੂਰਾ ਤਾਣਾਬਾਣਾ ਮੁਸਲਮਾਨਾਂ ਦੇ ਕਤਲੇਆਮ ਦੀ ਜ਼ਮੀਨ ਤਿਆਰ ਕਰਨ ਲਈ ਨਫ਼ਰਤੀ ਮੁਹਿੰਮ ਚਲਾਉਣ 'ਚ ਲੰਮੇ ਸਮੇਂ ਤੋਂ ਲੱਗਿਆ ਹੋਇਆ ਸੀ। ਭਾਸ਼ਣਾਂ ਤੋਂ ਇਲਾਵਾ, ਗੁਜਰਾਤੀ ਜ਼ਬਾਨ 'ਚ ਬਹੁਤ ਸਾਰੇ ਭੜਕਾਊ ਪਰਚੇ ਅਤੇ ਸਰਕੂਲਰ ਵੀ ਖੁੱਲ੍ਹੇ ਤੇ ਗੁਪਤ ਰੂਪ 'ਚ ਧੜਾਧੜ ਵੰਡੇ ਜਾ ਰਹੇ ਸਨ। ਪ੍ਰਵੀਨ ਤੋਗੜੀਆ, ਜੈਦੀਪ ਪਟੇਲ ਵਰਗੇ ਆਗੂਆਂ ਦੀ ਅਗਵਾਈ ਹੇਠ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਖੁੱਲ੍ਹੇਆਮ ਪ੍ਰਚਾਰ ਨੇ ਮੁਸਲਮਾਨਾਂ ਵਿਰੋਧੀ ਜ਼ਹਿਰੀਲਾ ਮਾਹੌਲ ਸਿਰਜਿਆ ਅਤੇ ਫਿਰ ਗੋਧਰਾ ਰੇਲ ਅੱਗਜ਼ਨੀ ਕਾਂਡ ਨੂੰ ਬਹਾਨਾ ਬਣਾ ਕੇ ਗੁਜਰਾਤ ਸਰਕਾਰ (ਜਿਸ ਦਾ ਮੁੱਖ ਮੰਤਰੀ ਮੋਦੀ ਸੀ) ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਹੇਠ ਮੁਸਲਮਾਨਾਂ ਦਾ ਕਤਲੇਆਮ ਕਰਕੇ ਨੰਗੀ-ਚਿੱਟੀ ਦਹਿਸ਼ਤ ਦਾ ਰਾਜ ਥੋਪਿਆ ਗਿਆ। ਗੋਧਰਾ ਕਾਂਡ ਦੀ ਕਦੇ ਵੀ ਜਾਂਚ ਨਹੀਂ ਹੋਈ। ਕਾਂਗਰਸ ਨੇ ਵੀ ਜਾਂਚ ਨਹੀਂ ਕਰਵਾਈ ਕਿ ਰੇਲ ਦੇ ਉਸ ਡੱਬੇ ਨੂੰ ਅੱਗ ਕਿਵੇਂ ਲੱਗੀ ਜਾਂ ਕਿਸ ਨੇ ਲਗਾਈ ਜਿਸ ਵਿਚ ਰਾਮ ਜਨਮ ਭੂਮੀ ਅਯੁੱਧਿਆ ਦੇ ਤੀਰਥ ਦਰਸ਼ਨ ਕਰ ਕੇ ਵਾਪਸ ਆ ਰਹੇ 59 ਕਾਰ ਸੇਵਕ ਜ਼ਿੰਦਾ ਸੜ ਗਏ ਸਨ ਅਤੇ ਇਸ ਦਾ ਦੋਸ਼ ਬਿਨਾਂ ਕਿਸੇ ਜਾਂਚ ਦੇ ਮੋਦੀ ਨੇ ਮੁਸਲਮਾਨਾਂ ਸਿਰ ਮੜ੍ਹ ਕੇ ਹਿੰਦੂਤਵੀ ਹਜੂਮਾਂ ਨੂੰ ਮੁਸਲਮਾਨਾਂ ਦੇ ਕਤਲੇਆਮ ਲਈ ਉਕਸਾਇਆ ਵੀ ਸੀ ਅਤੇ ਉੱਚ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰ ਕੇ ਉਨ੍ਹਾਂ ਨੂੰ ਮੁਸਲਮਾਨਾਂ ਵਿਰੁੱਧ ਹਿੰਸਾ ਨੂੰ ਨਜ਼ਰਅੰਦਾਜ਼ ਕਰਨ ਦੀ ਹਦਾਇਤ ਵੀ ਕੀਤੀ ਸੀ ਤਾਂ ਜੋ 'ਹਿੰਦੂ ਆਪਣਾ ਗੁੱਸਾ ਕੱਢ ਸਕਣ।'

ਸਭ ਨੂੰ ਪਤਾ ਹੈ ਕਿ ਕਾਂਗਰਸ ਹਾਕਮ ਜਮਾਤਾਂ ਦੀ ਰਾਜਨੀਤਕ ਨੁਮਾਇੰਦਾ ਪਾਰਟੀ ਹੈ ਜੋ ਕਦੇ ਵੀ ਸੱਚੀਆਂ ਧਰਮ ਨਿਰਪੱਖ ਅਤੇ ਲੋਕ ਪੱਖੀ ਨੀਤੀਆਂ ਨਹੀਂ ਬਣਾਏਗੀ ਪਰ ਕੀ ਕਾਂਗਰਸ ਦਾ ਕਦੇ ਅਜਿਹਾ ਪ੍ਰੋਗਰਾਮ ਰਿਹਾ ਹੈ ਜੋ ਝੂਠ ਫਿਰਕੂ ਜ਼ਹਿਰ ਦੀ ਫ਼ਸਲ ਵੱਢਣ ਲਈ ਮੋਦੀ ਤੇ ਉਸ ਦਾ ਸੰਘ ਬ੍ਰਿਗੇਡ ਫੈਲਾ ਰਿਹਾ ਹੈ? ਬਿਲਕੁਲ ਨਹੀਂ। ਕਾਂਗਰਸ ਦੇ ਮੈਨੀਫੈਸਟੋ ਵਿਚ ਮੁਲਕ ਦੀ ਦੌਲਤ ਦੀ ਮੁੜ ਵੰਡ ਕਰਨ ਦਾ ਕੋਈ ਜ਼ਿਕਰ ਨਹੀਂ ਹੈ। ਝੂਠ ਦੀ ਪੰਡ ਮੋਦੀ ਦਾ ਸਭ ਤੋਂ ਵੱਡਾ ਝੂਠ ਮੁਲਕ ਦੇ 20 ਕਰੋੜ ਮੁਸਲਮਾਨਾਂ ਨੂੰ 'ਘੁਸਪੈਠੀਏ' ਕਰਾਰ ਦੇਣਾ ਹੈ। ਇਹ ਸ਼ਖ਼ਸ ਪ੍ਰਧਾਨ ਮੰਤਰੀ ਤਾਂ ਕੀ, ਮੁਲਕ ਦਾ ਨਾਗਰਿਕ ਕਹਾਉਣ ਦੇ ਵੀ ਕਾਬਲ ਨਹੀਂ ਹੈ। ਦੂਜਾ ਝੂਠ, ਕਾਂਗਰਸ ਦਾ ਇਹ ਪ੍ਰੋਗਰਾਮ ਕਦੇ ਨਹੀਂ ਰਿਹਾ ਕਿ ਉਹ ਹਿੰਦੂਆਂ ਦੀਆਂ ਸੰਪਤੀਆਂ ਦੀ ਜਾਂਚ ਕਰੇਗੀ ਅਤੇ ਹਿੰਦੂ ਔਰਤਾਂ ਗਹਿਣੇ ਤੇ ਹੋਰ ਸੰਪਤੀ ਖੋਹ ਕੇ ਮੁਸਲਮਾਨਾਂ 'ਚ ਵੰਡੇਗੀ। ਤੀਜਾ ਝੂਠ, ਉਹ ਕਾਂਗਰਸ ਹਿੰਦੂ ਔਰਤਾਂ ਦੇ ਮੰਗਲਸੂਤਰ ਕਿਉਂ ਲਾਹੇਗੀ ਜੋ ਖ਼ੁਦ ਹਿੰਦੂਆਂ ਨੂੰ ਖ਼ੁਸ਼ ਕਰ ਕੇ ਬਹੁਗਿਣਤੀ ਵੋਟ ਬੈਂਕ ਯਕੀਨੀ ਬਣਾਉਣ ਲਈ ਹਿੰਦੂ ਪੱਤਾ ਖੇਡਦੀ ਆ ਰਹੀ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਦੇ ਹਿੰਦੂ ਧਰਮ ਨੂੰ ਰਾਜਨੀਤਕ ਹਥਿਆਰ ਬਣਾ ਕੇ ਵਰਤਣ ਦੇ ਦਬਾਅ ਹੇਠ ਕਾਂਗਰਸ ਦੇ ਇਸ ਬਹੁਗਿਣਤੀਵਾਦੀ ਝੁਕਾਅ 'ਚ ਵਾਧਾ ਹੀ ਹੋਇਆ ਹੈ। ਜਿਵੇਂ ਪਿਛਲੇ ਦਹਾਕੇ 'ਚ ਹੁੰਦੀਆਂ ਰਹੀਆਂ ਚੋਣਾਂ ਦੇ ਮੌਕੇ ਹਿੰਦੂ ਮੰਦਰਾਂ 'ਚ ਜਾ ਕੇ ਪੂਜਾ-ਪਾਠ ਕਰਨ ਅਤੇ ਗਊ ਸ਼ਾਲਾਵਾਂ ਬਣਾਉਣ ਦੇ ਵਾਅਦਿਆਂ ਤੋਂ ਦੇਖਿਆ ਜਾ ਸਕਦਾ ਹੈ। ਚੌਥਾ ਝੂਠ, ਇਹ ਕਾਂਗਰਸ ਦੀ ਕੇਂਦਰ ਸਰਕਾਰ ਸੀ ਜਿਸ ਨੇ 2009 'ਚ ਮਨਮੋਹਨ-ਚਿਦੰਬਰਮ-ਸੋਨੀਆ ਗਾਂਧੀ ਦੀ ਅਗਵਾਈ ਹੇਠ ਨਕਸਲੀ ਲਹਿਰ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਰਾਰ ਦੇ ਕੇ ਇਸ ਵਿਰੁੱਧ ਨੌਂ ਰਾਜਾਂ ਵਿਚ ਜੰਗੀ ਪੱਧਰ 'ਤੇ 'ਅਪਰੇਸ਼ਨ ਗਰੀਨ ਹੰਟ' ਨਾਂ ਦਾ ਨੀਮ-ਫ਼ੌਜੀ ਯੁੱਧ ਵਿੱਢਿਆ। ਜਿਸ ਨੇ ਨਕਸਲੀ ਰਸੂਖ਼ ਵਾਲੇ ਇਲਾਕਿਆਂ 'ਚ ਸਮੂਹਿਕ ਬਲਾਤਕਾਰਾਂ ਸਮੇਤ ਜਿਨਸੀ ਹਿੰਸਾ, ਝੂਠੇ ਮੁਕਾਬਲਿਆਂ 'ਚ ਨਕਸਲੀ ਇਨਕਲਾਬੀਆਂ ਦੇ ਕਤਲਾਂ, ਸਾੜਫੂਕ, ਕਤਲੇਆਮ, ਨਜਾਇਜ਼ ਗ੍ਰਿਫ਼ਤਾਰੀਆਂ, ਜੇਲ੍ਹਬੰਦੀਆਂ ਆਦਿ ਦੀ ਵਿਆਪਕ ਮੁਹਿੰਮ ਚਲਾਈ। ਕਾਂਗਰਸ ਸਰਕਾਰ ਨੇ ਆਜ਼ਾਦ, ਕਿਸ਼ਨਜੀ ਵਰਗੇ ਚੋਟੀ ਦੇ ਮਾਓਵਾਦੀ ਆਗੂਆਂ ਨੂੰ ਗੱਲਬਾਤ ਦੇ ਬਹਾਨੇ ਗ੍ਰਿਫ਼ਤਾਰ ਕਰ ਕੇ ਝੂਠੇ ਮੁਕਾਬਲੇ ਬਣਾ ਕੇ ਮਰਵਾਇਆ ਅਤੇ ਕੋਬਾਡ ਗਾਂਧੀ ਸਮੇਤ ਦਰਜਨਾਂ ਵੱਡੇ ਆਗੂਆਂ ਨੂੰ ਜੇਲ੍ਹਾਂ ਵਿਚ ਸਾੜਿਆ। ਇਸ ਤੋਂ ਵੱਡਾ ਝੂਠ ਕੀ ਹੋ ਸਕਦਾ ਹੈ ਕਿ ਕਾਂਗਰਸ ਨਕਸਲੀਆਂ/ਮਾਓਵਾਦੀਆਂ ਦਾ ਏਜੰਡਾ ਲਾਗੂ ਕਰ ਰਹੀ ਹੈ ਅਤੇ 'ਸ਼ਹਿਰੀ ਨਕਸਲੀਆਂ' ਦੇ ਕਬਜ਼ੇ 'ਚ ਹੈ।

ਇਸੇ ਤਰ੍ਹਾਂ ਮੁਸਲਮਾਨਾਂ ਵੱਲੋਂ ਵੱਧ ਬੱਚੇ ਜੰਮਣ ਅਤੇ ਭਾਰਤ ਉੱਪਰ ਕਬਜ਼ਾ ਕਰਨ ਲਈ ਆਪਣੀ ਜਨਸੰਖਿਆ ਵਧਾਉਣ ਦਾ ਝੂਠ ਵੀ ਸੰਘ ਬ੍ਰਿਗੇਡ ਵੱਲੋਂ ਗਿਣ-ਮਿੱਥ ਕੇ ਫੈਲਾਇਆ ਜਾ ਰਿਹਾ ਹੈ ਤਾਂ ਜੋ ਮੁਲਕ ਦੀਆਂ ਸਾਰੀਆਂ ਸਮੱਸਿਆਵਾਂ ਲਈ ਮੁਸਲਮਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਬਹੁਤ ਸਾਰੇ ਸੁਤੰਤਰ ਅਧਿਐਨ ਅਤੇ ਸਰਕਾਰੀ ਅੰਕੜੇ ਸੰਘ ਬ੍ਰਿਗੇਡ ਦੇ ਇਸ ਝੂਠ ਨੂੰ ਪਹਿਲਾਂ ਹੀ ਨੰਗਾ ਕਰ ਚੁੱਕੇ ਹਨ।

ਦਰਅਸਲ, ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਘੱਟਗਿਣਤੀਆਂ ਨਾਲ ਨੌਂ ਵਾਅਦੇ ਕੀਤੇ ਹਨ। ਪੰਨਾ 7 ਉੱਪਰ ਕਿਹਾ ਗਿਆ ਹੈ ਕਿ ਕਾਂਗਰਸ ਦੇਸ਼ਵਿਆਪੀ ਆਰਥਿਕ-ਸਮਾਜਿਕ ਜਨਗਣਨਾ ਕਰਵਾਏਗੀ। ਇਸ ਜ਼ਰੀਏ ਜਾਤੀਆਂ, ਉਪ-ਜਾਤੀਆਂ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਦਾ ਪਤਾ ਲਾਇਆ ਜਾਵੇਗਾ। ਇਸੇ ਨੂੰ ਮੁੱਦਾ ਬਣਾ ਕੇ ਮੋਦੀ ਨੇ ਉਪਰੋਕਤ ਜ਼ਹਿਰੀਲਾ ਝੂਠ ਘੜ ਕੇ ਪ੍ਰਚਾਰਿਆ ਹੈ।

ਅਜਿਹੇ ਨਫ਼ਰਤੀ ਭਾਸ਼ਣਾਂ ਦਾ ਗੰਭੀਰ ਨੋਟਿਸ ਲੈਣਾ ਹੋਵੇ ਤਾਂ ਇਸ ਵਿਰੁੱਧ ਧਾਰਾ 153ਏ ਵਰਗੀਆਂ ਕਈ ਸੰਗੀਨ ਧਾਰਾਵਾਂ ਲਗਾ ਕੇ ਤੁਰੰਤ ਮੁਕੱਦਮੇ ਦਰਜ ਕਰਨੇ ਬਣਦੇ ਹਨ ਜੋ ਮਾਮੂਲੀ ਸੋਸ਼ਲ ਮੀਡੀਆ ਪੋਸਟਾਂ ਜਾਂ ਟਿੱਪਣੀਆਂ ਨੂੰ ਆਧਾਰ ਬਣਾ ਕੇ ਹਿੰਦੂਤਵ ਆਗੂਆਂ ਦੀਆਂ ਸ਼ਿਕਾਇਤਾਂ, ਦਰਅਸਲ ਹਦਾਇਤਾਂ, 'ਤੇ ਪੁਲਿਸ ਵੱਲੋਂ ਆਮ ਹੀ ਦਰਜ ਕੀਤੇ ਜਾਂਦੇ ਹਨ। ਕਿਉਂਕਿ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਸ਼ਰੇਆਮ ਆਰ.ਐੱਸ.ਐੱਸ. ਦੀ ਸ਼ਾਖ਼ਾ ਵਜੋਂ ਕੰਮ ਕਰ ਰਹੀਆਂ ਹਨ, ਇਸ ਲਈ ਹਿੰਦੂਤਵ ਜਥੇਬੰਦੀਆਂ ਦੇ ਆਗੂ ਹੀ ਤੈਅ ਕਰਦੇ ਹਨ ਕਿ ਕਿਸ ਦੇ ਖ਼ਿਲਾਫ਼ ਇਹ ਧਾਰਾਵਾਂ ਲਗਾਉਣੀਆਂ ਹਨ ਅਤੇ ਕਿਨ੍ਹਾਂ ਅਨਸਰਾਂ ਦੇ ਖੁੱਲ੍ਹੇਆਮ ਨਫ਼ਰਤੀ ਭਾਸ਼ਣਾਂ, ਬਿਆਨਾਂ ਅਤੇ ਸੋਸ਼ਲ ਮੀਡੀਆ ਪ੍ਰਚਾਰ ਨੂੰ ਸਿਰਫ਼ ਨਜ਼ਰਅੰਦਾਜ਼ ਹੀ ਨਹੀਂ ਕਰਨਾ ਸਗੋਂ ਉਨ੍ਹਾਂ ਨੂੰ ਪੁਲਿਸ ਸੁਰੱਖਿਆ ਦੇ ਕੇ ਅਜਿਹੀਆਂ ਮੁਹਿੰਮਾਂ ਚਲਾਉਣ ਲਈ ਹੋਰ ਵੀ ਤਾਕਤਵਰ ਬਣਾਉਣਾ ਹੈ। ਸ਼ਾਹੀਨ ਬਾਗ਼ ਮੋਰਚੇ ਸਮੇਂ ਭਾਜਪਾ ਆਗੂ ਕਪਿਲ ਮਿਸ਼ਰਾ ਤੇ ਅਨੁਰਾਗ ਠਾਕੁਰ, ਯੂ.ਪੀ. 'ਚ ਮਹੰਤ ਅਦਿੱਤਿਆਨਾਥ ਅਤੇ ਵੱਖ-ਵੱਖ ਥਾਵਾਂ ਉੱਪਰ ਲਾਈਆਂ 'ਹਿੰਦੂ ਧਰਮ ਸੰਸਦਾਂ' ਵਿਚ ਕਥਿਤ ਹਿੰਦੂ ਸੰਤਾਂ-ਮਹੰਤਾਂ ਦੇ ਜ਼ਹਿਰੀਲੇ ਭਾਸ਼ਣਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇਸ ਦੀ ਬਜਾਇ ਨਿਆਂ ਅਤੇ ਸਦਭਾਵਨਾ ਦੀ ਲੜਾਈ ਲੜ ਰਹੇ ਧਰਮ ਨਿਰਪੱਖ ਕਾਰਕੁਨ ਜਿਨ੍ਹਾਂ ਵਿਚ ਬਹੁਤ ਸਾਰੀਆਂ ਰੋਸ਼ਨ ਖ਼ਿਆਲ ਮੁਸਲਮਾਨ ਕੁੜੀਆਂ ਵੀ ਹਨ, ਗ੍ਰਿਫ਼ਤਾਰ ਕਰ ਕੇ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਤਹਿਤ ਜੇਲ੍ਹਾਂ ਵਿਚ ਡੱਕ ਦਿੱਤੇ ਗਏ।

ਇਕ ਹੋਰ ਵੱਡੀ ਮਿਸਾਲ ਭੀਮਾ-ਕੋਰੇਗਾਓਂ ਕੇਸ ਹੈ ਜਿੱਥੇ ਪੁਣੇ ਪੁਲਿਸ ਨੇ ਜਾਤਪਾਤੀ ਹਿੰਸਾ ਭੜਕਾਉਣ ਵਾਲੇ ਹਿੰਦੂਤਵੀ ਸਰਗਨਿਆਂ- ਸ਼ੰਭਾ ਜੀ ਭੀੜੇ ਅਤੇ ਮਿਲਿੰਦ ਏਕਬੋਟੇ, ਵਿਰੁੱਧ ਤਾਂ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਹੱਕਾਂ ਦੇ 16 ਸਿਰਕੱਢ ਪਹਿਰੇਦਾਰ (ਲੇਖਕ, ਬੁੱਧੀਜੀਵੀ ਅਤੇ ਕਾਰਕੁਨ) ਝੂਠੇ ਸਾਜ਼ਿਸ਼ ਕੇਸ ਵਿਚ ਫਸਾ ਕੇ ਜੇਲ੍ਹਾਂ 'ਚ ਡੱਕ ਦਿੱਤੇ ਜਿਨ੍ਹਾਂ 'ਚੋਂ ਬਹੁਤ ਸਾਰੇ ਅੱਜ ਵੀ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਸੜ ਰਹੇ ਹਨ ਅਤੇ ਬਾਕੀ ਸਿਰਫ਼ ਜ਼ਮਾਨਤ 'ਤੇ ਬਾਹਰ ਆਏ ਹਨ ਪਰ ਝੂਠੇ ਮੁਕੱਦਮਿਆਂ ਦੀ ਤਲਵਾਰ ਉਵੇਂ ਹੀ ਲਟਕ ਰਹੀ ਹੈ।

ਸਵਾਲ ਇਹ ਹੈ ਕਿ ਕਥਿਤ ਹਿੰਦੂ ਸੰਤਾਂ-ਮਹੰਤਾਂ ਅਤੇ ਸੰਘ ਬ੍ਰਿਗੇਡ ਦੇ ਮੋਦੀ ਵਰਗੇ ਆਗੂਆਂ ਵੱਲੋਂ ਬੇਖ਼ੌਫ਼ ਹੋ ਕੇ ਨਫ਼ਰਤ ਦੀ ਸਿਆਸਤ ਖੇਡਣ ਦੇ ਅੰਨ੍ਹੇ ਯਕੀਨ ਦਾ ਰਾਜ ਕੀ ਹੈ? ਦਰਅਸਲ ਆਰ.ਐੱਸ.ਐੱਸ ਨੇ ਦਸ ਸਾਲ ਦੇ ਰਾਜ ਦੌਰਾਨ ਭਾਰਤੀ ਸਟੇਟ ਦੇ ਵੱਖ-ਵੱਖ ਅੰਗਾਂ ਵਿਚ ਇਸ ਕਦਰ ਘੁਸਪੈਠ ਕਰ ਲਈ ਹੈ ਜਾਂ ਉੱਥੇ ਆਪਣੇ ਹਿੰਦੂਤਵ ਸੋਚ ਵਾਲੇ 'ਪੁਰਜੇ' ਇਸ ਤਰ੍ਹਾਂ ਫਿੱਟ ਕਰ ਲਏ ਹਨ ਕਿ ਕੋਈ ਵੀ ਅਧਿਕਾਰੀ ਜਾਂ ਰਾਜ ਦੀ ਏਜੰਸੀ ਮੁਸਲਮਾਨਾਂ ਵਿਰੁੱਧ ਨਫ਼ਰਤੀ ਭਾਸ਼ਣ ਦੇਣ ਵਾਲੇ ਭਾਜਪਾ ਆਗੂਆਂ ਜਾਂ ਸੰਘ ਬ੍ਰਿਗੇਡ ਦੇ ਹੋਰ ਅਨਸਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰੇਗੀ। ਮੌਜੂਦਾ ਚੋਣ ਕਮਿਸ਼ਨ ਦੀ ਭੂਮਿਕਾ ਤਾਂ ਇਸ ਪੱਖੋਂ ਹੋਰ ਵੀ ਘਿਨਾਉਣੀ ਹੈ।

ਜੇ ਚੋਣ ਕਮਿਸ਼ਨ ਭੋਰਾ ਵੀ ਇਮਾਨਦਾਰ ਅਤੇ ਨਿਰਪੱਖ ਹੁੰਦਾ ਤਾਂ ਉਸ ਨੂੰ ਖ਼ੁਦ ਹੀ ਮੋਦੀ ਦੇ ਭਾਸ਼ਣ ਦਾ ਨੋਟਿਸ ਲੈ ਕੇ ਉਸ ਦੇ ਚੋਣ ਪ੍ਰਚਾਰ ਕਰਨ ਉੱਪਰ ਤੁਰੰਤ ਰੋਕ ਲਾਉਣੀ ਚਾਹੀਦੀ ਸੀ ਪਰ ਕਮਿਸ਼ਨ ਦੇ ਮੈਂਬਰ ਆਪਣੇ ਉਨ੍ਹਾਂ ਰਾਜਨੀਤਕ ਬੌਸਾਂ ਵਿਰੁੱਧ ਅਜਿਹਾ ਕਦਮ ਕਿਉਂ ਚੁੱਕਣਗੇ ਜਿਸ ਨਾਲ ਹਕੂਮਤੀ ਧਿਰ ਦੇ ਰਾਜਨੀਤਕ ਪ੍ਰੋਜੈਕਟ ਵਿਚ ਰੱਤੀ ਭਰ ਵੀ ਖ਼ਲਲ ਪੈਂਦਾ ਹੋਵੇ ਅਤੇ ਜਿਨ੍ਹਾਂ ਨੇ ਕਮਿਸ਼ਨ ਦੇ ਮੈਂਬਰ ਚੁਣਨ ਦੇ ਨਿਯਮ ਧੌਂਸ ਨਾਲ ਬਦਲ ਕੇ ਆਪਣੇ ਇਨ੍ਹਾਂ ਖ਼ਾਸ ਬੰਦਿਆਂ (ਰਾਜੀਵ ਕੁਮਾਰ, ਗਿਆਨੇਸ਼ ਕੁਮਾਰ ਅਤੇ ਸੁਖਬੀਰ ਸਿੰਘ ਸੰਧੂ) ਨੂੰ ਇਹ ਅਹੁਦੇ ਬਖ਼ਸ਼ੇ ਹਨ। ਚੋਣ ਕਮਿਸ਼ਨ ਦੇ ਬਿਲਕੁਲ ਹੀ ਸੱਤਾ ਦਾ ਹੱਥ-ਠੋਕਾ ਅਤੇ ਬੇਅਸਰ ਏਜੰਸੀ ਹੋਣ ਦੀ ਇਸ ਤੋਂ ਉਘੜਵੀਂ ਮਿਸਾਲ ਕੀ ਹੋਵੇਗੀ ਕਿ ਸ਼ਿਕਾਇਤਾਂ ਤੋਂ ਬਾਅਦ ਕਮਿਸ਼ਨ ਨੇ ਮੋਦੀ ਦੇ ਭਾਸ਼ਣ ਦੀ ਮਹਿਜ਼ 'ਜਾਂਚ' ਸ਼ੁਰੂ ਕੀਤੀ ਹੈ। ਇਹ ਜਾਂਚ ਕਦੋਂ ਪੂਰੀ ਹੋਵੇਗੀ ਅਤੇ ਇਸ ਦਾ ਨਤੀਜਾ ਕੀ ਹੋਵੇਗਾ, ਇਹ ਕੋਈ ਮਾਇਨੇ ਨਹੀਂ ਰੱਖਦਾ। ਕਿਉਂਕਿ ਨਿਹਾਇਤ ਜ਼ਹਿਰੀਲੇ ਭਾਸ਼ਣ ਦੀ ਕਿਸੇ ਵੀ ਤਰ੍ਹਾਂ ਦੀ ਜਵਾਬਦੇਹੀ ਤੋਂ ਸੰਘ ਬ੍ਰਿਗੇਡ ਤੇ ਉਸ ਦਾ 'ਸਟਾਰ ਪ੍ਰਚਾਰਕ' ਮੋਦੀ ਸਾਫ਼ ਬਚ ਗਏ। ਉਹ ਆਪਣੀ ਚੋਣ ਮੁਹਿੰਮ ਬੇਰੋਕ-ਟੋਕ ਚਲਾਉਂਦੇ ਹੋਏ ਫਿਰਕੂ ਪਾਲਾਬੰਦੀ ਦਾ ਬਖ਼ੂਬੀ ਲਾਹਾ ਲੈ ਰਹੇ ਹਨ। ਪੂਰਾ ਭਾਸ਼ਣ ਵੀਡੀਓ ਅਤੇ ਟੈਕਸਟ ਰੂਪ 'ਚ ਆਨ-ਲਾਈਨ ਹੁਣ ਵੀ ਮੌਜੂਦ ਹੈ। ਜਿਸ ਮਨੋਰਥ ਲਈ ਮੋਦੀ ਵੱਲੋਂ ਇਹ ਭਾਸ਼ਣ ਦਿੱਤਾ ਗਿਆ ਸੀ, ਜ਼ਮੀਨੀ ਪੱਧਰ 'ਤੇ ਉਹ ਫਿਰਕੂ ਜ਼ਹਿਰ ਆਪਣਾ ਰੰਗ ਦਿਖਾਏਗਾ ਅਤੇ ਉਸ ਦੇ ਬੇਅਸਰ ਹੋਣ ਦਾ ਸਵਾਲ ਹੀ ਨਹੀਂ ਹੈ।

ਸੁਪਰੀਮ ਕੋਰਟ ਆਮ ਵਾਂਗ ਇਉਂ ਸੁੱਤੀ ਪਈ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਸਿਰਫ਼ ਉਦਾਰ ਖ਼ਿਆਲਾਂ ਵਾਲੇ ਬੁੱਧੀਮਾਨ ਹਿੱਸੇ (ਜਿਵੇਂ ਮੌਜੂਦਾ ਪਹਿਲਕਦਮੀ ਲੈਣ ਵਾਲਾ ਸੰਵਿਧਾਨਕ ਕੰਡਕਟ ਗਰੁੱਪ) ਹੀ ਇਸ ਜ਼ਹਿਰੀਲੇ ਪ੍ਰਚਾਰ ਦਾ ਨੋਟਿਸ ਲੈ ਕੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਉੱਪਰ ਸੰਘ ਬ੍ਰਿਗੇਡ ਦੀ ਖ਼ਤਰਨਾਕ ਖੇਡ ਨੂੰ ਰੋਕਣ ਲਈ ਦਬਾਅ ਪਾ ਰਹੇ ਹਨ। ਇਹ ਹਿੱਸੇ ਗਾਂਧੀ-ਨਹਿਰੂ ਦੀ ਅਗਵਾਈ ਹੇਠ 1947 'ਚ ਭਾਰਤ ਦੇ ਤਸੱਵਰ ਕੀਤੇ ਸੁਪਨੇ ਅਤੇ ਭਾਰਤੀ ਸੰਵਿਧਾਨ ਦੇ ਮੂਲ ਸਰੂਪ ਨੂੰ ਬਚਾਉਣਾ ਚਾਹੁੰਦੇ ਹਨ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਚੋਣ ਕਮਿਸ਼ਨ ਦੀ 'ਜਾਂਚ' ਕੀ ਨਤੀਜਾ ਕੱਢਦੀ ਹੈ।

# ਚੱਲ ਮਨਾ! ਵੇਈਂ ਨੂੰ ਮਿਲੀਏ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਾਬੇ ਨਾਨਕ ਦੀ ਵੇਈਂ ਹੁਸ਼ਿਆਰਪੁਰ, ਕਪੂਰਥਲਾ ਅਤੇ ਜਲੰਧਰ ਦੇ ਇਲਾਕਿਆਂ ਨੂੰ ਸਿੰਜਦੀ, ਆਪਣਾ ਸਫ਼ਰ ਪੂਰਾ ਕਰਦੀ। ਇਹ ਵੇਈਂ ਮੇਰੇ ਚੇਤਿਆਂ ਵਿਚ ਅਕਸਰ ਆਉਂਦੀ ਅਤੇ ਮੈਨੂੰ ਬਹੁਤ ਸਾਰੇ ਪ੍ਰਸ਼ਨ ਕਰਦੀ ਜਿਨ੍ਹਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਹੁੰਦਾ।

ਵੇਈਂ ਬਹੁਤ ਹੀ ਪਾਕੀਜ਼ ਅਤੇ ਵਲ-ਵਲੇਵੇਂ ਖਾਂਦੀ ਮੇਰੇ ਨਾਨਕਾ ਪਿੰਡ ਦੇ ਕੋਲੋਂ ਲੰਘਦੀ। ਇਸਦੇ ਸ਼ਫ਼ਾਫ਼ ਪਾਣੀ ਵਿਚ ਲਾਈਆਂ ਤਾਰੀਆਂ ਯਾਦ ਆਉਂਦੀਆਂ। ਇਕ ਬੇੜੀ ਅਕਸਰ ਪਿੰਡ ਵਾਲਿਆਂ ਨੂੰ ਦੂਸਰੇ ਪਾਰ ਲੰਘਾਉਂਦੀ ਜਿਨ੍ਹਾਂ ਦੀਆ ਜ਼ਮੀਨਾਂ ਵੇਈਂ ਤੋਂ ਪਾਰ ਸਨ। ਬਹੁਤ ਵਧੀਆ ਲੱਗਦਾ ਸੀ ਨਾਨਕੇ ਪਿੰਡ ਵਿਚ ਦੋਹਤਰਾ ਬਣ ਕੇ ਵਿਚਰਨਾ। ਇਸਦੇ ਵਗਦੇ ਨਿਰਮਲ ਪਾਣੀਆਂ ਵਿਚ ਆਪਣਾ ਮੂੰਹ ਵੀ ਦੇਖ ਲਈਦਾ ਸੀ ਅਤੇ ਪਿਆਸ ਲੱਗਣ 'ਤੇ ਪਾਣੀ ਵੀ ਪੀ ਲਈਦਾ ਸੀ।

ਸੁੰਗੜ ਕੇ ਨਿੱਕਾ ਜਿਹਾ ਗੰਦਾ ਨਾਲਾ ਬਣੀ ਇਹ ਵੇਈਂ ਮੈਨੂੰ ਸਵਾਲ ਕਰਦੀ ਹੈ ਕਿ ਮੇਰੀ ਮੌਜੂਦਾ ਤਰਾਸਦੀ ਲਈ ਕੌਣ ਜ਼ਿੰਮੇਵਾਰ? ਕਿਸਨੇ ਮੇਰੇ ਪਾਣੀਆਂ ਨੂੰ ਪਲੀਤ ਕੀਤਾ? ਜੀਵਨ-ਦਾਤੀ ਕਦੋਂ ਤੋਂ ਮੌਤ ਵੰਡਣ ਲੱਗ ਪਈ, ਪਤਾ ਹੀ ਨਾ ਲੱਗਾ। ਮਨੁੱਖੀ ਲਾਲਚ ਨੇ ਮੇਰੇ ਕੰਢੇ ਹੀ ਖਾ ਲਏ ਅਤੇ ਮੇਰੀ ਅਜੋਕੀ ਦੁਰਦਸ਼ਾ ਕਰ ਦਿਤੀ।

ਕੀ ਮੈਂ ਉਹੀ ਵੇਈਂ ਹਾਂ ਜਿਸਦੇ ਕੰਢੇ ਬੈਠ ਕੇ ਬਾਬੇ ਨਾਨਕ ਨੇ ਮੂਲਮੰਤਰ ਉਚਾਰਿਆ ਸੀ? ਬਾਬੇ ਦੇ ਨੂਰਾਨੀ ਚਿਹਰੇ ਦਾ ਪ੍ਰਤਾਪ, ਵਗਦੇ ਪਾਣੀਆਂ ਵਿਚ ਲਿਸ਼ਕੋਰ ਪੈਦਾ ਕਰਦਾ ਸੀ। ਇਸਦੇ ਪਾਣੀਆਂ ਦੀ ਰਵਾਨਗੀ ਵਿਚ ਬਾਬੇ ਦੇ ਬੋਲ ਘੁਲ ਕੇ ਪਾਣੀਆਂ ਨੂੰ ਅੰਮ੍ਰਿਤ ਬਣਾ ਦਿੰਦੇ ਸਨ। ਇਸ ਵਿਚ ਚੁੱਭੀ ਲਾ ਕੇ ਬਾਬਾ ਨਾਨਕ ਨੇ ਆਤਮਿਕ ਅੰਬਰ ਵਿਚ ਉਡਾਰੀਆਂ ਲਾਈਆਂ ਸਨ। ਇਸਦੇ ਕੰਢੇ ਬੈਠ ਕੇ ਘੰਟਿਆਂ-ਬੱਧੀ ਵਗਦੇ ਪਾਣੀਆਂ ਨੂੰ ਨਿਹਾਰਦਿਆਂ, ਬਾਬੇ ਨੇ ਕੁਦਰਤੀ ਅਸੀਮਤਾ, ਸੁੰਦਰਤਾ ਅਤੇ ਸਦੀਵਤਾ ਨੂੰ ਆਪਣੇ ਪ੍ਰਵਚਨਾਂ ਵਿਚ ਉਚਾਰਿਆ ਸੀ।

ਨਹੀਂ! ਇਹ ਉਹ ਵੇਈਂ ਨਹੀਂ ਰਹੀ ਕਿਉਂਕਿ ਬਾਬੇ ਦੇ ਸ਼ਰਧਾਲੂਆਂ ਨੇ ਹੀ ਇਸਦੀ ਪਾਕ ਹੋਂਦ ਨੂੰ ਖੋਰਾ ਲਾਇਆ ਹੈ। ਵਗਦੀ ਵੇਈਂ ਨੂੰ ਇਕ ਗੰਦੇ ਨਾਲੇ ਵਿਚ ਤਬਦੀਲ ਕਰ ਦਿੱਤਾ। ਇਸਦੀ ਹੋਂਦ ਨੂੰ ਹਜ਼ਮ ਕਰਨ ਲਈ ਅਸੀਂ ਹੀ ਕਸੂਰਵਾਰ।

1970 ਤੋਂ 1974 ਤੱਕ ਰਣਧੀਰ ਕਾਲਜ, ਕਪੂਰਥਲਾ ਵਿਚ ਪੜ੍ਹਦਿਆਂ, ਮੈਂ ਹਰ ਸਾਲ ਬਾਬੇ ਨਾਨਕ ਦੇ ਗੁਰਪੁਰਬ 'ਤੇ ਸ਼ਾਮ ਨੂੰ ਸਾਈਕਲ 'ਤੇ ਆਪਣੇ ਪਿੰਡ ਤੋਂ ਸੁਲਤਾਨਪੁਰ ਲੋਧੀ ਚਲੇ ਜਾਣਾ, ਜਲੌਅ ਦੇਖਣਾ, ਰਾਤ ਗੁਰਦੁਆਰੇ ਸਾਹਿਬ ਵਿਚ ਰਹਿਣਾ ਅਤੇ ਸਵੇਰੇ ਉਠ ਕੇ ਵੇਈਂ ਦੇ ਕੋਸੇ ਪਾਣੀ ਵਿਚ ਚੁੱਭਕੀ ਲਾਉਣਾ। ਸੁਵੱਖਤੇ ਸੁਵੱਖਤੇ ਨਾਨਕੇ ਪਿੰਡ ਆ ਜਾਣਾ ਅਤੇ ਉਥੋਂ ਰਣਧੀਰ ਕਾਲਜ ਚਲੇ ਜਾਣਾ। ਉਸ ਵਕਤ ਵੇਈਂ ਆਪਣੇ ਪੁਰਾਤਨ ਸਰੂਪ ਅਤੇ ਪੂਰਨ ਜਾਹੋ-ਜਲਾਲ ਵਿਚ ਸੀ। ਹਰ ਸ਼ਰਧਾਲੂ ਇਸਦੇ ਨਿਰਮਲ ਪਾਣੀਆਂ ਵਿਚ ਇਸ਼ਨਾਨ ਕਰਦਾ, ਚਿੱਤ ਵਿਚ ਬਾਬਾ ਨਾਨਕ ਦੀ ਸਿਮਰਤੀ ਨੂੰ ਚਿਤਾਰਦਾ ਅਤੇ ਆਪਣੇ-ਆਪ ਨਾਲ ਲਿਵ ਲਾਉਂਦਾ। ਸ਼ਫ਼ਾਫ਼ ਪਾਣੀ ਵਿਚ ਨਹਾਤਿਆਂ, ਬੰਦਾ ਅੰਦਰੋਂ ਅਤੇ ਬਾਹਰੋਂ ਪਵਿੱਤਰ ਹੋ ਜਾਂਦਾ ਸੀ।

ਵੇਈਂ ਨੂੰ ਨਾਜ਼ ਸੀ ਕਿ ਉਸਨੇ ਬਾਬੇ ਨਾਨਕ ਦੀ ਸੰਗਤ ਮਾਣੀ ਸੀ। ਇਸ ਵਿਚ ਬਾਬਾ ਨਾਨਕ ਅਕਸਰ ਡੁਬਕੀਆਂ ਲਾਉਂਦਿਆਂ, ਰੱਬ ਨੂੰ ਧਿਆਉਂਦਾ ਸੀ। ਇਸਦੇ ਕੰਢੇ ਲਾਈ ਬਾਬੇ ਦੀ ਲਿਵ ਨੂੰ ਤੋੜਨ ਤੋਂ ਡਰਦੀ ਵੇਈਂ ਚੁੱਪ-ਚੁਪੀਤੀ ਬਾਬੇ ਦੇ ਪੈਰਾਂ ਨੂੰ ਛੂੰਹਦੀ, ਆਪਣਾ ਸਫ਼ਰ ਜਾਰੀ ਰੱਖਦੀ ਸੀ। ਵੇਈਂ ਨੂੰ ਇਸ ਗੱਲ ਦਾ ਤੌਖ਼ਲਾ ਹੈ ਕਿ ਜੇਕਰ ਬਾਬਾ ਨਾਨਕ ਹੁਣ ਆ ਗਿਆ ਤਾਂ ਉਹ ਪਲੀਤ ਪਾਣੀਆਂ ਵਿਚ ਡੁਬਕੀ ਕਿੰਝ ਲਾਵੇਗਾ? ਪਾਣੀਆਂ ਦੇ ਲਹਿਰ-ਰੂਪੀ ਸੰਗੀਤ ਤੋਂ ਬਿਨਾਂ ਕਿੰਝ ਉਹ ਅਨੰਤ ਅਪਾਰ ਕਰਤਾਰ ਦੇ ਗੁਣ ਗਾਉਣਗੇ? ਬਾਬੇ ਦੇ ਨੈਣਾਂ ਵਿਚ ਉਤਰੀ ਮਾਯੂਸੀ ਅਤੇ ਨਿਰਾਸ਼ਾ ਸਾਹਵੇਂ ਉਹ ਨਿਰਉਤਰ ਹੋਈ ਨਮੋਸ਼ੀ ਵਿਚ ਡੁੱਬ ਜਾਵੇਗੀ? ਵੇਈਂ ਨੂੰ ਦੁੱਖ ਹੈ ਕਿ ਉਸਨੂੰ ਪਲੀਤ ਕਰਨ ਵਾਲੇ ਤਾਂ ਇੰਨੇ ਅਹਿਸਾਸ-ਹੀਣ ਹੋ ਗਏ ਹੈ ਕਿ ਉਨ੍ਹਾਂ ਲਈ ਪਾਣੀਆਂ ਦੀ ਪਵਿੱਤਰਤਾ ਜਾਂ ਹੋਂਦ ਨੂੰ ਬਰਕਰਾਰ ਰੱਖਣਾ ਕੋਈ ਮਾਇਨੇ ਨਹੀਂ ਰੱਖਦਾ। ਕਿਉਂਕਿ;

ਬਾਬਾ ਨਾਨਕ ਗੁੰਮ ਹੈ
ਸਾਡੇ ਬੋਲਾਂ ਵਿਚੋਂ
ਹਰਫ਼ਾਂ ਵਿਚੋਂ
ਅਰਥ-ਅਰਧਨਾ ਵਿਚੋਂ
ਸਾਡੀ ਸੋਚ 'ਚੋਂ
ਕਰਮ-ਸਾਧਨਾ ਵਿਚੋਂ
ਅਤੇ ਧਰਮ-ਆਸਥਾ ਵਿਚੋਂ

ਬਾਬਾ ਨਾਨਕ ਗੁੰਮ ਹੈ
ਦ੍ਰਿਸ਼ਟੀ ਵਿਚੋਂ
ਸੁਹਜ-ਸੰਵੇਦਨਾ ਵਿਚੋਂ
ਤਰਕਸੰਗਤਾ ਵਿਚੋਂ
ਸੰਜੀਦਗੀ ਵਿਚੋਂ
ਤੇ ਸੁਪਨ-ਸੰਸਾਰ ਵਿਚੋਂ

ਬਾਬਾ ਖਾਮੋਸ਼ ਹੋ ਜਾਂਦਾ
ਜਦ ਅਸੀਂ ਉਸਨੂੰ ਭਾਲਦੇ
ਮਖੌਟਿਆਂ ਵਿਚ
ਵੇਸਾਂ ਵਿਚ
ਭੇਖ਼ਾਂ ਵਿਚ
ਉਪਦੇਸ਼ਾਂ ਵਿਚ
ਜਾਂ ਸੰਗਮਰਮਰੀ ਅਸਥਾਨਾਂ ਵਿਚ

ਸਾਨੂੰ ਤਾਂ ਚੇਤਾ ਹੀ ਨਹੀਂ ਰਿਹਾ
ਕਿ
ਬਾਬਾ ਨਾਨਕ ਤਾਂ ਵੱਸਦਾ ਹੈ
ਝੁੱਗੀਆਂ ਵਿਚ
ਚੀਥੜੇ ਲਿਬਾਸ ਵਿਚ
ਬਿਆਈਆਂ ਵਾਲੇ ਹੱਥਾਂ,
ਫੱਟੀਆਂ ਅੱਡੀਆਂ,
ਸੁਹਜ-ਸੰਵੇਦਨਾ,
ਹੱਡੀਂ ਉਕਰੀਆਂ ਕਹਾਣੀਆਂ
ਤੇ ਵੇਈਂ ਦੇ ਪਾਣੀਆਂ ਵਿਚ

ਚੇਤੇ ਆਉਂਦਾ ਏ ਬੇਰ ਸਾਹਿਬ ਗੁਰਦੁਆਰੇ ਵਿਚਲੀ ਬੇਰੀ ਵੇਈਂ ਦੇ ਕੰਢੇ ਹੁੰਦੀ ਸੀ। ਇਹ ਬੇਰੀ ਬਾਬੇ ਦੀ ਯਾਦ ਨੂੰ ਆਪਣੇ ਵਿਚ ਸਮੋਈ ਬੈਠੀ ਹੈ ਅਤੇ ਇਸ ਨੇ ਹੀ ਬਾਬਾ ਜੀ ਦੇ ਕਰ-ਕਮਲਾਂ ਦੀ ਛੋਹ ਮਾਣੀ ਹੋਈ ਹੈ। ਪਰ ਅੱਜ-ਕੱਲ੍ਹ ਬਹੁਤ ਉਦਾਸ ਹੈ। ਵੇਈਂ ਅਤੇ ਬੇਰੀ ਇਕ ਦੂਜੇ ਦੇ ਬਹੁਤ ਕਰੀਬ ਹੁੰਦੀਆਂ, ਭੈਣਾਂ ਵਾਂਗ ਰਲ ਕੇ ਬਾਬੇ ਦੀਆਂ ਬਾਤਾਂ ਪਾਉਂਦੀਆਂ ਹੁੰਦੀਆਂ ਸਨ। ਬਾਬੇ ਦੀਆਂ ਯਾਦਾਂ ਵਿਚ ਆਪਣੇ ਆਪ ਨੂੰ ਧੰਨਭਾਗ ਸਮਝਦੀਆਂ, ਉਸਦੀ ਸਪਰਸ਼ਤਾ ਵਿਚੋਂ ਸੁਖਨ ਮਾਣਦੀਆਂ ਸਨ। ਬਾਬੇ ਨਾਨਕ ਦੀਆਂ ਇਹ ਦੋਵੇਂ ਸਹੇਲੀਆਂ ਹੀ ਤਾਂ ਸਭ ਤੋਂ ਪਹਿਲੀਆਂ ਸ਼ਰਧਾਲੂ ਸਨ। ਬਹੁਤ ਹੀ ਪਿਆਰ ਅਤੇ ਨੇੜਤਾ ਸੀ ਦੋਹਾਂ ਦੀ। ਪਰ ਅਜੋਕੇ ਕੁਝ ਕੁ ਕਾਰ ਸੇਵਾ ਵਾਲੇ ਬਾਬਿਆਂ ਅਤੇ ਗੁਰਦੁਆਰਿਆਂ 'ਤੇ ਕਾਬਜ਼ ਅੰਡੰਬਰੀ ਧਾਰਮਿਕ ਰਹਿਬਰਾਂ ਨੇ ਵੇਈਂ ਤੇ ਬੇਰੀ ਦੀ ਸਾਂਝ ਨੂੰ ਵੀ ਤੋੜ ਦਿੱਤਾ ਹੈ। ਮਸਨੂਈ ਤਲਾਬ ਬਣਾਉਣ, ਪਰਿਕਰਮਾ ਨੂੰ ਵਧਾਉਣ ਜਾਂ ਕਮਰਿਆਂ ਦੀ ਉਸਾਰੀ ਖ਼ਾਤਰ ਕੰਢੇ ਨੂੰ ਧਕੇਲ ਕੇ ਵੇਈਂ ਨੂੰ ਮਰਨਾਊ ਜਿਹਾ ਨਾਲਾ ਬਣਾ ਦਿੱਤਾ। ਕੀ ਬਾਬੇ ਨਾਨਕ ਦੀ ਵੇਈਂ ਨੂੰ ਮੁੱਢਲੇ ਸਰੂਪ ਵਿਚ ਰੱਖਣਾ ਜ਼ਰੂਰੀ ਨਹੀਂ ਸੀ? ਇਨ੍ਹਾਂ ਬਾਬਿਆਂ ਨੇ ਸਿੱਖੀ ਦੀਆਂ ਹੋਰ ਇਤਿਹਾਸਕ ਨਿਸ਼ਾਨੀਆਂ ਨੂੰ ਮਿਟਾਉਣ ਦੇ ਨਾਲ-ਨਾਲ, ਇਸ ਪਵਿੱਤਰ ਵੇਈਂ ਤੇ ਬੇਰੀ ਦੀ ਮੁੱਢ-ਕਦੀਮੀ ਨੂੰ ਵੀ ਨਹੀਂ ਬਖ਼ਸ਼ਿਆ। ਕੀ ਇਨ੍ਹਾਂ ਬਾਬਿਆਂ ਨੇ ਵੇਈਂ ਦੀ ਵੇਦਨਾ ਕਦੇ ਸੁਣੀ ਹੈ? ਜੇਕਰ ਬਾਬਾ ਬਲਬੀਰ ਸਿੰਘ ਸੀਚੇਵਾਲ ਵਲੋਂ ਵੇਈਂ ਦੀ ਸਾਫ਼-ਸਫ਼ਾਈ ਅਤੇ ਇਸਦੇ ਰੱਖ-ਰਖਾਅ ਨਾਲ, ਇਸਦੇ ਕੁਝ ਕੁ ਹਿੱਸੇ ਨੂੰ ਦਰਸ਼ਨੀ ਬਣਾਇਆ ਜਾ ਸਕਦਾ ਹੈ ਤਾਂ ਸ਼੍ਰੋਮਣੀ ਕਮੇਟੀ ਨੇ ਇਸਦੇ ਸਰੂਪ ਨੂੰ ਕਿਉਂ ਵਿਗਾੜਿਆ? ਕੀ ਗੁਰਦੁਆਰੇ ਦੇ ਦੁਆਲੇ ਉਸਰੀਆਂ ਸਰਾਵਾਂ ਦਾ ਗੰਧਲਾ ਜਾਂ ਵਰਤਿਆ ਪਾਣੀ ਇਸ ਵੇਈਂ ਨੂੰ ਪਵਿੱਤਰ ਰਹਿਣ ਦੇਵੇਗਾ? ਕੀ ਬੰਦਾ ਸਾਫ਼ ਪਾਣੀ ਤੋਂ ਬਗ਼ੈਰ ਜੀਅ ਸਕਦਾ ਹੈ? ਉਹ ਵੀ ਅਜੇਹਾ ਪਾਣੀ ਜਿਹੜਾ ਵੇਈਂ ਰਾਹੀਂ ਸਾਡੇ ਤੀਕ ਪਹੁੰਚੇ ਜਿਸਨੂੰ ਬਾਬੇ ਨਾਨਕ ਦੀ ਛੋਹ ਪ੍ਰਾਪਤ ਹੋਈ ਹੋਵੇ। ਵੇਈਂ ਸਿਸਕਦੀ ਅਤੇ ਕਰਾਉਂਦੀ। ਇਸਦੇ ਦੁੱਖ-ਦਰਦ ਦੀ ਕੋਈ ਦਵਾ ਬਣਨ ਲਈ ਤਿਆਰ ਨਹੀਂ। ਬੰਦੇ ਦੇ ਲਾਲਚ ਨੇ ਵੇਈਂ ਨੂੰ ਵੀ ਵਰਤੋਂ ਦੀ ਵਸਤ ਬਣਾ ਦਿੱਤਾ।

ਅਸੀਂ ਤਾਂ ਬੇਰੀ ਦੀ ਤਾਸੀਰ ਨੂੰ ਕਦੇ ਨਹੀਂ ਸਮਝਦੇ ਜਿਹੜੀ ਕੰਡੇ ਹੁੰਦਿਆਂ ਵੀ ਮਿੱਠੇ ਬੇਰ ਪਰੋਸਦੀ ਹੈ। ਪਰ ਸਾਡੀ ਕੇਹੀ ਫ਼ਿਤਰਤ ਕਿ ਅਸੀਂ ਤਾਂ ਉਸਦੇ ਪੱਤਿਆਂ ਨੂੰ ਵੀ ਨਹੀਂ ਬਖ਼ਸ਼ਦੇ ਭਾਵੇਂ ਬੇਰੀ ਹੇਠ ਬੋਰਡ 'ਤੇ ਲਿਖਿਆ ਹੁੰਦਾ ਕਿ ਪੱਤਿਆਂ ਨੂੰ ਨਾ ਤੋੜੋ ਅਤੇ ਇਸਨੂੰ ਨਾ ਛੂਹੋ। ਪਰ ਅਸੀਂ ਅੰਨ੍ਹੀ ਸ਼ਰਧਾ ਸਦਕਾ ਬੇਰੀ ਨੂੰ ਹੁਣ ਤੀਕ ਸੁਕਾ ਦੇਣਾ ਸੀ। ਪਤਾ ਨਹੀਂ ਬੇਰੀ ਦੀ ਤਾਸੀਰ ਹੀ ਇੰਨੀ ਸਖ਼ਤ ਹੈ ਕਿ ਸ਼ਰਧਾਲੂਆਂ ਵਲੋਂ ਕੀਤੀ ਜ਼ਿਆਦਤੀ ਅਤੇ ਤੌਹੀਨ ਤੋਂ ਬਾਅਦ ਵੀ ਹਰੀ-ਭਰੀ ਸ਼ਰਧਾਲੂਆਂ ਨੂੰ ਛਾਂਵਾਂ ਵੰਡਦੀ ਹੈ। ਇਸ ਦੇ ਹੇਠ ਇੰਝ ਮਹਿਸੂਸ ਹੁੰਦਾ ਜਿਵੇਂ ਬਾਬਾ ਨਾਨਕ ਇਸ ਦੇ ਹੇਠ ਭਗਤੀ ਵਿਚ ਲੀਨ, ਸ਼ਰਧਾਲੂਆਂ ਨੂੰ ਦੁਆਵਾਂ ਦੇ ਰਹੇ ਹੋਣ। ਕਦੇ ਬੇਰੀ ਵੰਨੀਂ ਨੀਝ ਨਾਲ ਦੇਖਣਾ, ਤੁਹਾਨੂੰ ਪਤਾ ਲੱਗੇਗਾ ਕਿ ਇਹ



ਵੇਈਂ ਨੂੰ ਮਿਲਣ ਲਈ ਕਿੰਨੀ ਤਰਸੀ ਪਈ ਹੈ। ਪਰ ਅਜੇਹਾ ਦੇਖਣ ਦੀ ਤਹਿਜ਼ੀਬ ਅਜੋਕੇ ਪ੍ਰਬੰਧਕਾਂ ਦੇ ਸ਼ਾਇਦ ਹਿੱਸੇ ਹੀ ਨਹੀਂ ਆਈ।

ਵੇਈਂ ਦੇ ਪਾਣੀਆਂ ਨੂੰ ਤਾਂ ਹੁਣ ਤੀਕ ਅੱਜ ਦੀ ਗੱਲ ਲੱਗਦੀ ਹੈ ਜਦ ਬਾਬਾ ਨਾਨਕ ਦੌਲਤਖਾਨੇ ਤੋਂ ਵਿਹਲਾ ਹੋ ਕੇ ਵੇਈਂ ਵੰਨੀਂ ਆ ਜਾਂਦਾ ਸੀ ਅਤੇ ਵੇਈਂ ਦੇ ਪਾਣੀਆਂ ਨਾਲ ਢੇਰ ਸਾਰੀਆਂ ਗੱਲਾਂ ਕਰਦਾ। ਉਸਨੂੰ ਦਿਨ ਭਰ ਦੀਆਂ ਹੋਈਆਂ ਬੀਤੀਆਂ ਸੁਣਾਉਂਦਾ। 'ਤੇਰਾ ਤੇਰਾ' ਕਹਿੰਦਿਆਂ, ਹਰ ਗਰੀਬ-ਗੁਰਬੇ ਦੀ ਮਦਦ ਕਰ ਕੇ ਖ਼ੁਸ਼ੀਆਂ ਪ੍ਰਾਪਤ ਕਰਨ ਵਾਲੇ ਬਾਬੇ ਦੀਆਂ ਗੱਲਾਂ ਸੁਣ ਕੇ ਨਦੀ ਨੂੰ ਹੁਲਾਸ ਹੁੰਦਾ ਕਿ ਉਸਦੀ ਕੰਢੇ 'ਤੇ ਕੋਈ ਸੰਤ-ਬਿਰਤੀ ਨੇ ਆਣ ਡੇਰਾ ਲਾਇਆ ਜਿਹੜਾ ਸਾਰਾ ਦਿਨ ਸੱਚਾ-ਸੌਦਾ ਕਰਦਾ। ਪਰ ਅਸੀਂ ਕੇਹੀ ਫ਼ਿਤਰਤ ਦੇ ਮਾਲਕ ਕਿ ਸੱਚਾ ਸੌਦਾ ਕਰਨ ਦੀ ਤਰਕੀਬ ਨੂੰ ਸਮਝਣ ਅਤੇ ਇਸ ਨਸੀਹਤ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਦੀ ਬਜਾਏ, ਬਾਬੇ ਨਾਨਕ ਵਲੋਂ ਵਰਤੇ ਵੱਟਿਆਂ ਨੂੰ ਹੀ ਪੂਜਣ ਤੀਕ ਸੀਮਤ ਹੋ ਕੇ ਰਹਿ ਗਏ। ਯਾਦ ਰਹੇ ਕਿ ਵੱਟੇ ਕਦੇ ਵੀ ਸੱਚਾ-ਸੌਦਾ ਨਹੀਂ ਕਰਦੇ। ਸੱਚਾ-ਸੌਦਾ ਸਿਰਫ਼ ਇਨ੍ਹਾਂ ਵੱਟਿਆਂ ਨੂੰ ਵਰਤਣ ਵਾਲੇ ਹੀ ਕਰਦੇ ਹਨ ਜਿਨ੍ਹਾਂ ਦੀ ਨੀਅਤ ਸੱਚੀ ਹੁੰਦੀ, ਜਿਹੜੇ ਧਰਮ-ਕਰਮ ਵਿਚੋਂ ਜੀਵਨ ਦੀ ਸੁੰਦਰਤਾ ਅਤੇ ਸਦੀਵਤਾ ਕਿਆਸਦੇ, ਮਨੁੱਖੀ ਦਰਦ ਕਾਰਨ ਜਿਨ੍ਹਾਂ ਦੀ ਅੱਖ ਸਿੱਲ੍ਹੀ ਹੋ ਜਾਂਦੀ, ਜਿਹੜੇ ਲੋਕ, ਹੱਥ ਕਾਰ ਵੱਲ ਅਤੇ ਦਿਲ ਯਾਰ ਵੱਲ ਕਰੀ ਰੱਖਦੇ, ਜਿਨ੍ਹਾਂ ਨੂੰ ਸੁਮੱਤ ਦਾ ਵਰ ਮਿਲਿਆ ਹੁੰਦਾ ਅਤੇ ਜੋ ਕਿਰਤ-ਸਾਧਨਾ ਵਿਚ ਸੁੱਚੀ ਕੀਰਤੀ ਦੇ ਕਰਮਯੋਗੀ ਬਣਦੇ।

ਵੇਈਂ ਨੂੰ ਤਾਂ ਇਹ ਵੀ ਯਾਦ ਏ ਜਦ ਬਾਬਾ ਨਾਨਕ ਨੇ ਦੌਲਤਖਾਨੇ ਦੀ ਨੌਕਰੀ ਨੂੰ ਤਿਆਗ, ਅਲਮਸਤੀ ਦੇ ਆਲਮ ਵਿਚ ਉਸਦੇ ਕੰਢੇ ਆਇਆ ਸੀ। ਕੇਹਾ ਵੇਲਾ ਹੋਵੇਗਾ ਜਦ ਬਾਬੇ ਨੇ ਆਤਮਿਕ ਸਫ਼ਰ ਦੀਆਂ ਉਚੇਰੀਆਂ ਮੰਜ਼ਿਲਾਂ ਨੂੰ ਸਰ ਕਰ, ਸਮੁੱਚੀ ਲੋਕਾਈ ਦੇ ਰਹਿਬਰ ਬਣ ਕੇ ਸਿੱਖ ਧਰਮ ਦੀ ਸ਼ੁਰੂਆਤ ਕੀਤੀ ਸੀ। ਗ੍ਰਹਿਸਥ ਜੀਵਨ ਜਿਉਂਦਿਆਂ ਵੀ ਰੱਬ ਨੂੰ ਪਾਇਆ ਜਾ ਸਕਦਾ ਕਿਉਂਕਿ ਰੱਬ ਤਾਂ ਹਰ ਪ੍ਰਾਣੀ ਵਿਚ ਵੱਸਦਾ। ਇਸ ਲਈ ਜੰਗਲ-ਬੇਲਿਆਂ ਵਿਚ ਰੱਬ ਲੱਭਣ ਵਾਲੇ ਸਿਰਫ਼ ਆਪਣੇ ਆਪ ਨੂੰ ਹੀ ਧੋਖਾ ਦਿੰਦੇ।

ਬਾਬੇ ਨਾਨਕ ਦੇ ਸਾਥ ਵਿਚ ਵੇਈਂ ਨੂੰ ਅਹਿਸਾਸ ਅਤੇ ਆਸ ਸੀ ਕਿ ਵਗਦੇ ਨਿਰਮਲ ਪਾਣੀਆਂ ਵਰਗੀ ਤਾਸੀਰ ਵਾਲੇ ਵਿਅਕਤੀ ਬਾਬੇ ਨਾਨਕ ਦੇ ਅਨੁਆਈ ਹੋਣਗੇ। ਉਹ ਬਾਬੇ ਨਾਨਕ ਦੀਆਂ ਸੁਮੱਤਾਂ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਉਣਗੇ ਅਤੇ ਬਾਬੇ ਨਾਨਕ ਦੇ ਨਾਲ-ਨਾਲ ਵੇਈਂ ਨੂੰ ਵੀ ਵਡਿਆਉਣਗੇ। ਪਰ ਵੇਈਂ ਇੱਥੇ ਹੀ ਖ਼ਤਾ ਖਾ ਗਈ। ਉਹ ਸਮਝ ਹੀ ਨਾ ਸਕੀ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਨੂੰ ਸਾਰੇ ਲੋਕ ਆਪਣੇ ਅੰਦਰ ਨਹੀਂ ਉਤਾਰਦੇ। ਸਗੋਂ ਜ਼ਿਆਦਾਤਰ ਲੋਕ ਤਾਂ ਮਖੌਟਧਾਰੀ। ਉਹ ਸਵਾਂਗ ਰਚਾਉਂਦਿਆਂ, ਬਾਬੇ ਨਾਨਕ ਦੇ ਪੈਰੋਕਾਰ ਹੁੰਦੇ। ਬਾਬੇ ਦਾ ਨਾਮ ਵਰਤ ਕੇ ਆਪਣੇ ਵੱਡੇ ਵੱਡੇ ਕਾਰੋਬਾਰ ਅਤੇ ਅਦਾਰੇ ਸਥਾਪਤ ਕਰ ਕੇ ਮੋਟੀਆਂ ਕਮਾਈਆਂ ਕਰਦੇ। ਗਰੀਬਾਂ ਦਾ ਖ਼ੂਨ ਚੂਸਦੇ ਪਰ ਖ਼ੁਦ ਨੂੰ ਧਰਮੀ ਅਖਵਾਉਂਦੇ। ਅਕਸਰ ਹੀ ਵਪਾਰੀ ਵਰਗ ਆਪਣੇ ਵਪਾਰਕ ਅਦਾਰਿਆਂ ਦੇ ਨਾਲ, ਬਾਬੇ ਨਾਨਕ ਦਾ ਨਾਮ ਜੋੜ ਕੇ ਲੋਕਾਂ ਦਾ ਧਾਰਮਿਕ ਸ਼ੋਸ਼ਣ ਕਰਦੇ।

ਵੇਈਂ ਨੂੰ ਇਹ ਵਹਿਮ ਹੋ ਗਿਆ ਸੀ ਕਿ ਉਸਦੇ ਪਾਣੀਆਂ ਨੂੰ ਪਲੀਤ ਕਰਨ ਦੀ ਕੌਣ ਹਿਕਮਤ ਕਰੇਗਾ? ਪਰ ਇਸਦੇ ਕੰਢੇ ਵੱਸੇ ਪਿੰਡਾਂ, ਨਗਰਾਂ, ਸ਼ਹਿਰਾਂ ਅਤੇ ਫੈਕਟਰੀਆਂ ਨੇ ਆਪਣੇ ਗੰਦਲੇ ਪਾਣੀ ਦਾ ਨਿਕਾਸ ਹੀ ਵੇਈਂ ਵੱਲ ਨੂੰ ਕਰ ਦਿੱਤਾ ਅਤੇ ਇਸ ਦੇ ਪਾਣੀਆਂ ਨੂੰ ਜ਼ਹਿਰੀਲਾ ਕਰ ਦਿੱਤਾ। ਇਸਦੇ ਕੰਢਿਆਂ ਦੇ ਦੋਹੀਂ ਪਾਸੀ ਦਰਖ਼ਤਾਂ ਅਤੇ ਬੂਟਿਆਂ ਦੇ ਜੰਗਲ-ਨੁਮਾ ਕੁਦਰਤੀ ਵਾਤਾਵਰਨ ਨੂੰ ਮਲੀਆ ਮੇਟ ਕਰ ਦਿੱਤਾ। ਵੇਈਂ ਬਹੁਤ ਪੀੜਤ ਹੁੰਦੀ ਜਦ ਉਹ ਬਾਬਾ ਨਾਨਕ ਦੇ ਉਚਾਰੇ ਪ੍ਰਵਚਨਾਂ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਨੂੰ ਸੁਣਦੀ ਤਾਂ ਮੱਥੇ 'ਤੇ ਹੱਥ ਮਾਰਦੀ ਕਿ ਬਾਬੇ ਨੇ ਤਾਂ ਮੇਰੇ ਪਾਣੀਆਂ ਨੂੰ ਪਿਤਾ ਦਾ ਦਰਜਾ ਦਿੱਤਾ ਪਰ ਬਾਬੇ ਨਾਨਕ ਦੇ ਸੇਵਕਾਂ ਨੇ ਪਾਣੀ ਨੂੰ ਹੀ ਪਲੀਤ ਕਰ ਦਿੱਤਾ। ਕੀ ਇਹ ਬਾਬਾ ਨਾਨਕ ਦੇ ਸਿੱਖ ਕਹਾਉਣ ਦੇ ਹੱਕਦਾਰ ਨੇ?

ਵੇਈਂ ਨੂੰ ਤਾਂ ਉਹ ਵੀ ਪਲ ਬਾਖ਼ੂਬੀ ਯਾਦ ਆ ਜਦ ਬਾਬੇ ਨਾਨਕ ਨੇ ਪਹਿਲੀ ਉਦਾਸੀ 'ਤੇ ਤੁਰਨ ਤੋਂ ਪਹਿਲਾਂ ਆਖ਼ਰੀ ਵਾਰ ਵੇਈਂ ਦੇ ਪਾਣੀਆਂ ਵੰਨੀਂ ਝਾਕਿਆ ਸੀ। ਇਸਦੇ ਕੰਢੇ ਨੂੰ ਅਲਵਿਦਾ ਕਹਿ ਬੇਬੇ ਨਾਨਕੀ ਦੇ ਘਰ ਵੱਲ ਨੂੰ ਇਹ ਸੋਚ ਕੇ ਕਦਮ ਪੁੱਟਿਆ ਸੀ ਕਿ ਹੁਣ ਇਸ ਵੇਈਂ ਨਾਲ ਪਤਾ ਨਹੀਂ ਕਦੋਂ ਮੇਲੇ ਹੋਣਗੇ? ਬਾਬੇ ਨਾਨਕ ਨੇ ਸੱਚ ਦਾ ਸੁਨੇਹਾ ਦੇਣ ਅਤੇ ਮਸਤਕ ਵਿਚ ਉਗੇ ਸੂਰਜ ਦੇ ਚਾਨਣ ਨਾਲ ਹਨੇਰਿਆਂ ਵਿਚ ਡੁੱਬੇ ਸੰਸਾਰ ਨੂੰ ਤਾਰਨ ਲਈ ਬਾਕੀ ਉਮਰ ਸਫ਼ਰ ਵਿਚ ਹੀ ਰਹਿਣਾ ਸੀ। ਧਾਰਮਿਕ ਅਡੰਬਰਤਾ ਵਿਚ ਫਸੀ ਲੋਕਾਈ ਨੂੰ ਨਵਾਂ ਗਿਆਨ ਦੇਣ ਅਤੇ ਨਵੀਂ ਸੋਚ ਨੂੰ ਪ੍ਰਨਾਉਣ ਲਈ ਲੋਕਾਂ ਨਾਲ ਸੰਵਾਦ ਰਚਾਉਣਾ ਸੀ। ਬੇਬੇ ਨਾਨਕੀ ਨੇ ਭਾਈ ਮਰਦਾਨੇ ਦੀ ਸਪੁਰਦਗੀ ਵਿਚ ਆਪਣੇ ਭਰਾ ਨੂੰ ਲੰਮੇਰੇ ਰਾਹਾਂ 'ਤੇ ਤੋਰਨਾ ਸੀ।

ਇਹ ਵੇਈਂ
ਕਦੇ ਸੁਰ ਵਿਚ ਗਾਉਂਦੀ
ਵਜਦ ਵਿਚ ਆਉਂਦੀ
ਤੇ ਕੰਢਿਆਂ ਨੂੰ ਜੱਫੀਆਂ ਪਾਉਂਦੀ।

ਕਦੇ
ਸ਼ਾਂਤ-ਸਹਿਜ
ਅੰਤਰੀਵੀ ਵਿਸਮਾਦ 'ਚ ਮਸਤ
ਫ਼ੱਕਰ ਦਾ ਰੂਪ ਵਟਾਉਂਦੀ।

ਕਦੇ ਕਦੇ
'ਵਾ ਨੂੰ ਕੋਲ ਬੁਲਾਉਂਦੀ
ਨਮੀ ਨਾਲ ਸਹਿਲਾਉਂਦੀ
ਔੜਾਂ ਦੀ ਦੱਸ ਪਾਉਂਦੀ
ਤੇ ਉਨ੍ਹਾਂ ਦੀ ਪਿਆਸ ਮਿਟਾਉਣ ਦੇ ਰਾਹ ਪਾਉਂਦੀ।

ਕਦੇ
ਚੰਨ ਇਸ 'ਚ ਉਤਰ
ਡੁੱਬਕੀਆਂ ਲਾਉਂਦਾ
ਗੁਫ਼ਤਗੂ ਰਚਾਉਂਦਾ
ਬਹੁਤ ਦੂਰ ਤੀਕ
ਇਸ ਨਾਲ ਸਫ਼ਰ ਤੇ ਨਿਕਲਦਾ
ਤੇ ਇਸਦੇ ਪਾਣੀਆਂ ਨੂੰ
ਚਾਨਣ-ਰੰਗਾ ਕਰ ਜਾਂਦਾ।

ਵੇਈਂ ਤਾਂ
ਨਿਰੰਤਰਤਾ ਹੈ
ਨਗ਼ਮਾ ਹੈ
ਨਾਦ ਹੈ
ਅਤੇ ਨਰਾਇਣ ਹੈ।

ਵੇਈਂ ਇਹ ਪੁੱਛਣ ਦਾ ਜੇਰਾ ਕਰਦੀ ਹੈ ਕਿ ਸੁਲਤਾਨਪੁਰ ਲੋਧੀ ਜਾ ਕੇ ਗੁਰੂਘਰ ਵਿਚ ਨਤਮਸਤਕ ਹੋਣ ਵਾਲਿਆ, "ਕਦੇ ਮੇਰੇ ਪਾਣੀਆਂ ਦੀ ਚੂਲੀ ਭਰਨ ਦੀ ਹਿੰਮਤ ਕੀਤੀ ਆ। ਕਦੇ ਮੇਰੇ ਪਾਣੀਆਂ ਵਿਚ ਆਪਣਾ ਮੂੰਹ ਦੇਖਿਆ। ਕਦੇ ਮੇਰੇ ਵਿਚ ਵਹਿੰਦੀ ਗੰਦਗੀ ਵਿਚਲੀ ਬੋਅ ਨੂੰ ਆਪਣੇ ਅੰਦਰ ਜਾਂਦਿਆਂ ਮਹਿਸੂਸ ਕੀਤਾ। ਕੀ ਇਹੀ ਬਾਬਾ ਨਾਨਕ ਵਾਲੀ ਵੇਈਂ ਸੀ ਜਾਂ ਉਹ ਵੇਈਂ ਹੋਰ ਸੀ ਪਾਕ ਅਤੇ ਪਵਿੱਤਰ। ਜੋ ਬਾਬਾ ਨਾਨਕ ਦੇ ਹੁੰਦਿਆਂ, ਜੀਵਨ ਵਿਚ ਖ਼ੁਸ਼ੀਆਂ ਅਤੇ ਖੇੜੇ ਵੰਡਦੀ ਸੀ। ਇਸ ਵਿਚ ਲਾਈਆਂ ਤਾਰੀਆਂ ਨਾਲ ਬੰਦੇ ਅੰਦਰੋਂ ਅਤੇ ਬਾਹਰੋਂ ਪਵਿੱਤਰ ਹੋ ਜਾਇਆ ਕਰਦੇ ਸਨ।"

ਵੇਈਂ ਸਵਾਲ ਕਰਦੀ ਹੈ, "ਕੀ ਮੈਂ ਨਹੀਂ ਚਾਹੁੰਦੀ ਕਿ ਮੈਂ ਆਪਣੇ ਪਹਿਲੇ ਸਰੂਪ ਅਤੇ ਰੌਅ ਵਿਚ ਹੋਵਾਂ। ਮੇਰੇ ਕੰਢੇ 'ਤੇ ਤੁਸੀਂ ਉਸ ਰੂਪ ਵਿਚ ਆਵੋ ਜਿਵੇਂ ਬਾਬਾ ਨਾਨਕ ਅਕਸਰ ਹੀ ਮੇਰੇ ਕੰਢੇ ਬੈਠ ਕੇ ਡੂੰਘੀਆਂ ਰਮਜ਼ਾਂ ਫਰੋਲਦਾ ਸੀ, ਗੁੱਝੀਆਂ ਬਾਤਾਂ ਪਾਉਂਦਾ ਸੀ ਅਤੇ ਬਾਣੀ-ਨਾਦ ਰਾਹੀਂ ਮੇਰੀ ਫ਼ਿਜ਼ਾ ਨੂੰ ਸੁਗੰਧਤ ਕਰਦਾ ਸੀ। ਮੇਰੀ ਮੌਜੂਦਾ ਦਸ਼ਾ ਨੂੰ ਦੇਖ ਕੇ ਇਸਦੇ ਕਾਰਨਾਂ ਨੂੰ ਜ਼ਰੂਰ ਸਮਝਣਾ। ਮੈਨੂੰ ਮੇਰੀ ਪੁਰਾਣੀ ਹੋਂਦ ਦੇਣ ਲਈ ਕੁਝ ਉਦਮ ਕਰਨਾ ਤਾਂ ਹੀ ਤੁਹਾਡਾ ਬਾਬਾ ਨਾਨਕ ਦੀ ਵੇਈਂ ਦੇ ਕੰਢੇ ਆਉਣਾ ਅਤੇ ਬੇਰੀ ਹੇਠ ਬਾਬੇ ਨਾਨਕ ਦੇ ਦ੍ਰਿਸ਼ ਨੂੰ ਚਿਤਾਰਨ ਦਾ ਫਲ ਮਿਲੇਗਾ। ਹੁਣ ਵੇਲਾ ਕੁਝ ਕਰਨ ਦਾ। ਬਾਬੇ ਨਾਨਕ ਦੇ ਬੋਲਾਂ 'ਤੇ ਪਹਿਰਾ ਦਿੰਦਿਆਂ, ਬੋਲਾਂ ਨੂੰ ਪੁਗਾਉਣ ਦਾ ਹੈ। ਝੂਠੀਆਂ ਦਿਲਬਰੀਆਂ ਨੇ ਮੈਨੂੰ ਬਹੁਤ ਨਿਰਾਸ਼ ਅਤੇ ਹਤਾਸ਼ ਕੀਤਾ ਹੈ। ਹੁਣ ਇੰਝ ਨਾ ਕਰਨਾ।"

ਅਤੇ ਇੰਨਾ ਕਹਿ ਕੇ ਵੇਈਂ ਚੁੱਪ ਹੋ ਗਈ।

# ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ !

ਪੰਜਾਬ ਟਾਈਮਜ਼ ਨੇ ਬੇਬਾਕੀ ਤੇ ਨਿਰਪੱਖ ਪੱਤਰਕਾਰੀ ਕਰਦਿਆਂ 25 ਸਾਲ ਪੂਰੇ ਕਰ ਲਏ ਹਨ, ਜਿਸ ਲਈ ਪੰਜਾਬ ਟਾਈਮਜ਼ ਦਾ ਸਲਾਹਕਾਰ ਬੋਰਡ, ਸਮੂਹ ਸਹਿਯੋਗੀ, ਅਤੇ ਸਾਰੀ ਟੀਮ ਵਧਾਈ ਦੀ ਪਾਤਰ ਹੈ। ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਇਸ ਦੀ 25ਵੀਂ ਵਰ੍ਹੇਗੰਢ 'ਤੇ ਮੇਰੇ ਵਲੋਂ ਲੱਖ-ਲੱਖ ਵਧਾਈ। ਮੈਂ ਲੰਮੇ ਸਮੇਂ ਤੋਂ ਅਖਬਾਰ ਨਾਲ ਜੁੜਿਆ ਹਾਂ ਤੇ ਅੱਗੇ ਵੀ ਇਸ ਦਾ ਸਾਥ ਦਿੰਦਾ ਰਹਾਂਗਾ।

ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਮੇਲਾ 10 ਅਗਸਤ ਨੂੰ ਸ਼ਿਕਾਗੋ ਦੀ ਸਬਰਬ ਐਲਕ ਗਰੂਵ ਵਿਲੇਜ ਦੇ ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ ਵਿਚ ਹੋਵੇਗਾ। ਸਮੂਹ ਖੇਡ ਪ੍ਰੇਮੀਆਂ ਤੇ ਭਾਈਚਾਰੇ ਨੂੰ ਮੇਲੇ ਵਿਚ ਪਰਿਵਾਰਾਂ ਸਮੇਤ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।



ਸੰਤੋਖ ਸਿੰਘ ਘੁੰਮਣ
(ਪ੍ਰਧਾਨ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ)

# SWERA (SIKH WOMEN ERA)



ਜਸਬੀਰ ਕੌਰ ਮਾਨ

ਪਿਛਲੇ 25 ਸਾਲਾਂ ਤੋਂ ਪੰਜਾਬ ਟਾਈਮਜ਼, ਭਰੋਸੇਯੋਗ ਖਬਰਾਂ ਦਾ ਦੀਵਾ ਬਣ, ਅਮਰੀਕਾ ਵਿਚ ਪੰਜਾਬੀ ਸੱਭਿਅਤਾ ਦੇ ਮੁਖਾਰਬਿੰਦ ਦਾ ਰੋਲ ਨਿਭਾ ਰਿਹਾ ਹੈ। ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ, ਅਤੇ ਸੱਭਿਆਚਾਰਕ ਜਾਗਰੂਕਤਾ ਉੱਤੇ ਜ਼ੋਰ ਕਾਰਨ, ਇਹ ਅਖਬਾਰ ਪੱਤਰਕਾਰੀ ਦੇ ਲੈਂਡਸਕੇਪ ਵਿਚ, ਇੱਕ ਮਿਸਾਲ ਬਣ ਚੁੱਕਾ ਹੈ। ਸਵੇਰਾ (ਸਿੱਖ ਵਿਮੈੱਨ ਏਰਾ) ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ। ਸਵੇਰਾ ਵਲੋਂ ਹਮੇਸ਼ਾ ਪੰਜਾਬ ਟਾਈਮਜ਼ ਦਾ ਸਹਿਯੋਗ ਕੀਤਾ ਜਾਵੇਗਾ।

SWERA WOMEN SUPPORT GROUP SIKH WOMEN ERA

**For more information please call**

| | | | | | |
|---|---|---|---|---|---|
| Jasbir K. Mann 847-890-2390 | Jeetu Kaur 847-220-0174 | Sukhvir Kaur 847-852-0666 | Anureet Dhillon 847-454-4062 | Amarjeet Kaur 317-551-1794 | Laddi K. Singh 847-401-7475 |
| Kirpal K Lall 630-664-3816 | Amrit Kaur 847-884-0349 | Nikki Sekhon 773-443-2720 | Raj Dhaliwal 224-410-1366 | Sukhjit Kahlon 224-456- 8101 | Kanti Parmar 630-819-0647 |
| Sukhwinder Kaur 847-873-6569 | Seerat Kaler 847-977-6396 | Rajvir Kullar 630-456-3535 | Sharanvir Kahlon 331-643-5428 | Bhupinder Dhanoa 312-404-3590 | Aman Dhillon 847--529-4569 |
| Pammi Sangha 630-965-2930 | Pammi Vohra 847-312-9318. | Jolly Dandona 847-630-6417 | Manpreet Bains 224-409-9423 | Gurpreet K. Singh 630-677-6144 | Ritu Kaur 313-282-7913 |
| Kamal Sahotha 847-525-7615. | Joti Khaira 630-277-1649 | Pinky Walia 847-999-8720 | Prabh Khaira 630-267-2107 | Jasbir Kaur 630-706-0363 | Salwinder Sandhu 224-330-5568 |

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਮੇਜਰ ਗੁਰਚਰਨ ਸਿੰਘ ਝੱਜ


ਡਾ. ਵਿਕਰਮ ਸਿੰਘ ਗਿੱਲ


ਡਾ. ਦਲਬੀਰ ਸਿੰਘ ਪੰਨੂ

ਯਾਦ ਸਲਾਮਤ ਰਹੇ...


ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ


ਏ ਜੇ ਸੰਧੂ


ਹਰਮਨ ਬਿੰਦ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ


ਰਾਜਿੰਦਰ ਸਿੰਘ ਬੈਂਸ



ਗੁਰਵੀਰ ਸਿੰਘ ਗਿੱਲ


ਗੁਰਦੇਵ ਸਿੰਘ ਜੌੜਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅੰਮ੍ਰਿਤਪਾਲ ਸਿੰਘ ਸੰਘਾ


ਭੁਪਿੰਦਰ ਸਿੰਘ ਧਾਲੀਵਾਲ


ਹਰਵਿੰਦਰ ਪਾਲ ਸਿੰਘ ਲੈਲ


ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# PUNJAB TIMES NIGHT 2024

## ਵਿਸ਼ੇਸ਼ ਮਹਿਮਾਨ


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਸੁਰਿੰਦਰ ਸਿੰਘ ਸੁੰਨੜ
(ਚੀਫ਼ ਗੈਸਟ)


ਸੁੱਖੀ ਬਾਠ
(ਚੀਫ਼ ਗੈਸਟ)

## ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ



ਡਾ. ਲਖਵਿੰਦਰ ਜੌਹਲ



ਡਾ. ਗੁਰਬਖਸ਼ ਸਿੰਘ ਭੰਡਾਲ


ਡਾ. ਆਤਮਜੀਤ ਸਿੰਘ


ਰਵਿੰਦਰ ਸਹਿਰਾਅ


ਭੁਪਿੰਦਰ ਦੁਲੇ


ਕੁਲਵਿੰਦਰ ਖਹਿਰਾ


ਸੁਰਿੰਦਰ ਸੋਹਲ


ਅਸ਼ੋਕ ਭੌਰਾ


ਅਜੇ ਤਨਵੀਰ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਦਵਿੰਦਰ ਕੌਰ ਗੁਰਾਇਆ



ਤਾਹਿਰਾ ਰਿਧਾ



ਪੂਜਾ ਧਾਲੀਵਾਲ


ਰਜਿੰਦਰ ਟਾਂਡਾ


ਹਰਜਿੰਦਰ ਕੰਗ


ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ


ਗੁਲਾਮ ਮੁਸਤਫਾ ਅੰਜੁਮ

## ਵਿਸ਼ੇਸ਼ ਸਹਿਯੋਗੀ


ਜੈਰਾਮ ਸਿੰਘ ਕਾਹਲੋਂ


ਡਾ. ਹਰਜਿੰਦਰ ਸਿੰਘ ਖਹਿਰਾ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ


ਜਿਗਰਦੀਪ ਸਿੰਘ ਢਿੱਲੋਂ


ਗੁਰਬਖਸ਼ ਸਿੰਘ ਰਾਹੀ


ਪਾਲ ਧਾਲੀਵਾਲ

**ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਮਹਾਨ ਸ਼ਖ਼ਸੀਅਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ

***ਬਾਬਾ ਬੁੱਢਾ ਜੀ ਦੇ ਵੰਸ਼ਜ ਦੀਆਂ ਸਾਖੀਆਂ ਜ਼ਿਕਰ ਪੁਸਤਕ ਵਿਚ ਹੈ। ਬਾਬਾ ਜੀ ਦਾ ਪਰਿਵਾਰ ਇਤਿਹਾਸ ਵਿਚ ਬ੍ਰਿਧ ਕਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪ੍ਰਸਿੱਧ ਪੁਸਤਕ 'ਸੌ ਸਾਖੀ' ਦਾ ਖੋਜਮਈ ਜ਼ਿਕਰ ਹੈ। 'ਸੌ ਸਾਖੀ' ਦਾ ਸਿੱਖਾਂ ਵਿਚ ਕਾਫ਼ੀ ਸਮਾਂ ਪ੍ਰਚਲਨ ਰਿਹਾ ਹੈ। ਇਸ ਤੋਂ ਇਲਾਵਾ ਇਸ ਪਰਿਵਾਰ ਦੇ ਭਾਈ ਰਾਮਾ ਜੀ, ਭਾਈ ਸੁਖਾ ਜੀ, ਮਾਤਾ ਪ੍ਰਧਾਨ ਕੌਰ, ਭਾਈ ਮੋਹਰ ਸਿੰਘ ਜੀ, ਭਾਈ ਕ੍ਰਿਸ਼ਨ ਕੁੰਵਰ ਜੀ ਦਾ ਜੀਵਨ ਵੇਰਵਾ ਹੈ। ਇਹ ਪੁਸਤਕ ਸਿੱਖ ਵਿਦਿਅਕ ਅਦਾਰਿਆਂ ਵਾਸਤੇ ਕੀਮਤੀ ਸੌਗਾਤ ਹੈ।***

**ਕਲਾ ਪਰਿਕਰਮਾ**

ਵੱਡ-ਆਕਾਰੀ ਇਤਿਹਾਸਕ ਪੁਸਤਕ 'ਸਾਖੀ ਪ੍ਰਥਾਇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਅਤੇ ਉਨ੍ਹਾਂ ਦੀਆਂ ਵੰਸ਼ਜਾਂ ਦੀ' ਦੀ ਲੇਖਿਕਾ ਡਾ. ਅਮਰਜੀਤ ਕੌਰ ਟਿੱਬਣ ਕਲਾਂ (ਅੰਮ੍ਰਿਤਸਰ) ਸਿੱਖ ਇਤਿਹਾਸ ਨਾਲ ਲੰਮੇ ਸਮੇਂ ਤੋਂ ਜੁੜੀ ਹੋਈ ਹੈ। ਉਸ ਦੀਆਂ ਸਿੱਖ ਇਤਿਹਾਸ ਬਾਰੇ ਦੋ ਦਰਜਨ ਕਿਤਾਬਾਂ ਛਪ ਚੁੱਕੀਆਂ ਹਨ। ਚਾਰ ਕਿਤਾਬਾਂ ਛਪਾਈ ਅਧੀਨ ਹਨ। ਹੱਥਲੀ ਪੁਸਤਕ ਦਾ ਪਹਿਲਾ ਐਡੀਸ਼ਨ (2023) ਛਪ ਕੇ ਆਇਆ ਹੈ। ਪੁਸਤਕ ਵਿਚ 33 ਰੰਗਦਾਰ ਦੁਰਲੱਭ ਤਸਵੀਰਾਂ ਹਨ। ਇਨ੍ਹਾਂ ਵਿਚ ਬਾਬਾ ਬੁੱਢਾ ਜੀ ਦੇ ਅੰਤਿਮ ਸਮੇਂ ਗੁਰੂ ਹਰਿਗੋਬਿੰਦ ਜੀ ਦੇ ਕੋਲ ਬੈਠਣ, ਬਾਬਾ ਬੁੱਢਾ ਜੀ ਦੁਆਰਾ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਦੀ ਰਸਮ ਕਰਨ ਸਮੇਂ, ਬਾਬਾ ਬੁੱਢਾ ਜੀ ਦਾ ਜਨਮ ਸਥਾਨ, ਕੱਥੂ ਨੰਗਲ, ਬਾਉਲੀ ਸਾਹਿਬ, ਤਪ ਸਥਾਨ ਝੰਡੇ ਰਾਮਦਾਸਪੁਰ, ਬਾਬਾ ਜੀ ਦਾ ਪਲੰਘ,


**ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**
**ਫੋਨ: +91-98148-56160**

ਗੁਰਦੁਆਰਾ ਸਮਾਧਾਂ ਰਾਮਦਾਸ, ਗੁਰਦੁਆਰਾ ਬਾਬਾ ਕ੍ਰਿਸ਼ਨ ਕੁੰਵਰ ਜੀ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਚੇਤਨਪੁਰਾ, ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਸਥਾਨਾਂ ਦੇ ਮੁੱਖ ਸੇਵਾਦਾਰ ਬਾਬਾ ਦੀਦਾਰ ਸਿੰਘ ਰੰਧਾਵਾ, ਬਾਬਾ ਭਗਵੰਤ ਭਜਨ ਜੀ, ਬਾਬਾ ਰਛਪਾਲ ਸਿੰਘ ਜੀ, ਬੀਬੀ ਜਸਵਿੰਦਰ ਕੌਰ ਰਮਦਾਸ ਜੀ ਦੀਆਂ ਤਸਵੀਰਾਂ ਸ਼ਾਮਿਲ ਹਨ।

ਪੁਸਤਕ ਦੋ ਭਾਗਾਂ ਵਿਚ ਹੈ। ਪਹਿਲੇ ਭਾਗ ਵਿਚ ਬਾਬਾ ਬੁੱਢਾ ਜੀ ਦੀ ਬੰਸਾਵਲੀ ਹੈ। ਬਾਬਾ ਜੀ ਦੇ ਚਾਰ ਪੁੱਤਰ ਸਨ: ਸੁਧਾਰੀ, ਭਿਮਾਰੀ, ਮਹਿਮੂ ਤੇ ਭਾਨਾ। ਭਾਨਾ ਸਭ ਤੋਂ ਛੋਟਾ ਪੁੱਤਰ ਸੀ। ਭਾਨਾ ਦੇ ਦੋ ਪੁੱਤਰ ਸਰਵਣ ਅਤੇ ਜਲਾਲ ਸੀ। ਸਰਵਣ ਦਾ ਪੁੱਤਰ ਝੰਡਾ ਸੀ। ਝੰਡਾ ਦੇ ਪੁੱਤਰ ਗੁਰਦਿੱਤਾ ਅਤੇ ਹਰਦਿੱਤਾ ਸਨ। ਗੁਰਦਿੱਤਾ ਦਾ ਪੁੱਤਰ ਭਾਈ ਕੁਇਰ ਜੀ ਸਨ। ਇਉਂ ਇਹ ਪੀੜ੍ਹੀ ਹੁਣ ਤੱਕ ਚਲ ਰਹੀ ਹੈ। ਪੁਸਤਕ ਵਿਚ ਸਾਰਾ ਜ਼ਿਕਰ ਹੈ। ਭਾਈ ਕੁਇਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਸੀ ਤੇ ਉਨ੍ਹਾਂ ਦਾ ਨਾਮ ਗੁਰਬਖਸ਼ ਸਿੰਘ ਹੋ ਗਿਆ ਸੀ।

ਬਾਬਾ ਬੁੱਢਾ ਜੀ ਦੇ ਪਿਤਾ ਦਾ ਨਾਮ ਭਾਈ ਸੁਘਾ ਜੀ ਅਤੇ ਮਾਤਾ ਗੌਰਾਂ ਜੀ ਸਨ। ਮਾਤਾ ਸੁਲੱਖਣੀ ਜੀ (ਮਹਿਲ ਗੁਰੂ ਨਾਨਕ ਦੇਵ ਜੀ) ਨੇ ਆਪਣੇ ਪੇਕੇ ਅਚਲ ਬਟਾਲਾ ਤੋਂ ਬਾਬਾ ਬੁੱਢਾ ਜੀ ਨੂੰ ਰਿਸ਼ਤਾ ਲਿਆਂਦਾ ਸੀ। ਬਾਬਾ ਬੁੱਢਾ ਜੀ ਦੀ ਪਤਨੀ ਬੀਬੀ ਮਿਰੋਯਾ ਸੀ। ਬਾਬਾ ਬੁੱਢਾ ਜੀ ਦੇ ਵਿਆਹ ਵਿਚ ਗੁਰੂ ਨਾਨਕ ਜੀ, ਮਾਤਾ ਸੁਲੱਖਣੀ ਤੇ ਦੋਵੇਂ ਪੁੱਤਰ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਗਏ ਸਨ। ਬਾਬਾ ਜੀ ਦਾ ਵੱਡਾ ਪੁੱਤਰ ਸੁਧਾਰੀ ਸੀ। ਪਿੰਡ ਭਾਨਾ ਤਲਵੰਡੀ ਬਾਬਾ ਜੀ ਦੇ ਛੋਟੇ ਪੁੱਤਰ ਦੇ ਨਾਂ 'ਤੇ ਹੈ। ਪਿੰਡ ਝੰਡੇ ਰਾਮਦਾਸਪੁਰ ਬਾਬਾ ਜੀ ਨੇ ਵਸਾਇਆ ਸੀ। ਝੰਡਾ ਜੀ ਬਾਬਾ ਜੀ ਦੇ ਪੜਪੋਤੇ ਸਨ। ਲੇਖਿਕਾ ਦੀ ਖੋਜ ਅਨੁਸਾਰ ਬਾਬਾ ਜੀ ਦੇ ਪੁੱਤਰ ਸੁਧਾਰੀ ਜੀ ਦਾ ਵੰਸ਼ ਇਸ ਵੇਲੇ ਛੇਹਰਟਾ ਸਾਹਿਬ ਵਿਚ ਹੈ। ਬਾਬਾ ਜੀ ਦਾ ਹੋਰ ਪਰਿਵਾਰ ਡੇਰਾ ਬਾਬਾ ਨਾਨਕ, ਅਜਨਾਲਾ, ਪੱਖੋਕੀ ਆਦਿ ਪਿੰਡਾਂ ਵਿਚ ਵੱਸਦਾ ਹੈ। ਬਾਬਾ ਜੀ ਦੇ ਵੰਸ਼ ਵਿਚੋਂ ਭਾਈ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਵਿਚ ਮੁਲਾਜ਼ਮ ਰਿਹਾ ਹੈ।

ਪੁਸਤਕ ਦੇ ਪਹਿਲੇ ਭਾਗ ਵਿਚ ਬਾਬਾ ਬੁੱਢਾ ਜੀ ਵੱਲੋਂ ਗੁਰੂ ਅੰਗਦ ਦੇਵ ਜੀ ਨੂੰ ਤਿਲਕ ਲਾਉਣਾ, ਗੁਰੂ ਅੰਗਦ ਦੇਵ ਜੀ ਤੇ ਗੁਰੂ




*'ਸਾਖੀ ਪ੍ਰਥਾਇ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਅਤੇ ਉਨ੍ਹਾਂ ਦੀਆਂ ਵੰਸ਼ਜਾਂ ਦੀ' ਦਾ ਮੁਖੜਾ।*

ਅਮਰਦਾਸ ਜੀ ਦਾ ਮਿਲਾਪ, ਬਾਦਸ਼ਾਹ ਅਕਬਰ ਦਾ ਗੋਇੰਦਵਾਲ ਆਉਣਾ, ਗੁਰੂ ਰਾਮਦਾਸ ਜੀ ਨੇ ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਉਣਾ, ਪ੍ਰਿਥੀ ਚੰਦ ਨੇ ਬਾਬਾ ਜੀ ਨੂੰ ਕੁਬੋਲ ਕਰਨੇ, ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਵਿਚ ਸੇਵਾ ਕਰਨੀ, ਮਾਤਾ ਗੰਗਾ ਜੀ ਦਾ ਪੁੱਤਰ ਵਰ ਲੈਣ ਲਈ ਬੀੜ ਸਾਹਿਬ ਬਾਬਾ ਜੀ ਕੋਲ ਜਾਣਾ ਆਦਿ ਪ੍ਰਸੰਗ ਦਿਲਚਸਪ ਸ਼ੈਲੀ ਵਿਚ ਦਰਜ ਹਨ। ਸੰਖੇਪਤਾ ਇਸ ਕਿਤਾਬ ਦਾ ਵਿਸ਼ੇਸ਼ ਗੁਣ ਹੈ। ਛੇਵੇਂ ਗੁਰੂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਸਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਨੇ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪ੍ਰਸੰਗ ਹੈ। ਗੁਰੂ ਹਰਿਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬਾਦਸ਼ਾਹ ਜਹਾਂਗੀਰ ਵੱਲੋਂ ਕੈਦ ਕਰਨ ਅਤੇ ਬਾਬਾ ਬੁੱਢਾ ਜੀ ਦਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਗਵਾਲੀਅਰ ਜਾਣ ਦੀ ਸਾਖੀ ਪੁਸਤਕ ਵਿਚ ਹੈ।

ਬਾਬਾ ਜੀ ਦੇ ਵੰਸ਼ਜਾਂ ਵੱਲੋਂ ਸਮੇਂ ਸਮੇਂ 'ਤੇ ਦਿਖਾਈਆਂ ਕੁਝ ਕਰਾਮਾਤਾਂ ਦਾ ਜ਼ਿਕਰ ਹੈ। ਇੱਕ ਸਿੱਖ ਕਾਬਲ ਤੋਂ ਛੇਵੇਂ ਗੁਰੂ ਜੀ ਲਈ ਘੋੜਾ ਲਿਆ ਰਿਹਾ ਸੀ। ਰਸਤੇ ਵਿਚ ਮੁਗ਼ਲਾਂ ਦੇ ਸੂਬੇਦਾਰ ਨੇ ਖੋਹ ਲਿਆ। ਉਹ ਸਿੱਖ ਬਾਬਾ ਬੁੱਢਾ ਜੀ ਪਾਸ ਫਰਿਆਦ ਲੈ ਕੇ ਆਇਆ। ਉਹ ਘੋੜਾ ਬਾਬਾ ਜੀ ਨੇ ਬਹੁਤ ਕਲਾਮਈ ਜੁਗਤ ਨਾਲ ਵਾਪਸ ਲਿਆ। ਇਹ ਸਾਖੀ ਪੁਸਤਕ ਵਿਚ ਦਰਜ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਗੁਰੂ ਹਰਗੋਬਿੰਦ ਸਾਹਿਬ ਨੂੰ ਗੁਰਿਆਈ ਦੀ ਰਸਮ, ਦੋ ਤਲਵਾਰਾਂ ਪਹਿਨਣ ਦਾ ਹੁਕਮ, ਸੈਨਿਕ ਭਰਤੀ ਕਰਨੇ, ਅੰਮ੍ਰਿਤਸਰ ਸਾਹਿਬ ਦੀ ਕਿਲ੍ਹੇਬੰਦੀ, ਬੀਬੀ ਕੌਲਾਂ ਦਾ ਸਿੱਖੀ ਪਿਆਰ, ਗੁਰੂ ਹਰਿਗੋਬਿੰਦ ਜੀ ਦਾ ਬੀਬੀ ਕੋਲਾਂ ਕੋਲ ਜਾਣਾ, ਬਾਬਾ ਜੀ ਨੇ ਬਿਬੇਕਸਰ ਦੀ ਸਥਾਪਨਾ ਕਰਨੀ (ਪੰਨਾ 191-194) ਤੇ ਸੰਗਤਾਂ ਨੂੰ ਵਰ ਦੇਣੇ ਆਦਿ ਦੇ ਵੇਰਵੇ ਦਰਜ ਹਨ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ, ਬੀਬੀ ਕੌਲਾਂ ਦੀ ਉਮਰ 24 ਦਿਨ ਰਹਿਣ ਦੀ ਭਵਿੱਖਵਾਣੀ, ਕਰਤਾਰਪੁਰ (ਜਲੰਧਰ) ਵਸਾਉਣ ਤੇ ਬੀਬੀ ਕੌਲਾਂ ਦਾ ਚੌਵੀ ਦਿਨਾਂ ਪਿੱਛੋਂ ਕਰਤਾਰਪੁਰ ਵਿਚ ਅਕਾਲ ਚਲਾਣਾ ਕਰਨ ਦਾ ਬਿਰਤਾਂਤ ਹੈ। ਇਹ ਜ਼ਿਕਰ ਵੀ ਹੈ ਕਿ ਬਾਬਾ ਅਟਲ ਰਾਏ ਜੀ ਨੂੰ ਗੁਰੂ ਜੀ ਨੇ ਬੀਬੀ ਕੌਲਾਂ ਦੀ ਝੋਲੀ ਪਾ ਦਿੱਤਾ ਸੀ। ਮਾਂ ਕੌਲਾਂ ਤੇ ਪੁੱਤਰ ਬਾਬਾ ਅਟਲ ਰਾਏ ਜੀ ਦੀ ਯਾਦਗਾਰ ਕੌਲਸਰ ਸਰੋਵਰ ਦੇ ਕੰਢੇ 'ਤੇ ਹੈ। ਬਾਬਾ ਜੀ ਨੇ ਆਪਣਾ ਅੰਤਿਮ ਸਮਾਂ ਵੇਖ ਕੇ ਹੁਕਮ ਕੀਤਾ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੂੰ ਮੇਰੇ ਕੋਲ ਲਿਆਓ। ਇਸ ਸਮੇਂ ਬਾਬਾ ਜੀ ਦੇ ਚਾਰੇ ਪੁੱਤਰ, ਗੁਰੂ ਜੀ ਤੇ ਹੋਰ ਸੇਵਕ ਕੋਲ ਸਨ। ਗੁਰੂ ਹਰਿਗੋਬਿੰਦ ਜੀ ਨੇ ਬਾਬਾ ਜੀ ਦੀ ਅਰਥੀ ਨੂੰ ਮੋਢਾ ਦਿੱਤਾ। ਬਾਬਾ ਬਿਧੀ ਚੰਦ ਜੀ ਨੇ ਜਪੁਜੀ ਸਾਹਿਬ ਦਾ ਪਾਠ ਉੱਚੀ ਬੋਲ ਕੇ ਕੀਤਾ। ਭਾਈ ਗੁਰਦਾਸ ਜੀ ਨੇ ਕੀਰਤਨ ਸੋਹਿਲਾ ਤੇ ਅਲਾਹੁਣੀਆਂ ਦਾ ਪਾਠ ਕੀਤਾ। ਭਾਨਾ ਜੀ ਨੇ ਬਾਬਾ ਜੀ ਦੀ ਦੇਹ ਨੂੰ ਅਗਨੀ ਦਿਖਾਈ। ਬਾਬਾ ਬੁੱਢਾ ਜੀ ਦੀ ਦੁਨਿਆਵੀ ਆਯੂ 125 ਸਾਲ ਸੀ (ਜਨਮ 22 ਅਕਤੂਬਰ 1506 ਭਾਵ 14 ਮੱਘਰ 1631 ਈਸਵੀ)। ਬਾਬਾ ਜੀ ਦੇ ਅਕਾਲ ਚਲਾਣੇ ਸਮੇਂ ਬਹੁਤ ਸਾਰੇ ਪਕਵਾਨ ਬਣਾਏ ਗਏ ਅਤੇ ਫੁੱਲਾਂ ਦੀ ਵਰਖਾ ਕੀਤੀ ਗਈ। ਗੁਰਬਾਣੀ ਕੀਰਤਨ ਹੋਇਆ।

ਪੁਸਤਕ ਦੇ ਦੂਸਰੇ ਭਾਗ ਵਿਚ ਬਾਬਾ ਜੀ ਦੇ ਚਾਰ ਪੁੱਤਰਾਂ ਦਾ ਜੀਵਨ ਪ੍ਰਸੰਗ ਹੈ। ਭਾਈ ਭਾਨਾ ਜੀ ਨੇ ਗੁਰੂ ਜੀ ਨੂੰ ਗੁਰਿਆਈ ਦੇਣ ਦੀ ਰਸਮ ਨਿਭਾਈ। ਭਾਨਾ ਜੀ ਨੇ ਹੀ ਉਦਾਸੀ ਸੰਪ੍ਰਦਾਇ ਦੀਆਂ ਪੱਗਾਂ ਬੰਨ੍ਹੀਆਂ। ਇਸ ਭਾਗ ਵਿਚ ਬਾਬਾ ਜੀ ਦੀਆਂ ਅਗਲੀਆਂ ਪੀੜ੍ਹੀਆ ਦਾ ਜ਼ਿਕਰ ਹੈ। ਭਾਈ ਭਾਨਾ ਜੀ ਦੇ ਪੁੱਤਰ ਭਾਈ ਸਰਵਣ ਜੀ ਸਨ। ਭਾਈ ਸਰਵਣ ਜੀ ਗੁਰੂ ਹਰਿਰਾਇ ਜੀ ਕੋਲ ਰਹੇ। ਭਾਈ ਸਰਵਣ ਜੀ ਦੇ ਘਰ ਭਾਈ ਝੰਡਾ ਜੀ ਹੋਏ। ਭਾਈ ਝੰਡਾ ਜੀ ਦੇ ਘਰ ਭਾਈ ਗੁਰਦਿੱਤਾ ਜੀ ਤੇ ਭਾਈ ਹਰਦਿੱਤਾ ਜੀ ਸਨ। ਭਾਈ ਗੁਰਦਿੱਤਾ ਜੀ ਦੇ ਘਰ ਭਾਈ ਕੁਇਰ ਜੀ ਹੋਏ। ਭਾਈ ਝੰਡਾ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਿਲਕ ਲਾਇਆ, ਭਾਈ ਗੁਰਦਿੱਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਲਾਇਆ, ਭਾਈ ਕੁਇਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਤੇ ਨਾਮ ਗੁਰਬਖਸ਼ ਸਿੰਘ ਹੋਇਆ। ਭਾਈ ਕੁਇਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਿਆਈ ਦੀ ਰਸਮ ਪੂਰੀ ਕੀਤੀ।

ਬਾਬਾ ਜੀ ਦੇ ਵੰਸ਼ਜ ਦੀਆਂ ਸਾਖੀਆਂ ਤੇ ਕਰਾਮਾਤਾਂ ਦਾ ਜ਼ਿਕਰ ਪੁਸਤਕ ਵਿਚ ਹੈ। ਬਾਬਾ ਜੀ ਦਾ ਇਹ ਸਾਰਾ ਪਰਿਵਾਰ ਇਤਿਹਾਸ ਵਿਚ ਬ੍ਰਿਧ ਕਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪ੍ਰਸਿੱਧ ਪੁਸਤਕ 'ਸੌ ਸਾਖੀ' ਦਾ ਖੋਜਮਈ ਜ਼ਿਕਰ ਹੈ। ਸੌ ਸਾਖੀ ਦਾ ਸਿੱਖਾਂ ਵਿਚ ਕਾਫ਼ੀ ਸਮਾਂ ਪ੍ਰਚਲਨ ਰਿਹਾ ਹੈ। ਇਸ ਤੋਂ ਇਲਾਵਾ ਇਸ ਪਰਿਵਾਰ ਦੇ ਭਾਈ ਰਾਮਾ ਜੀ, ਭਾਈ ਸੁਖਾ ਜੀ, ਮਾਤਾ ਪ੍ਰਧਾਨ ਕੌਰ, ਭਾਈ ਮੋਹਰ ਸਿੰਘ ਜੀ, ਭਾਈ ਕ੍ਰਿਸ਼ਨ ਕੁੰਵਰ ਜੀ ਦਾ ਜੀਵਨ ਵੇਰਵਾ ਹੈ। ਇੱਕ ਸਾਖੀ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਗੁਰਬਖਸ਼ ਸਿੰਘ ਨਾਲ ਰੂਹਾਨੀ ਮਿਲਾਪ ਦੀ ਹੈ। ਮਹੰਤਾਂ ਦੇ ਸੇਵਾਕਾਲ ਦਾ ਜ਼ਿਕਰ ਹੈ। 1923 ਵਿਚ ਝੰਡੇ ਰਾਮਦਾਸਪੁਰ ਦਾ ਸਾਰਾ ਪ੍ਰਬੰਧ ਗੁਰਦੁਆਰਾ ਸੁਧਾਰ ਲਹਿਰ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਚਲਾ ਜਾਂਦਾ ਹੈ। 1506-1923 ਦੇ ਸਮੇਂ ਦੀ ਇਤਿਹਾਸਕ ਪੁਸਤਕ ਦਾ ਸਿੱਖ ਇਤਿਹਾਸ ਦੇ ਜਗਿਆਸੂ ਪਾਠਕਾਂ, ਪ੍ਰਚਾਰਕ ਸਾਹਿਬਾਨ, ਖੋਜੀ ਵਿਦਵਾਨਾਂ ਅਤੇ ਢਾਡੀ ਸਿੰਘਾਂ ਲਈ ਬਹੁਤ ਮਹੱਤਵ ਹੈ। ਇਹ ਪੁਸਤਕ ਸਿੱਖ ਵਿਦਿਅਕ ਅਦਾਰਿਆਂ ਵਾਸਤੇ ਕੀਮਤੀ ਸੌਗਾਤ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਮਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-637



*ਨੀਂਦ ਨਾ ਭਾਲ਼ੇ ਬਿਸਤਰਾ, ਨਾ ਦੇਖੇ ਥਾਂਹ ਕੁਥਾਂਹ,*
*ਵਿਚ ਗਾਰਿਆਂ ਦੇ ਘੇਰ ਕੇ, ਫੜੀ ਨੀਂਦ ਆ ਬਾਂਹ।*
*ਦੁੱਖ ਦੁਨੀਆਂ ਦੇ ਭੁੱਲ ਕੇ, ਸਭ ਰੱਖ ਗ਼ਮ ਪਰਾਂਹ,*
*ਝੁੱਗੀਆਂ ਦੇ ਵਿਚ ਵੱਸਣਾ, ਸ਼ਹਿਰ ਨ ਪਿੰਡ ਗਰਾਂ।*

### ਕੈਪਸ਼ਨ ਮੁਕਾਬਲਾ-635



ਨਿੱਕੀ ਜਿਹੀ ਜਿੰਦ ਦੇਖੋ,
ਬਾਗੇ ਵਿਚ ਖੜ੍ਹੀ ਹੈ,
ਮੁੱਖੜੇ ਮਸੂਮ ਜਿਹੇ 'ਤੇ,
ਮੁਸਕਰਾਹਟ ਖਿੜ੍ਹੀ ਹੈ।
ਤਿੱਤਲੀ ਦੇ ਵਾਂਗੂੰ ਰੰਗੀ,
ਰੰਗਾਂ ਵਾਲ਼ੀ ਲੜੀ ਹੈ,
ਭਾਗਾਂ ਵਾਲ਼ੇ ਮਾਪੇ,
ਹਾਸਿਆਂ ਦੀ ਫੁੱਲਝੜੀ ਹੈ।
***-ਸੇਵਾ ਸਿੰਘ "ਨੂਰਪੁਰੀ"***

---

ਬੱਚੀ ਬਗੀਚੇ 'ਚ
ਘੁੰਮ ਰਹੀ ਲੱਗਦੀ ਪਿਆਰੀ
ਭਾਵੇਂ ਬੱਚੇ ਦੇਖਣ ਨੂੰ
ਇਕੋ ਜਿਹੇ ਲੱਗਦੇ
ਸਭ ਦੀ ਦਿੱਖ ਨਿਆਰੀ।
ਮਾਪੇ ਅੰਗਰੇਜ਼ਾਂ ਦੇ ਮੁਲਕ 'ਚ
ਵੱਸ ਗਏ
ਵਾਲਾਂ ਦੀ ਭਾ ਮਾਰਦੀ
ਪੰਜਾਬਣਾਂ ਵਾਂਗ ਕਾਲੀ।
ਭਰੋਸੇ ਨਾਲ ਪੱਬ ਧਰਦੀ
ਭਵਿੱਖ ਦੀ ਰਾਣੀ
ਸਵੇਰ ਦੀਆਂ ਕਿਰਨਾਂ ਵਾਂਗ
ਮਾਰੇ ਝਲਕਾਰੇ
ਰਲ ਕੇ ਖੇਡਣ ਲਈ
ਲੱਭਦੀ ਫਿਰੇ ਹਾਣੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***

---

ਖਿੜ ਖਿੜ ਹੱਸਦੀ ਨਿੱਕੇ ਕਦਮੀਂ
ਧੀ ਰਾਣੀ ਤਾਂ ਤੁਰਦੀ ਜਾਵੇ।
ਲ਼ਾਲ ਕਾਲ਼ੇ ਦਾ ਮੇਲ਼ ਮਿਲਾ ਕੇ
ਗੋਰਾ ਰੰਗ ਨਿਖਾਰ 'ਚ ਆਵੇ।
ਖਿੜੀਆਂ ਰਹਿਣ ਸਦਾ ਇਹ ਕਲੀਆਂ
ਇਨ੍ਹਾਂ ਬਿਨ ਨਾ ਬਾਗ਼ ਸੁਹਾਵੇ।
***-ਜਗਮੀਤ ਸਿੰਘ ਪੰਧੇਰ***

---

ਕੁਦਰਤੀ ਬਨਸਪਤੀ
ਹਜ਼ਾਰਾਂ ਬਿਮਾਰੀਆਂ ਦਾ ਇਲਾਜ
ਭੁੱਲ ਜਾਂਦਾ ਦੁੱਖ ਤਕਲੀਫਾਂ, ਮਰਜ
ਖਿੜ ਜਾਂਦਾ ਖਿੜੇ ਫੁੱਲ ਵਾਂਗ
ਬਚਪਨ ਬੱਚੇ ਦਾ ਸ਼ੀਸ਼ੇ ਸਮਾਨ ਹੁੰਦਾ
ਬਹੁਤੇ ਵਿੰਗ ਵਲ ਨਹੀਂ ਪਤਾ ਹੁੰਦਾ
ਦੇਖਦਿਆਂ ਹੀ ਨਿੱਕੇ ਨਿੱਕੇ ਕਦਮ ਰੱਖਦੀ
ਜਾ ਵੜੀ ਫੁਲਵਾੜੀ 'ਚ
ਪਿਆਰੀ ਪਿਆਰੀ ਬੱਚੀ
ਮੁਸਕੁਰਾਉਂਦੀ
ਭੋਲੀ ਭਾਲੀ ਸ਼ਕਲ ਹੈ
ਕੋਈ ਸੁਨੇਹਾ ਦੇ ਰਹੀ।
***-ਦਰਸ਼ਨ ਪਾਲ ਦੋਸਾਂਝ***

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

ਕਹਾਣੀ

# ਕੁੱਤੇ ਦੀ ਦੁਆ

**ਲਿਖਣ ਦੇ ਮਾਮਲੇ ਵਿਚ ਕੋਈ ਵੀ ਸਆਦਤ ਹਸਨ ਮੰਟੋ ਦਾ ਸਾਨੀ ਨਹੀਂ ਸੀ। ਉਸ ਦੀਆਂ ਲਿਖਤਾਂ ਦੀਆਂ ਸੂਖਮ ਗੱਲਾਂ ਪਾਠਕ ਦਾ ਧਿਆਨ ਖਿੱਚਦੀਆਂ ਹਨ। ਆਪਣੀਆਂ ਰਚਨਾਵਾਂ ਵਾਂਗ ਮੰਟੋ ਦਾ ਜੀਵਨ ਵੀ ਬਹੁਤ ਵਿਲੱਖਣ ਅਤੇ ਨਿਆਰਾ ਸੀ। ਮੰਟੋ ਦੀ ਇਹ ਕਹਾਣੀ ਇਨਸਾਨ ਤੋਂ ਵੀ ਵੱਧ ਵਫ਼ਾਦਾਰ ਜਾਨਵਰ ਕੁੱਤੇ ਦੇ ਦੁਆਲੇ ਘੁੰਮਦੀ ਹੈ ਜੋ ਆਪਣੇ ਆਕਾ ਨੂੰ ਜ਼ਰਾ ਜਿੰਨੀ ਤਕਲੀਫ ਵਿਚ ਵੀ ਨਹੀਂ ਦੇਖ ਸਕਦਾ ਤੇ ਅਖੀਰ ਉਸ ਦਾ ਆਕਾ ਵੀ ਉਸ ਨੂੰ ਤਕਲੀਫ 'ਚੋਂ ਕੱਢਣ ਨਹੀਂ ਸਦਾ ਦੀ ਨੀਂਦ ਸੁਲਾ ਦਿੰਦਾ ਹੈ।**

"ਤੁਸੀਂ ਯਕੀਨ ਨਹੀਂ ਕਰੋਗੇ। ਮਗਰ ਇਹ ਵਾਕਿਆ ਜੋ ਮੈਂ ਤੁਹਾਨੂੰ ਸੁਨਾਣ ਵਾਲਾ ਹਾਂ, ਬਿਲਕੁਲ ਠੀਕ ਹੈ।" ਇਹ ਕਹਿ ਕੇ ਸ਼ੇਖ ਸਾਹਿਬ ਨੇ ਬੀੜੀ ਸੁਲਗਾਈ। ਦੋ ਤਿੰਨ ਜ਼ੋਰ ਦੇ ਕਸ਼ ਲਾ ਕੇ ਉਸਨੂੰ ਸੁੱਟ ਦਿੱਤਾ ਅਤੇ ਆਪਣੀ ਦਾਸਤਾਨ ਸੁਣਾਉਣੀ ਸ਼ੁਰੂ ਕੀਤੀ। ਸ਼ੇਖ ਸਾਹਿਬ ਦੇ ਸੁਭਾ ਤੋਂ ਅਸੀਂ ਵਾਕਿਫ ਸਾਂ, ਇਸ ਲਈ ਅਸੀਂ ਖ਼ਾਮੋਸ਼ੀ ਨਾਲ ਸੁਣਦੇ ਰਹੇ। ਦਰਮਿਆਨ ਵਿਚ ਉਨ੍ਹਾਂ ਨੂੰ ਕਿਤੇ ਵੀ ਨਹੀਂ ਟੋਕਿਆ।

ਆਪ ਨੇ ਵਾਕਿਆ ਇਵੇਂ ਬਿਆਨ ਕਰਨਾ ਸ਼ੁਰੂ ਕੀਤਾ:

"ਗੋਲਡੀ ਮੇਰੇ ਕੋਲ ਪੰਦਰਾਂ ਬਰਸ ਤੋਂ ਸੀ। ਜਿਵੇਂ ਕਿ ਨਾਮ ਤੋਂ ਜ਼ਾਹਰ ਹੈ...ਉਸ ਦਾ ਰੰਗ ਸੁਨਹਰੀ ਮਾਇਲ ਭੂਸਲਾ ਸੀ। ਬਹੁਤ ਹੀ ਹਸੀਨ ਕੁੱਤਾ ਸੀ। ਜਦੋਂ ਮੈਂ ਸਵੇਰੇ ਉਸ ਦੇ ਨਾਲ ਬਾਗ ਦੀ ਸੈਰ ਨੂੰ ਨਿਕਲਦਾ ਤਾਂ ਲੋਕ ਉਸਨੂੰ ਦੇਖਣ ਲਈ ਖੜੇ ਹੋ ਜਾਂਦੇ ਸਨ। ਲਾਰੈਂਸ ਗਾਰਡਨ ਦੇ ਬਾਹਰ ਮੈਂ ਉਸਨੂੰ ਖੜਾ ਕਰ ਦਿੰਦਾ। "ਗੋਲਡੀ

**ਸਆਦਤ ਹਸਨ ਮੰਟੋ**
**(ਅਨੁਵਾਦ: ਚਰਨ ਗਿੱਲ)**

ਖੜੇ ਰਹਿਣਾ ਇੱਥੇ। ਮੈਂ ਹੁਣੇ ਆਉਂਦਾ ਹਾਂ।" ਕਹਿ ਕੇ ਮੈਂ ਬਾਗ ਦੇ ਅੰਦਰ ਚਲਾ ਜਾਂਦਾ। ਘੁੰਮ ਫਿਰ ਕੇ ਅੱਧੇ ਘੰਟੇ ਬਾਅਦ ਵਾਪਸ ਆਉਂਦਾ ਤਾਂ ਗੋਲਡੀ ਉਥੇ ਹੀ ਆਪਣੇ ਲੰਬੇ ਲੰਬੇ ਕੰਨ ਲਟਕਾਈ ਖੜਾ ਹੁੰਦਾ।

ਸਪੇਨੀਅਲ ਜ਼ਾਤ ਦੇ ਕੁੱਤੇ ਆਮ ਤੌਰ ਉਤੇ ਵੱਡੇ ਵਫ਼ਾਦਾਰ ਅਤੇ ਫ਼ਰਮਾਂਬਰਦਾਰ ਹੁੰਦੇ ਹਨ। ਮਗਰ ਮੇਰੇ ਗੋਲਡੀ ਵਿਚ ਇਹ ਸਿਫ਼ਤਾਂ ਬਹੁਤ ਨੁਮਾਇਆਂ ਸਨ। ਜਦੋਂ ਤੱਕ ਉਹਨੂੰ ਆਪਣੇ ਹੱਥ ਨਾਲ ਖਾਣਾ ਨਾ ਦਿੰਦਾ ਨਹੀਂ ਖਾਂਦਾ ਸੀ। ਦੋਸਤ-ਯਾਰਾਂ ਨੇ ਮੇਰਾ ਮਨ ਤੋੜਨ ਲਈ ਲੱਖਾਂ ਜਤਨ ਕੀਤੇ ਮਗਰ ਗੋਲਡੀ ਨੇ ਉਨ੍ਹਾਂ ਦੇ ਹੱਥੋਂ ਇੱਕ ਦਾਣਾ ਤੱਕ ਨਹੀਂ ਖਾਧਾ।

ਇੱਕ ਰੋਜ਼ ਇੱਤਫਾਕ ਦੀ ਗੱਲ ਹੈ ਕਿ ਮੈਂ ਲਾਰੈਂਸ ਦੇ ਬਾਹਰ ਉਸਨੂੰ ਛੱਡ ਕੇ ਅੰਦਰ ਗਿਆ ਤਾਂ ਇੱਕ ਦੋਸਤ ਮਿਲ ਗਿਆ। ਘੁੰਮਦੇ ਘੁੰਮਦੇ ਕਾਫ਼ੀ ਦੇਰ ਹੋ ਗਈ। ਇਸ ਦੇ ਬਾਅਦ ਉਹ ਮੈਨੂੰ ਆਪਣੀ ਕੋਠੀ ਲੈ ਗਿਆ। ਮੈਨੂੰ ਸ਼ਤਰੰਜ ਖੇਡਣ ਦੀ ਮਰਜ਼ ਸੀ। ਸ਼ੁਰੂ ਹੋਈ ਤਾਂ ਮੈਂ ਦੁਨੀਆ ਦਾ ਸਭ ਕੁਝ ਭੁੱਲ ਗਿਆ। ਕਈ ਘੰਟੇ ਗੁਜ਼ਰ ਗਏ। ਅਚਾਨਕ ਮੈਨੂੰ ਗੋਲਡੀ ਦਾ ਖਿਆਲ ਆਇਆ। ਬਾਜ਼ੀ ਛੱਡ ਕੇ ਲਾਰੈਂਸ ਦੇ ਗੇਟ ਦੀ ਤਰਫ਼ ਭੱਜਿਆ। ਗੋਲਡੀ ਉਥੇ ਹੀ ਆਪਣੇ ਲੰਬੇ ਲੰਬੇ ਕੰਨ ਲਟਕਾਏ ਖੜਾ ਸੀ। ਮੈਨੂੰ ਉਸ ਨੇ ਅਜੀਬ ਨਜ਼ਰਾਂ ਨਾਲ ਵੇਖਿਆ ਜਿਵੇਂ ਕਹਿ ਰਿਹਾ ਹੈ "ਦੋਸਤ, ਤੁਸੀਂ ਅੱਜ ਅੱਛਾ ਸਲੂਕ ਕੀਤਾ ਮੇਰੇ ਨਾਲ!"

ਮੈਂ ਬੇਹੱਦ ਪਛਤਾਇਆ। ਇਸ ਲਈ ਤੁਸੀਂ ਯਕੀਨ ਕਰਨਾ ਮੈਂ ਸ਼ਤਰੰਜ ਖੇਡਣੀ ਛੱਡ ਦਿੱਤੀ...ਮੁਆਫ਼ ਕਰਨਾ। ਮੈਂ ਅਸਲ ਵਾਕੇ ਦੀ ਤਰਫ਼ ਅਜੇ ਤੱਕ ਨਹੀਂ ਆਇਆ। ਦਰਅਸਲ ਗੋਲਡੀ ਦੀ ਗੱਲ ਸ਼ੁਰੂ ਹੋਈ ਤਾਂ ਮੈਂ ਚਾਹੁੰਦਾ ਹਾਂ ਕਿ ਉਸਦੇ ਸੰਬੰਧ ਵਿਚ ਮੈਨੂੰ ਜਿੰਨੀਆਂ ਗੱਲਾਂ ਯਾਦ ਹਨ ਤੁਹਾਨੂੰ ਸੁਣਾ ਦੇਵਾਂ...ਮੈਨੂੰ ਉਸ ਨਾਲ ਬੇਹੱਦ ਮੁਹੱਬਤ ਸੀ। ਮੇਰੇ ਮੁਜੱਰਦ ਰਹਿਣ ਦਾ ਇੱਕ ਸਬੱਬ ਉਸਦੀ ਮੁਹੱਬਤ ਵੀ ਸੀ। ਜਦੋਂ ਮੈਂ ਵਿਆਹ ਨਾ ਕਰਨ ਦਾ ਤਹਈਆ ਕੀਤਾ ਤਾਂ ਉਸ ਨੂੰ ਖ਼ੁਸ਼ੀ ਕਰਾ ਦਿੱਤਾ...ਤੁਸੀਂ ਸ਼ਾਇਦ ਕਹੋ ਕਿ ਮੈਂ ਜ਼ੁਲਮ ਕੀਤਾ, ਲੇਕਿਨ ਮੈਂ ਸਮਝਦਾ ਹਾਂ, ਮੁਹੱਬਤ ਵਿਚ ਹਰ ਚੀਜ਼ ਰਵਾ ਹੈ...ਮੈਂ ਉਸਦੀ ਜ਼ਾਤ ਦੇ ਸਿਵਾ ਹੋਰ ਕਿਸੇ ਨੂੰ ਵਾਬਸਤਾ ਵੇਖਣਾ ਨਹੀਂ ਚਾਹੁੰਦਾ ਸੀ।

ਕਈ ਵਾਰ ਮੈਂ ਸੋਚਿਆ ਜੇਕਰ ਮੈਂ ਮਰ ਗਿਆ ਤਾਂ ਇਹ ਕਿਸੇ ਹੋਰ ਦੇ ਕੋਲ ਚਲਾ ਜਾਵੇਗਾ। ਕੁੱਝ ਦੇਰ ਮੇਰੀ ਮੌਤ ਦਾ ਅਸਰ ਇਸ ਉਤੇ ਰਹੇਗਾ। ਉਸ ਦੇ ਬਾਅਦ ਮੈਨੂੰ ਭੁੱਲ ਕੇ ਆਪਣੇ ਨਵੇਂ ਆਕਾ ਨਾਲ ਮੁਹੱਬਤ ਕਰਨਾ ਸ਼ੁਰੂ ਕਰ ਦੇਵੇਗਾ। ਜਦੋਂ ਮੈਂ ਇਹ ਸੋਚਦਾ ਤਾਂ ਮੈਨੂੰ ਬਹੁਤ ਦੁੱਖ ਹੁੰਦਾ। ਲੇਕਿਨ ਮੈਂ ਇਹ ਤਹੱਈਆ ਕਰ ਲਿਆ ਕਿ ਜੇਕਰ ਮੈਨੂੰ ਆਪਣੀ ਮੌਤ ਦੀ ਆਮਦ ਦਾ ਪੂਰਾ ਯਕੀਨ ਹੋ ਗਿਆ ਤਾਂ ਮੈਂ ਗੋਲਡੀ ਨੂੰ ਹਲਾਕ ਕਰ ਦੇਵਾਂਗਾ। ਅੱਖਾਂ ਬੰਦ ਕਰਕੇ ਉਸਨੂੰ ਗੋਲੀ ਦਾ ਨਿਸ਼ਾਨਾ ਬਣਾ ਦੇਵਾਂਗਾ।

ਗੋਲਡੀ ਕਦੇ ਇੱਕ ਪਲ ਲਈ ਮੈਥੋਂ ਜੁਦਾ ਨਹੀਂ ਹੋਇਆ ਸੀ। ਰਾਤ ਨੂੰ ਹਮੇਸ਼ਾ ਮੇਰੇ ਨਾਲ ਸੌਂਦਾ। ਮੇਰੀ ਤਨਹਾ ਜ਼ਿੰਦਗੀ ਵਿਚ ਉਹ ਇੱਕ ਰੋਸ਼ਨੀ ਸੀ। ਮੇਰੀ ਬੇਹੱਦ ਫਿੱਕੀ ਜ਼ਿੰਦਗੀ ਵਿਚ ਉਸਦਾ ਵਜੂਦ ਇੱਕ ਸ਼ੀਰਨੀ ਸੀ। ਉਸ ਨਾਲ ਮੇਰੀ ਗ਼ੈਰਮਾਮੂਲੀ ਮੁਹੱਬਤ ਵੇਖ ਕੇ ਕਈ ਦੋਸਤ ਮਜ਼ਾਕ ਉਡਾਂਦੇ ਸਨ। "ਸ਼ੇਖ ਸਾਹਿਬ ਗੋਲਡੀ ਕੁੱਤੀ ਹੁੰਦੀ ਤਾਂ ਤੁਸੀਂ ਜ਼ਰੂਰ ਉਸ ਨਾਲ ਸ਼ਾਦੀ ਕਰ ਲਈ ਹੁੰਦੀ।"

ਇੰਜ ਹੀ ਕਈ ਹੋਰ ਫ਼ਿਕਰੇ ਕਸੇ ਜਾਂਦੇ ਲੇਕਿਨ ਮੈਂ ਮੁਸਕਰਾ ਦਿੰਦਾ। ਗੋਲਡੀ ਬਹੁਤ ਜ਼ਹੀਨ ਸੀ। ਉਸ ਦੇ ਸੰਬੰਧ ਵਿਚ ਜਦੋਂ ਕੋਈ ਗੱਲ ਹੋਈ ਹੁੰਦੀ ਤਾਂ ਫ਼ੌਰਨ ਉਸ ਦੇ ਕੰਨ ਖੜੇ ਹੋ ਜਾਂਦੇ। ਮੇਰੇ ਹਲਕੇ ਤੋਂ ਹਲਕੇ ਇਸ਼ਾਰੇ ਨੂੰ ਵੀ ਉਹ ਸਮਝ ਲੈਂਦਾ ਸੀ। ਮੇਰੇ ਮੂਡ ਦੇ ਸਾਰੇ ਉਤਾਰ ਚੜ੍ਹਾਅ ਉਸਨੂੰ ਪਤਾ ਹੁੰਦੇ। ਜੇਕਰ ਕਿਸੇ ਵਜ੍ਹਾ ਨਾਲ ਰੰਜੀਦਾ ਹੁੰਦਾ ਤਾਂ ਉਹ ਮੇਰੇ ਨਾਲ ਚੁਹਲਾਂ ਸ਼ੁਰੂ ਕਰ ਦਿੰਦਾ ਮੈਨੂੰ ਖ਼ੁਸ਼ ਕਰਨ ਲਈ ਹਰ ਮੁਮਕਿਨ ਕੋਸ਼ਿਸ਼ ਕਰਦਾ।

ਅਜੇ ਉਸ ਨੇ ਟੰਗ ਉਠਾ ਕੇ ਪੇਸ਼ਾਬ ਕਰਨਾ ਨਹੀਂ ਸਿੱਖਿਆ ਸੀ ਯਾਨੀ ਅਜੇ ਨਿਆਣਾ ਸੀ ਕਿ ਉਸ ਨੇ ਇੱਕ ਬਰਤਨ ਨੂੰ ਜੋ ਕਿ ਖ਼ਾਲੀ ਸੀ, ਥੂਥਨੀ ਵਧਾ ਕੇ ਸੁੰਘਿਆ। ਮੈਂ ਉਸਨੂੰ ਝਿੜਕਿਆ ਤਾਂ ਦੁਮ ਦਬਾ ਕੇ ਉਥੇ ਹੀ ਬੈਠ ਗਿਆ... ਪਹਿਲਾਂ ਉਸ ਦੇ ਚਿਹਰੇ ਉਤੇ ਹੈਰਤ ਜਿਹੀ ਪੈਦਾ ਹੋਈ ਸੀ ਕਿ ਹਾਂ ਇਹ ਮੈਥੋਂ ਕੀ ਹੋ ਗਿਆ। ਦੇਰ ਤੱਕ ਗਰਦਨ ਸੁੱਟੀ ਬੈਠਾ ਰਿਹਾ, ਜਿਵੇਂ ਨਦਾਮਤ ਦੇ ਸਮੁੰਦਰ ਵਿਚ ਗਰਕ ਹੋਵੇ। ਮੈਂ ਉੱਠਿਆ। ਉਠ ਕੇ ਉਸਨੂੰ ਗੋਦ ਵਿਚ ਲਿਆ, ਪਿਆਰਿਆ ਪੁਚਕਾਰਿਆ। ਬੜੀ ਦੇਰ ਦੇ ਬਾਅਦ ਜਾ ਕੇ ਉਸਦੀ ਦੁਮ ਹਿਲੀ...ਮੈਨੂੰ ਬਹੁਤ ਤਰਸ ਆਇਆ ਕਿ ਮੈਂ ਖ਼ਾਹ-ਮਖ਼ਾਹ ਉਸਨੂੰ ਡਾਂਟਿਆ ਕਿਉਂਕਿ ਉਸ ਰੋਜ਼ ਗਰੀਬ ਨੇ ਖਾਣ ਨੂੰ ਮੂੰਹ ਨਹੀਂ ਲਗਾਇਆ। ਉਹ ਬਹੁਤ ਸੰਵੇਦਨਸ਼ੀਲ ਕੁੱਤਾ ਸੀ।

ਮੈਂ ਬਹੁਤ ਬੇਪਰਵਾਹ ਆਦਮੀ ਹਾਂ। ਮੇਰੀ ਗ਼ਫ਼ਲਤ ਨਾਲ ਉਸ ਨੂੰ ਇੱਕ ਵਾਰ ਨਿਮੋਨੀਆ ਹੋ ਗਿਆ ਮੇਰੇ ਹੋਸ਼ ਉੱਡ ਗਏ। ਡਾਕਟਰਾਂ ਦੇ ਕੋਲ ਭੱਜਿਆ। ਇਲਾਜ ਸ਼ੁਰੂ ਹੋਇਆ। ਮਗਰ ਅਸਰ ਨਦਾਰਦ। ਲਗਾਤਾਰ ਸੱਤ ਰਾਤਾਂ ਜਾਗਦਾ ਰਿਹਾ। ਉਸਨੂੰ ਬਹੁਤ ਤਕਲੀਫ਼ ਸੀ। ਸਾਹ ਬੜੀ ਮੁਸ਼ਕਲ ਨਾਲ ਆਉਂਦਾ ਸੀ। ਜਦੋਂ ਸੀਨੇ ਵਿਚ ਦਰਦ ਉੱਠਦਾ ਤਾਂ ਉਹ ਮੇਰੀ ਤਰਫ਼ ਵੇਖਦਾ ਜਿਵੇਂ ਇਹ ਕਹਿ ਰਿਹਾ ਹੋਵੇ, "ਫ਼ਿਕਰ ਦੀ ਕੋਈ ਗੱਲ ਨਹੀਂ, ਮੈਂ ਠੀਕ ਹੋ ਜਾਵਾਂਗਾ।"

ਕਈ ਵਾਰ ਮੈਂ ਮਹਿਸੂਸ ਕੀਤਾ ਕਿ ਸਿਰਫ ਮੇਰੇ ਆਰਾਮ ਦੀ ਖ਼ਾਤਰ ਉਸ ਨੇ ਇਹ ਜ਼ਾਹਰ ਕਰਨ ਦੀ ਕੋਸ਼ਿਸ਼ ਕੀਤੀ ਹੋਵੇ ਕਿ ਉਸਦੀ ਤਕਲੀਫ਼ ਕੁੱਝ ਘੱਟ ਹੈ ਉਹ ਅੱਖਾਂ ਮੀਚ ਲੈਂਦਾ, ਤਾਂਕਿ ਮੈਂ ਥੋੜ੍ਹੀ ਦੇਰ ਅੱਖ ਲਗਾ ਲਵਾਂ। ਅਠਵੀਂ ਰੋਜ਼ ਖ਼ੁਦਾ ਖ਼ੁਦਾ ਕਰਕੇ ਉਸ ਦਾ ਬੁਖ਼ਾਰ ਹਲਕਾ ਹੋਇਆ ਅਤੇ ਆਹਿਸਤਾ ਆਹਿਸਤਾ ਉੱਤਰ ਗਿਆ। ਮੈਂ ਪਿਆਰ ਨਾਲ ਉਸ ਦੇ ਸਿਰ ਉਤੇ ਹੱਥ ਫੇਰਿਆ ਤਾਂ ਮੈਨੂੰ ਇੱਕ ਥੱਕੀ ਥੱਕੀ ਜਿਹੀ ਮੁਸਕਾਣ ਉਸਦੀਆਂ ਅੱਖਾਂ ਵਿਚ ਤੈਰਦੀ ਨਜ਼ਰ ਆਈ।

ਨਮੋਨੀਏ ਦੇ ਜ਼ਾਲਿਮ ਹਮਲੇ ਦੇ ਬਾਅਦ ਦੇਰ ਤੱਕ ਉਸ ਨੂੰ ਕਮਜ਼ੋਰੀ ਰਹੀ। ਲੇਕਿਨ ਤਾਕਤਵਰ ਦਵਾਵਾਂ ਨੇ ਉਸਨੂੰ ਠੀਕ-ਠਾਕ ਕਰ ਦਿੱਤਾ। ਇੱਕ ਲੰਮੀ ਗ਼ੈਰ ਹਾਜ਼ਰੀ ਦੇ ਬਾਅਦ ਲੋਕਾਂ ਨੇ ਮੈਨੂੰ ਉਸਦੇ ਨਾਲ ਵੇਖਿਆ ਤਾਂ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਨੇ ਸ਼ੁਰੂ ਕੀਤੇ "ਆਸ਼ਿਕ ਮਾਸ਼ੂਕ ਕਿੱਥੇ ਗਾਇਬ ਸਨ ਇਤਨੇ ਦਿਨ?"

"ਆਪਸ ਵਿਚ ਕਿਤੇ ਲੜਾਈ ਤਾਂ ਨਹੀਂ ਹੋ ਗਈ ਸੀ?"

"ਕਿਸੇ ਹੋਰ ਨਾਲ ਤਾਂ ਨਜ਼ਰ ਨਹੀਂ ਲੜ ਗਈ ਸੀ ਗੋਲਡੀ ਦੀ?"

ਮੈਂ ਖ਼ਾਮੋਸ਼ ਰਿਹਾ। ਗੋਲਡੀ ਇਹ ਗੱਲਾਂ ਸੁਣਦਾ ਤਾਂ ਇੱਕ ਨਜ਼ਰ ਮੇਰੀ ਤਰਫ਼ ਵੇਖ ਕੇ ਖ਼ਾਮੋਸ਼ ਹੋ ਜਾਂਦਾ ਕਿ ਭੌਂਕਣ ਦਿਓ" ਕੁੱਤਿਆਂ ਨੂੰ।

ਇਹ ਕਹਾਵਤ ਮਸ਼ਹੂਰ ਹੈ। ਕੁਨਦ ਹਮਜਿਨਸ ਬਾਹਮ ਜਿਨਸ ਪਰਵਾਜ਼। ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼।

ਲੇਕਿਨ ਗੋਲਡੀ ਨੂੰ ਆਪਣੇ ਹਮਜਿਨਸਾਂ ਨਾਲ ਕੋਈ ਦਿਲਚਸਪੀ ਨਹੀਂ ਸੀ। ਉਸਦੀ ਦੁਨੀਆ ਸਿਰਫ ਮੇਰੀ ਜ਼ਾਤ ਸੀ। ਇਸ ਤੋਂ ਬਾਹਰ ਉਹ ਕਦੇ ਨਿਕਲਦਾ ਹੀ ਨਹੀਂ ਸੀ।

ਗੋਲਡੀ ਮੇਰੇ ਕੋਲ ਨਹੀਂ ਸੀ। ਜਦੋਂ ਇੱਕ ਦੋਸਤ ਨੇ ਮੈਨੂੰ ਅਖ਼ਬਾਰ ਪੜ੍ਹ ਕੇ ਸੁਣਾਇਆ। ਇਸ ਵਿਚ ਇੱਕ ਵਾਕਿਆ ਲਿਖਿਆ ਸੀ। ਤੁਸੀਂ ਸੁਣੋ ਬਹੁਤ ਦਿਲਚਸਪ ਹੈ। ਅਮਰੀਕਾ ਜਾਂ ਇੰਗਲਿਸਤਾਨ ਮੈਨੂੰ ਯਾਦ ਨਹੀਂ ਕਿੱਥੇ। ਇੱਕ ਸ਼ਖ਼ਸ ਦੇ ਕੋਲ ਕੁੱਤਾ ਸੀ। ਪਤਾ ਨਹੀਂ ਕਿਸ ਜ਼ਾਤ ਦਾ। ਉਸ ਸ਼ਖ਼ਸ ਦਾ ਆਪ੍ਰੇਸ਼ਨ ਹੋਣਾ ਸੀ। ਉਹਨੂੰ ਹਸਪਤਾਲ ਲੈ ਗਏ ਤਾਂ ਕੁੱਤਾ ਵੀ ਨਾਲ ਹੋ ਲਿਆ। ਸਟਰੈਚਰ ਉਤੇ ਪਾ ਕੇ ਉਸ ਨੂੰ ਆਪ੍ਰੇਸ਼ਨ ਰੂਮ



ਵਿਚ ਲੈ ਜਾਣ ਲੱਗੇ ਤਾਂ ਕੁੱਤੇ ਨੇ ਅੰਦਰ ਜਾਣਾ ਚਾਹਿਆ। ਮਾਲਿਕ ਨੇ ਉਸ ਨੂੰ ਰੋਕਿਆ ਅਤੇ ਕਿਹਾ, ਬਾਹਰ ਖੜੇ ਰਹੋ। ਮੈਂ ਹੁਣੇ ਆਉਂਦਾ ਹਾਂ... ਕੁੱਤਾ ਹੁਕਮ ਸੁਣ ਕੇ ਬਾਹਰ ਖੜਾ ਹੋ ਗਿਆ। ਅੰਦਰ ਮਾਲਿਕ ਦਾ ਆਪ੍ਰੇਸ਼ਨ ਹੋਇਆ। ਜੋ ਨਾਕਾਮ ਸਾਬਤ ਹੋਇਆ...ਉਸਦੀ ਲਾਸ਼ ਦੂਜੇ ਦਰਵਾਜੇ ਤੋਂ ਬਾਹਰ ਕੱਢ ਦਿੱਤੀ ਗਈ...ਕੁੱਤਾ ਬਾਰਾਂ ਬਰਸ ਤੱਕ ਉਥੇ ਹੀ ਖੜਾ ਆਪਣੇ ਮਾਲਿਕ ਦਾ ਇੰਤਜ਼ਾਰ ਕਰਦਾ ਰਿਹਾ। ਪੇਸ਼ਾਬ, ਪਾਖ਼ਾਨੇ ਲਈ ਕੁੱਝ ਉਥੋਂ ਵਲੋਂ ਹਟਦਾ... ਫਿਰ ਉਥੇ ਹੀ ਖੜਾ ਹੋ ਜਾਂਦਾ...ਆਖ਼ਿਰ ਇੱਕ ਰੋਜ਼ ਮੋਟਰ ਦੀ ਲਪੇਟ ਵਿਚ ਆ ਗਿਆ। ਅਤੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮਗਰ ਇਸ ਹਾਲਤ ਵਿਚ ਵੀ ਉਹ ਖ਼ੁਦ ਨੂੰ ਘਸੀਟਦਾ ਹੋਇਆ ਉਥੇ ਪਹੁੰਚਿਆ, ਜਿੱਥੇ ਉਸ ਦੇ ਮਾਲਿਕ ਨੇ ਉਸਨੂੰ ਇੰਤਜ਼ਾਰ ਕਰਨ ਲਈ ਕਿਹਾ ਸੀ। ਆਖ਼ਰੀ ਸਾਹ ਉਸ ਨੇ ਉਸੇ ਜਗ੍ਹਾ ਲਿਆ...ਇਹ ਵੀ ਲਿਖਿਆ ਸੀ ਕਿ ਹਸਪਤਾਲ ਵਾਲਿਆਂ ਨੇ ਉਸ ਦੀ ਲਾਸ਼ ਵਿਚ ਤੂੜੀ ਭਰ ਕੇ ਉਸਨੂੰ ਉਥੇ ਹੀ ਰੱਖ ਦਿੱਤਾ ਜਿਵੇਂ ਉਹ ਹੁਣ ਵੀ ਆਪਣੇ ਆਕਾ ਦੇ ਇੰਤਜ਼ਾਰ ਵਿਚ ਖੜਾ ਹੋਵੇ।

ਮੈਂ ਇਹ ਦਾਸਤਾਨ ਸੁਣੀ ਤਾਂ ਮੇਰੇ ਉਤੇ ਕੋਈ ਖ਼ਾਸ ਅਸਰ ਨਹੀਂ ਹੋਇਆ। ਅੱਵਲ ਤਾਂ ਮੈਨੂੰ ਉਸਦੀ ਸਿਹਤ ਹੀ ਦਾ ਯਕੀਨ ਨਹੀਂ ਆਇਆ, ਲੇਕਿਨ ਜਦੋਂ ਗੋਲਡੀ ਮੇਰੇ ਕੋਲ ਆਇਆ ਅਤੇ ਮੈਨੂੰ ਉਸਦੀਆਂ ਸਿਫ਼ਤਾਂ ਦਾ ਇਲਮ ਹੋਇਆ ਤਾਂ ਬਹੁਤ ਵਰ੍ਹਿਆਂ ਦੇ ਬਾਅਦ ਮੈਂ ਇਹ ਦਾਸਤਾਨ ਕਈ ਦੋਸਤਾਂ ਨੂੰ ਸੁਣਾਈ। ਸੁਣਾਉਂਦੇ ਵਕ਼ਤ ਮੇਰੇ ਉਤੇ ਇੱਕ ਤਰਲਤਾ ਤਾਰੀ ਹੋ ਜਾਂਦੀ ਸੀ ਅਤੇ ਮੈਂ ਸੋਚਣ ਲੱਗਦਾ ਸੀ, "ਮੇਰੇ ਗੋਲਡੀ ਨਾਲ ਵੀ ਕੋਈ ਅਜਿਹਾ ਕਾਰਨਾਮਾ ਵਾਬਸਤਾ ਹੋਣਾ ਚਾਹੀਦਾ ਹੈ... ਗੋਲਡੀ ਮਾਮੂਲੀ ਹਸਤੀ ਨਹੀਂ ਹੈ।"

ਗੋਲਡੀ ਬਹੁਤ ਸਰਲ ਅਤੇ ਗੰਭੀਰ ਸੀ। ਬਚਪਨ ਵਿਚ ਉਸ ਨੇ ਥੋੜ੍ਹੀਆਂ ਸ਼ਰਾਰਤਾਂ ਕੀਤੀਆਂ ਮਗਰ ਜਦੋਂ ਉਸ ਨੇ ਵੇਖਿਆ ਕਿ ਮੈਨੂੰ ਪਸੰਦ ਨਹੀਂ ਤਾਂ ਉਨ੍ਹਾਂ ਨੂੰ ਤਰਕ ਕਰ ਦਿੱਤੀਆਂ। ਆਹਿਸਤਾ ਆਹਿਸਤਾ ਗੰਭੀਰਤਾ ਇਖ਼ਤਿਆਰ ਕਰ ਲਈ ਜੋ ਤਾ ਦਮ-ਏ-ਮਰਗ (ਮੌਤ ਦੇ ਦਮ ਤੱਕ) ਕਾਇਮ ਰਹੀ।

ਮੈਂ 'ਤਾ ਦਮ-ਏ-ਮਰਗ' ਕਿਹਾ ਹੈ ਤਾਂ ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ਹਨ।

ਸ਼ੇਖ ਸਾਹਿਬ ਰੁਕ ਗਏ ਉਨ੍ਹਾਂ ਦੀ ਅੱਖਾਂ ਗਿੱਲੀਆਂ ਹੋ ਗਈਆਂ ਸਨ। ਅਸੀਂ ਖ਼ਾਮੋਸ਼ ਰਹੇ ਥੋੜ੍ਹੇ ਅਰਸੇ ਦੇ ਬਾਅਦ ਉਨ੍ਹਾਂ ਨੇ ਰੁਮਾਲ ਕੱਢ ਕੇ ਆਪਣੇ ਅੱਥਰੂ ਪੂੰਝੇ ਅਤੇ ਕਹਿਣਾ ਸ਼ੁਰੂ ਕੀਤਾ।

"ਇਹੀ ਮੇਰੀ ਜ਼ਿਆਦਤੀ ਹੈ ਕਿ ਮੈਂ ਜ਼ਿੰਦਾ ਹਾਂ...ਲੇਕਿਨ ਸ਼ਾਇਦ ਇਸ ਲਈ ਜ਼ਿੰਦਾ ਹਾਂ ਕਿ ਇਨਸਾਨ ਹਾਂ...ਮਰ ਜਾਂਦਾ ਤਾਂ ਸ਼ਾਇਦ ਗੋਲਡੀ ਦੀ ਤੌਹੀਨ ਹੁੰਦੀ...ਜਦੋਂ ਉਹ ਮਰਿਆ ਤਾਂ ਰੋ ਰੋ ਕੇ ਮੇਰਾ ਬੁਰਾ ਹਾਲ ਸੀ...ਲੇਕਿਨ ਉਹ ਮਰਿਆ ਨਹੀਂ ਸੀ। ਮੈਂ ਉਸ ਨੂੰ ਮਰਵਾ ਦਿੱਤਾ ਸੀ। ਇਸ ਲਈ ਨਹੀਂ ਕਿ ਮੈਨੂੰ ਆਪਣੀ ਮੌਤ ਦੀ ਆਮਦ ਦਾ ਯਕੀਨ ਹੋ ਗਿਆ ਸੀ...ਉਹ ਪਾਗਲ ਹੋ ਗਿਆ ਸੀ। ਅਜਿਹਾ ਪਾਗਲ ਨਹੀਂ ਜਿਵੇਂ ਕਿ ਆਮ ਪਾਗਲ ਕੁੱਤੇ ਹੁੰਦੇ ਹਨ। ਉਸਦੇ ਮਰਜ਼ ਦਾ ਕੁੱਝ ਪਤਾ ਹੀ ਨਹੀਂ ਚੱਲਦਾ ਸੀ। ਉਸ ਨੂੰ ਸਖ਼ਤ ਤਕਲੀਫ ਸੀ। ਜਾਂਕਨੀ (ਭਿਅੰਕਰ ਖ਼ੌਫ਼) ਵਰਗਾ ਆਲਮ ਉਸ ਉਤੇ ਤਾਰੀ ਸੀ। ਡਾਕਟਰਾਂ ਨੇ ਕਿਹਾ ਇਸ ਦਾ ਵਾਹਿਦ ਇਲਾਜ ਇਹੀ ਹੈ ਕਿ ਇਸਨੂੰ ਮਰਵਾ ਦਿਓ"। ਮੈਂ ਪਹਿਲਾਂ ਸੋਚਿਆ ਨਹੀਂ। ਲੇਕਿਨ ਉਹ ਜਿਸ ਅਜ਼ੀਅਤ ਵਿਚ ਗਿਰਫਤਾਰ ਸੀ, ਮੈਥੋਂ ਵੇਖੀ ਨਹੀਂ ਜਾਂਦੀ ਸੀ। ਮੈਂ ਮੰਨ ਗਿਆ ਅਤੇ ਉਹ ਉਸਨੂੰ ਇੱਕ ਕਮਰੇ ਵਿਚ ਲੈ ਗਏ ਜਿੱਥੇ ਬਕਰੀ ਝੱਟਕਾ ਪਹੁੰਚਾ ਕੇ ਹਲਾਕ ਕਰਨ ਵਾਲੀ ਮਸ਼ੀਨ ਸੀ। ਮੈਂ ਅਜੇ ਆਪਣੇ ਤੁਛ ਜਿਹੇ ਦਿਮਾਗ ਵਿਚ ਚੰਗੀ ਤਰ੍ਹਾਂ ਕੁੱਝ ਸੋਚ ਵੀ ਨਹੀਂ ਸਕਿਆ ਸੀ ਕਿ ਉਹ ਉਸਦੀ ਲਾਸ਼ ਲੈ ਆਏ...ਮੇਰੇ ਗੋਲਡੀ ਦੀ ਲਾਸ਼। ਜਦੋਂ ਮੈਂ ਉਸਨੂੰ ਆਪਣੀਆਂ ਬਾਹਵਾਂ ਵਿਚ ਚੁੱਕਿਆ ਤਾਂ ਮੇਰੇ ਅੱਥਰੂ ਟਪ ਟਪ ਉਸ ਦੇ ਸੁਨਹਿਰੇ ਵਾਲਾਂ ਉਤੇ ਡਿੱਗਣ ਲੱਗੇ, ਜੋ ਪਹਿਲਾਂ ਕਦੇ ਗਰਦ ਆਲੂਦ ਨਹੀਂ ਹੋਏ ਸਨ... ਟਾਂਗੇ ਵਿਚ ਉਸਨੂੰ ਘਰ ਲਿਆਇਆ। ਦੇਰ ਤੱਕ ਉਸ ਨੂੰ ਵੇਖਿਆ ਕੀ। ਪੰਦਰਾਂ ਸਾਲ ਦੀ ਦੋਸਤੀ ਦੀ ਲਾਸ਼ ਮੇਰੇ ਬਿਸਤਰ ਉਤੇ ਪਈ ਸੀ...ਕੁਰਬਾਨੀ ਦਾ ਮੁਜੱਸਮਾ ਟੁੱਟ ਗਿਆ ਸੀ। ਮੈਂ ਉਸ ਨੂੰ ਨਹਾਇਆ...ਕਫ਼ਨ ਪੁਆਇਆ। ਬਹੁਤ ਦੇਰ ਤੱਕ ਸੋਚਦਾ ਰਿਹਾ ਕਿ ਹੁਣ ਕੀ ਕਰਾਂ...ਜ਼ਮੀਨ ਵਿਚ ਦਫਨ ਕਰਾਂ ਜਾਂ ਜਲਾ ਦੇਵਾਂ। ਜ਼ਮੀਨ ਵਿਚ ਦਫਨ ਕਰਦਾ ਤਾਂ ਉਸਦੀ ਮੌਤ ਦਾ ਇੱਕ ਨਿਸ਼ਾਨ ਰਹਿ ਜਾਂਦਾ। ਇਹ ਮੈਨੂੰ ਪਸੰਦ ਨਹੀਂ ਸੀ। ਪਤਾ ਨਹੀਂ ਕਿਉਂ। ਇਹ ਵੀ ਪਤਾ ਨਹੀਂ ਕਿ ਮੈਂ ਕਿਉਂ ਉਸ ਨੂੰ ਦਰਿਆ ਵਿਚ ਗ਼ਰਕ ਕਰਨਾ ਚਾਹਿਆ। ਮੈਂ ਇਸ ਦੇ ਸੰਬੰਧ ਵਿਚ ਹੁਣ ਵੀ ਕਈ ਵਾਰ ਸੋਚਿਆ ਹੈ। ਮਗਰ ਮੈਨੂੰ ਕੋਈ ਜਵਾਬ ਨਹੀਂ ਮਿਲਿਆ...ਖ਼ੈਰ ਮੈਂ ਇੱਕ ਨਵੀਂ ਬੋਰੀ ਵਿਚ ਉਸਦੀ ਕਫ਼ਨਾਈ ਹੋਈ ਲਾਸ਼ ਪਾਈ...ਧੋ ਧਾ ਕੇ ਵੱਟੇ ਉਸ ਵਿਚ ਪਾਏ ਅਤੇ ਦਰਿਆ ਦੀ ਤਰਫ਼ ਰਵਾਨਾ ਹੋ ਗਿਆ।

ਜਦੋਂ ਬੇੜੀ ਦਰਿਆ ਦੇ ਦਰਮਿਆਨ ਪਹੁੰਚੀ। ਅਤੇ ਮੈਂ ਬੋਰੀ ਦੀ ਤਰਫ਼ ਵੇਖਿਆ ਤਾਂ ਗੋਲਡੀ ਨਾਲ ਪੰਦਰਾਂ ਬਰਸ ਦੀ ਦੋਸਤੀ ਅਤੇ ਮੁਹੱਬਤ ਇੱਕ ਬਹੁਤ ਹੀ ਤੇਜ਼ ਤਲਖ਼ੀ ਬਣ ਕੇ ਮੇਰੇ ਹਲਕ ਵਿਚ ਅਟਕ ਗਈ। ਮੈਂ ਹੁਣ ਜ਼ਿਆਦਾ ਦੇਰ ਕਰਨਾ ਮੁਨਾਸਿਬ ਨਾ ਸਮਝਿਆ। ਕੰਬਦੇ ਹੋਏ ਹੱਥਾਂ ਨਾਲ ਬੋਰੀ ਚੁੱਕੀ ਅਤੇ ਦਰਿਆ ਵਿਚ ਸੁੱਟ ਦਿੱਤੀ। ਵਗਦੇ ਹੋਏ ਪਾਣੀ ਦੀ ਚਾਦਰ ਉਤੇ ਕੁੱਝ ਬੁਲਬੁਲੇ ਉੱਠੇ ਅਤੇ ਹਵਾ ਵਿਚ ਹੱਲ ਹੋ ਗਏ।

ਬੇੜੀ ਵਾਪਸ ਸਾਹਲ ਉਤੇ ਆਈ। ਮੈਂ ਉੱਤਰ ਕੇ ਦੇਰ ਤੱਕ ਉਸ ਤਰਫ਼ ਵੇਖਦਾ ਰਿਹਾ ਜਿੱਥੇ ਮੈਂ ਗੋਲਡੀ ਨੂੰ ਪਾਣੀ ਵਿਚ ਗ਼ਰਕ ਕੀਤਾ ਸੀ...ਸ਼ਾਮ ਦਾ ਧੁੰਦਲਕਾ ਛਾਇਆ ਹੋਇਆ ਸੀ। ਪਾਣੀ ਬੜੀ ਖ਼ਾਮੋਸ਼ੀ ਨਾਲ ਵਗ ਰਿਹਾ ਸੀ ਜਿਵੇਂ ਉਹ ਗੋਲਡੀ ਨੂੰ ਆਪਣੀ ਗੋਦ ਵਿਚ ਸੁਲਾ ਰਿਹਾ ਹੋਵੇ।"

ਇਹ ਕਹਿ ਕੇ ਸ਼ੇਖ ਸਾਹਿਬ ਖ਼ਾਮੋਸ਼ ਹੋ ਗਏ। ਕੁਝ ਲਮ੍ਹਿਆਂ ਦੇ ਬਾਅਦ ਸਾਡੇ ਵਿਚੋਂ ਇੱਕ ਨੇ ਉਨ੍ਹਾਂ ਕੋਲੋਂ ਪੁੱਛਿਆ। "ਲੇਕਿਨ ਸ਼ੇਖ ਸਾਹਿਬ ਤੁਸੀਂ ਤਾਂ ਖ਼ਾਸ ਵਾਕਿਆ ਸੁਨਾਣ ਵਾਲੇ ਸੋ।"

ਸ਼ੇਖ ਸਾਹਿਬ ਚੌਂਕੇ... ""ਹ ਮੁਆਫ਼ ਕਰਿ"ਨਾ। ਮੈਂ ਆਪਣੀ ਰੌ ਵਿਚ ਪਤਾ ਨਹੀਂ ਕਿੱਥੋਂ ਕਿੱਥੇ ਪਹੁੰਚ ਗਿਆ... ਵਾਕਿਆ ਇਹ ਸੀ ਕਿ...ਮੈਂ ਹੁਣ ਅਰਜ ਕਰਦਾ ਹਾਂ...ਪੰਦਰਾਂ ਬਰਸ ਹੋ ਗਏ ਸਨ ਸਾਡੀ ਦੋਸਤੀ ਨੂੰ। ਇਸ ਦੌਰਾਨ ਮੈਂ ਕਦੇ ਬੀਮਾਰ ਨਹੀਂ ਹੋਇਆ ਸੀ। ਮੇਰੀ ਸਿਹਤ ਮਾਸ਼ਾ ਅੱਲ੍ਹਾ ਬਹੁਤ ਚੰਗੀ ਸੀ, ਲੇਕਿਨ ਜਿਸ ਦਿਨ ਮੈਂ ਗੋਲਡੀ ਦੀ ਪੰਦਰਵੀਂ ਵਰ੍ਹੇਗੰਢ ਮਨਾਈ, ਉਸ ਦੇ ਦੂਜੇ ਦਿਨ ਮੈਂ ਹੱਡਭੰਨਣੀ ਮਹਿਸੂਸ ਕੀਤੀ। ਸ਼ਾਮ ਨੂੰ ਇਹ ਹੱਡਭੰਨਣੀ ਤੇਜ਼ ਬੁਖ਼ਾਰ ਵਿਚ ਤਬਦੀਲ ਹੋ ਗਈ। ਰਾਤ ਨੂੰ ਸਖ਼ਤ ਬੇਚੈਨ ਰਿਹਾ। ਗੋਲਡੀ ਜਾਗਦਾ ਰਿਹਾ। ਇੱਕ ਅੱਖ ਬੰਦ ਕਰਕੇ ਦੂਜੀ ਅੱਖ ਨਾਲ ਮੈਨੂੰ ਵੇਖਦਾ ਰਿਹਾ। ਪਲੰਘ ਤੋਂ ਉੱਤਰ ਕੇ ਹੇਠਾਂ ਜਾਂਦਾ। ਫਿਰ ਆ ਕੇ ਬੈਠ ਜਾਂਦਾ।

ਜ਼ਿਆਦਾ ਉਮਰ ਹੋ ਜਾਣ ਦੇ ਸਬੱਬ ਉਸ ਦੀ ਨਿਗਾਹ ਅਤੇ ਸੁਣਨ-ਸ਼ਕਤੀ ਕਮਜ਼ੋਰ ਹੋ ਗਈ ਸੀ ਲੇਕਿਨ ਜਰਾ ਜਿੰਨੀ ਆਹਟ ਹੁੰਦੀ ਤਾਂ ਉਹ ਚੌਂਕ ਪੈਂਦਾ ਅਤੇ ਆਪਣੀਆਂ ਧੁੰਦਲੀਆਂ ਅੱਖਾਂ ਨਾਲ ਮੇਰੀ ਤਰਫ਼ ਵੇਖਦਾ ਅਤੇ ਜਿਵੇਂ ਇਹ ਪੁੱਛਦਾ... "ਇਹ ਕੀ ਹੋ ਗਿਆ ਹੈ ਤੈਨੂੰ?"

ਉਸ ਨੂੰ ਹੈਰਤ ਸੀ ਕਿ ਮੈਂ ਇੰਨੀ ਦੇਰ ਤੱਕ ਪਲੰਗ ਉਤੇ ਕਿਉਂ ਪਿਆ ਹਾਂ, ਲੇਕਿਨ ਉਹ ਜਲਦੀ ਹੀ ਸਾਰੀ ਗੱਲ ਸਮਝ ਗਿਆ। ਜਦੋਂ ਮੈਨੂੰ ਬਿਸਤਰ ਉਤੇ ਲਿਟੇ ਕਈ ਦਿਨ ਬੀਤ ਗਏ ਤਾਂ ਉਸ ਦੇ ਬੁਢੇ ਚਿਹਰੇ ਉਤੇ ਮਾਯੂਸੀ ਛਾ ਗਈ। ਮੈਂ ਉਸ ਨੂੰ ਆਪਣੇ ਹੱਥਾਂ ਨਾਲ ਖਿਲਾਇਆ ਕਰਦਾ ਸੀ। ਰੋਗ ਦੇ ਆਗਾਜ਼ ਵਿਚ ਤਾਂ ਮੈਂ ਉਸ ਨੂੰ ਖਾਣਾ ਦਿੰਦਾ ਰਿਹਾ। ਜਦੋਂ ਕਮਜ਼ੋਰੀ ਵੱਧ ਗਈ ਤਾਂ ਮੈਂ ਇੱਕ ਦੋਸਤ ਨੂੰ ਕਿਹਾ ਕਿ ਉਹ ਸਵੇਰੇ ਸ਼ਾਮ ਗੋਲਡੀ ਨੂੰ ਖਾਣਾ ਖਿਲਾਉਣ ਆ ਜਾਇਆ ਕਰੇ। ਉਹ ਆਉਂਦਾ ਰਿਹਾ। ਮਗਰ ਗੋਲਡੀ ਨੇ ਉਸ ਦੀ ਪਲੇਟ ਦੀ ਤਰਫ਼ ਮੂੰਹ ਨਹੀਂ ਕੀਤਾ। ਮੈਂ ਬਹੁਤ ਕਿਹਾ। ਲੇਕਿਨ ਉਹ ਨਹੀਂ ਮੰਨਿਆ। ਇੱਕ ਮੈਨੂੰ ਆਪਣੇ ਮਰਜ਼ ਦੀ ਤਕਲੀਫ ਸੀ ਜੋ ਦੂਰ ਹੋਣ ਹੀ ਵਿਚ ਨਹੀਂ ਆਉਂਦਾ ਸੀ। ਦੂਜੇ ਮੈਨੂੰ ਗੋਲਡੀ ਦੀ ਫ਼ਿਕਰ ਸੀ ਜਿਸ ਨੇ ਖਾਣਾ-ਪੀਣਾ ਬਿਲਕੁਲ ਬੰਦ ਕਰ ਦਿੱਤਾ ਸੀ।

ਹੁਣ ਉਸ ਨੇ ਪਲੰਗ ਉਤੇ ਬੈਠਣਾ ਵੀ ਛੱਡ ਦਿੱਤਾ। ਸਾਹਮਣੇ ਦੀਵਾਰ ਦੇ ਕੋਲ ਸਾਰਾ ਦਿਨ ਅਤੇ ਸਾਰੀ ਰਾਤ ਖ਼ਾਮੋਸ਼ ਬੈਠਾ ਆਪਣੀ ਧੁੰਦਲੀਆਂ ਅੱਖਾਂ ਨਾਲ ਮੈਨੂੰ ਵੇਖਦਾ ਰਹਿੰਦਾ। ਇਸ ਨਾਲ ਮੈਨੂੰ ਹੋਰ ਵੀ ਦੁੱਖ ਹੋਇਆ। ਉਹ ਕਦੇ ਨੰਗੀ ਜ਼ਮੀਨ ਉਤੇ ਨਹੀਂ ਬੈਠਾ ਸੀ। ਮੈਂ ਉਸ ਨੂੰ ਬਹੁਤ ਕਿਹਾ। ਲੇਕਿਨ ਉਹ ਨਹੀਂ ਮੰਨਿਆ।

ਉਹ ਬਹੁਤ ਜ਼ਿਆਦਾ ਖ਼ਾਮੋਸ਼ ਹੋ ਗਿਆ ਸੀ। ਅਜਿਹਾ ਲੱਗਦਾ ਸੀ ਕਿ ਉਹ ਗ਼ਮ ਅਤੇ ਦੁੱਖ ਵਿਚ ਗਰਕ ਹੈ। ਕਦੇ ਕਦੇ ਉਠ ਕੇ ਪਲੰਗ ਦੇ ਕੋਲ ਆਉਂਦਾ। ਅਜੀਬ ਹਸਰਤ ਭਰੀਆਂ ਨਜ਼ਰਾਂ ਨਾਲ ਮੇਰੀ ਤਰਫ਼ ਵੇਖਦਾ ਅਤੇ ਗਰਦਨ ਝੁਕਾ ਕੇ ਵਾਪਸ ਦੀਵਾਰ ਦੇ ਕੋਲ ਚਲਾ ਜਾਂਦਾ।

ਇੱਕ ਰਾਤ ਲੈਂਪ ਦੀ ਰੋਸ਼ਨੀ ਵਿਚ ਮੈਂ ਵੇਖਿਆ, ਕਿ ਗੋਲਡੀ ਦੀਆਂ ਧੁੰਦਲੀਆਂ ਅੱਖਾਂ ਵਿਚ ਅੱਥਰੂ ਚਮਕ ਰਹੇ ਹਨ। ਉਸ ਦੇ ਚਿਹਰੇ ਤੋਂ ਦੁੱਖ ਅਤੇ ਦਰਦ ਬਰਸ ਰਿਹਾ ਸੀ। ਮੈਨੂੰ ਬਹੁਤ ਦੁੱਖ ਹੋਇਆ। ਮੈਂ ਉਸਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ। ਲੰਬੇ ਲੰਬੇ ਸੁਨਹਿਰੇ ਕੰਨ ਹਿਲਾਂਦਾ ਉਹ ਮੇਰੇ ਕੋਲ ਆਇਆ। ਮੈਂ ਬੜੇ ਪਿਆਰ ਨਾਲ ਕਿਹਾ। "ਗੋਲਡੀ ਮੈਂ ਅੱਛਾ ਹੋ ਜਾਵਾਂਗਾ। ਤੂੰ ਦੁਆ ਮੰਗ...ਤੇਰੀ ਦੁਆ ਜ਼ਰੂਰ ਕਬੂਲ ਹੋਵੇਗੀ।"

ਇਹ ਸੁਣ ਕੇ ਉਸ ਨੇ ਬੜੀਆਂ ਉਦਾਸ ਅੱਖਾਂ ਨਾਲ ਮੈਨੂੰ ਵੇਖਿਆ, ਫਿਰ ਸਿਰ ਉੱਪਰ ਉਠਾ ਕੇ ਛੱਤ ਦੀ ਤਰਫ਼ ਦੇਖਣ ਲਗਾ, ਜਿਵੇਂ ਦੁਆ ਮੰਗ ਰਿਹਾ ਹੋਵੇ...ਕੁੱਝ ਦੇਰ ਉਹ ਇਸ ਤਰ੍ਹਾਂ ਖੜਾ ਰਿਹਾ। ਮੇਰੇ ਜਿਸਮ ਉਤੇ ਕੰਬਣੀ ਸੀ ਤਾਰੀ ਹੋ ਗਈ। ਇੱਕ ਅਜੀਬੋ-ਗਰੀਬ ਤਸਵੀਰ ਮੇਰੀਆਂ ਅੱਖਾਂ ਦੇ ਸਾਹਮਣੇ ਸੀ। ਗੋਲਡੀ ਸਚਮੁੱਚ ਦੁਆ ਮੰਗ ਰਿਹਾ ਸੀ...ਮੈਂ ਸੱਚ ਅਰਜ ਕਰਦਾ ਹਾਂ ਉਹ ਸਿਰ ਤੋਂ ਪੈਰਾਂ ਤੱਕ ਦੁਆ ਸੀ। ਮੈਂ ਕਹਿਣਾ ਨਹੀਂ ਚਾਹੁੰਦਾ। ਲੇਕਿਨ ਉਸ ਵਕ਼ਤ ਮੈਂ ਮਹਿਸੂਸ ਕੀਤਾ ਕਿ ਉਸਦੀ ਰੂਹ ਖ਼ੁਦਾ ਦੇ ਹੁਜ਼ੂਰ ਪਹੁੰਚ ਕੇ ਗਿੜਗੜਾ ਰਹੀ ਹੈ।

ਮੈਂ ਕੁਝ ਹੀ ਦਿਨਾਂ ਵਿਚ ਅੱਛਾ ਹੋ ਗਿਆ। ਲੇਕਿਨ ਗੋਲਡੀ ਦੀ ਹਾਲਤ ਪਤਲੀ ਹੋ ਗਈ। ਜਦੋਂ ਤੱਕ ਮੈਂ ਬਿਸਤਰ ਉਤੇ ਸੀ ਉਹ ਅੱਖਾਂ ਬੰਦ ਕੀਤੇ ਦੀਵਾਰ ਦੇ ਨਾਲ ਖ਼ਾਮੋਸ਼ ਬੈਠਾ ਰਿਹਾ। ਮੈਂ ਹਿਲਣ-ਜੁਲਣ ਦੇ ਕਾਬਿਲ ਹੋਇਆ ਤਾਂ ਮੈਂ ਉਹਨੂੰ ਖਿਲਾਉਣ ਪਿਲਾਣ ਦੀ ਕੋਸ਼ਿਸ਼ ਕੀਤੀ ਮਗਰ ਬੇਸੂਦ। ਉਸਨੂੰ ਹੁਣ ਕਿਸੇ ਚੀਜ਼ ਵਿਚ ਦਿਲਚਸਪੀ ਨਹੀਂ ਸੀ। ਦੁਆ ਮੰਗਣ ਦੇ ਬਾਅਦ ਜਿਵੇਂ ਉਸਦੀ ਸਾਰੀ ਤਾਕਤ ਚਲੀ ਗਈ ਸੀ।

ਮੈਂ ਉਸ ਨੂੰ ਕਹਿੰਦਾ, "ਮੇਰੀ ਤਰਫ਼ ਵੇਖ ਗੋਲਡੀ...ਮੈਂ ਅੱਛਾ ਹੋ ਗਿਆ ਹਾਂ...ਖ਼ੁਦਾ ਨੇ ਤੇਰੀ ਦੁਆ ਕਬੂਲ ਕਰ ਲਈ ਹੈ," ਲੇਕਿਨ ਉਹ ਅੱਖਾਂ ਨਾ ਖੋਲ੍ਹਦਾ। ਮੈਂ ਦੋ ਤਿੰਨ ਦਫਾ ਡਾਕਟਰ ਬੁਲਾਇਆ। ਉਸ ਨੇ ਇੰਜੈਕਸ਼ਨ ਲਗਾਏ ਪਰ ਕੁੱਝ ਨਾ ਹੋਇਆ। ਇੱਕ ਦਿਨ ਮੈਂ ਡਾਕਟਰ ਲੈ ਕੇ ਆਇਆ ਤਾਂ ਉਸ ਦਾ ਦਿਮਾਗ ਚੱਲ ਚੁੱਕਿਆ ਸੀ।

ਮੈਂ ਉਠਾ ਕੇ ਉਸਨੂੰ ਵੱਡੇ ਡਾਕਟਰ ਦੇ ਕੋਲ ਲੈ ਗਿਆ ਅਤੇ ਉਸ ਨੂੰ ਬਿਜਲੀ ਦੇ ਝਟਕੇ ਨਾਲ ਹਲਾਕ ਕਰਾ ਦਿੱਤਾ।

ਮੈਨੂੰ ਪਤਾ ਨਹੀਂ ਬਾਬਰ ਅਤੇ ਹੁਮਾਯੂੰ ਵਾਲਾ ਕਿਸਾ ਕਿੱਥੇ ਤੱਕ ਸਹੀ ਹੈ...ਲੇਕਿਨ ਇਹ ਵਾਕਿਆ ਅੱਖਰ ਅੱਖਰ ਦਰੁਸਤ ਹੈ।

# ਕੱਕਾ ਰੇਤਾ ਬੜਾ ਚਹੇਤਾ

***ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ 25 ਸਾਲ ਤੋਂ ਵੱਧ ਸਮਾਂ ਪੜ੍ਹਾਉਂਦੇ ਰਹੇ ਅਤੇ ਉਥੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਏ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਇਸ ਲੇਖ ਵਿਚ ਮਾਲਵਾ ਖਿਤੇ ਦੀਆਂ ਬਹੁਤ ਸਾਰੀਆਂ ਅਦਬੀ ਸ਼ਖਸੀਅਤਾਂ ਦਾ ਜ਼ਿਕਰ ਕੀਤਾ ਹੈ।***



ਮੈਂ ਜਨਮ ਤੋਂ ਦਸਵੀਂ ਜਮਾਤ ਪਾਸ ਕਰਨ ਤੱਕ ਆਪਣੇ ਜੱਦੀ ਪਿੰਡ ਰਾਮਪੁਰੇ ਹੀ ਰਿਹਾ। ਇਸ ਪਿੰਡ ਦੇ ਆਲੇ-ਦੁਆਲੇ ਗੁਰੂਸਰ, ਲਹਿਰਾ ਧੂਰਕੋਟ, ਕੌੜਾ ਕੋਟੜਾ, ਭੂੰਦੜ (ਪ੍ਰੋ. ਕਰਮ ਸਿੰਘ ਵਾਲਾ), ਮੰਡੀ ਕਲਾਂ (ਅਜਮੇਰ ਸਿੰਘ), ਪਿੱਥੋ (ਭਾਈ ਕਾਨ੍ਹ ਸਿੰਘ ਤੇ ਗੁਰਬਚਨ ਭੁੱਲਰ), ਗਿੱਲ ਕਲਾਂ, ਬਦਿਆਲਾ (ਸੰਤ ਫ਼ਤਿਹ ਸਿੰਘ), ਫੂਲ ਅਤੇ ਮਹਿਰਾਜ ਜਿਹੇ ਵਸਦੇ ਰਸਦੇ ਪਿੰਡ ਹਨ। ਇਨ੍ਹਾਂ ਸਾਰੇ ਪਿੰਡਾਂ ਨੂੰ ਰਾਮਪੁਰਾ ਫੂਲ ਦਾ ਰੇਲਵੇ ਸਟੇਸ਼ਨ ਗੱਡੀ ਦਾ ਸਫ਼ਰ ਬਖ਼ਸ਼ਦਾ ਹੈ।

ਮੇਰੇ ਬਚਪਨ ਸਮੇਂ ਇਸ ਸਾਰੇ ਇਲਾਕੇ ਵਿਚ ਖੂਹਾਂ ਦਾ ਪਾਣੀ 120 ਫੁੱਟ ਦੇ ਨੇੜੇ-ਤੇੜੇ ਡੂੰਘਾ ਸੀ। ਨਹਿਰ ਦੇ ਪਾਣੀ ਨਾਲ ਬਹੁਤ ਘੱਟ ਜ਼ਮੀਨ ਸਿੰਜੀ ਜਾਂਦੀ ਸੀ। ਇਲਾਕੇ ਦਾ ਬਹੁਤਾ ਹਿੱਸਾ



**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਸਾਬਕਾ ਪ੍ਰਿੰਸੀਪਲ**
**ਫੋਨ: +1-925-683-1982**

ਰੇਤਲਾ ਸੀ। ਮੇਰੇ ਬਾਪੂ ਜੀ ਦੇ ਹਿੱਸੇ ਜੱਦੀ ਜ਼ਮੀਨ ਵਿਚ ਬਹੁਤ ਵੱਡਾ ਕੱਕੇ ਰੇਤੇ ਦਾ ਟਿੱਬਾ ਸੀ। ਨਿਆਣੀ ਉਮਰ ਵਿਚ ਇਸ ਕੱਕੇ ਰੇਰੇ ਵਿਚ ਹੱਥਾਂ ਨਾਲ ਨਿੱਕਾ ਜਿਹਾ ਘਰ ਬਣਾਉਣਾ, ਫੇਰ ਉਸ ਨੂੰ ਢਾਹ ਦੇਣਾ ਮੇਰਾ ਮਨ ਭਾਉਂਦਾ ਸ਼ੁਗਲ ਸੀ।

ਇਸ ਟਿੱਬੇ ਦੇ ਚਾਰੇ ਪਾਸੇ ਜਿਹੜੇ ਲੋਕਾਂ ਦੇ ਖੇਤ ਸਨ, ਉਹ ਹਰ ਸਾਲ ਥੋੜ੍ਹਾ-ਥੋੜ੍ਹਾ ਰਕਬਾ ਆਪਣੇ ਨਾਲ ਮਿਲਾ ਲੈਂਦੇ ਸਨ। ਬਾਪੂ ਜੀ ਨੇ ਇਸ ਕੰਮ ਦਾ ਬਹੁਤਾ ਬੁਰਾ ਇਸ ਲਈ ਨਾ ਮਨਾਇਆ ਕਿ ਉਥੇ ਕਿਹੜਾ ਕੋਈ ਫ਼ਸਲ ਹੁੰਦੀ ਹੈ। 1955-56 ਵਾਲੀ ਮੁਰੱਬੇਬੰਦੀ ਨੇ ਕਮਾਲ ਕਰ ਦਿੱਤੀ। ਕੱਕੇ ਰੇਤ ਨੇ ਸਾਡੀ ਮੌਜ ਬਣਾ ਦਿੱਤੀ। ਕਾਗਜ਼ਾਤ ਵਿਚ ਲਿਖੇ ਅਨੁਸਾਰ ਸਾਨੂੰ ਕਿਸੇ ਹੋਰ ਥਾਂ ਪੱਧਰ ਜ਼ਮੀਨ ਮਿਲ ਗਈ। ਜਿਹੜੇ ਹੋਰ ਕਿਸਾਨਾਂ ਨੂੰ ਇਹ ਟਿੱਬਾ ਮਿਲਿਆ, ਉਨ੍ਹਾਂ ਨੂੰ ਭੀ ਇਸ ਦੇ ਰੇਤ ਨੇ ਰੰਗ ਲਾ ਦਿੱਤੇ। ਟਰੱਕਾਂ ਵਿਚ ਲੱਦਿਆ ਰੇਤਾ ਸ਼ਹਿਰਾਂ ਵਿਚ ਮਕਾਨ ਉਸਾਰੀ ਦੇ ਕੰਮ ਆ ਗਿਆ। ਕਿਸਾਨਾਂ ਨੂੰ ਚੰਗੀ ਕੀਮਤ ਦੇ ਗਿਆ ਅਤੇ ਪੱਧਰੀ ਜ਼ਮੀਨ ਦੇ ਮਾਲਕ ਉਨ੍ਹਾਂ ਕਿਸਾਨਾਂ ਨੂੰ ਬਣਾ ਗਿਆ। ਇਸ ਰੇਤੇ ਨੂੰ ਮੇਰਾ ਸਲਾਮ!

ਇਹ ਰੇਤਲਾ ਇਲਾਕਾ ਇਨ੍ਹਾਂ ਪਿੰਡਾਂ ਤੋਂ ਭੀ ਪਹਿਲਾਂ ਸ਼ੁਰੂ ਹੋ ਕੇ ਬਠਿੰਡਾ, ਮਾਨਸਾ, ਸਰਸਾ, ਫ਼ਰੀਦਕੋਟ, ਮੁਕਤਸਰ ਹੁੰਦਾ ਹੋਇਆ ਗੰਗਾਨਗਰ ਤੋਂ ਪਰੇ ਤੱਕ ਫੈਲਿਆ ਹੋਇਆ ਹੈ।

ਮਾਝਾ, ਦੁਆਬਾ ਅਤੇ ਪੁਆਦ, ਸਾਰੇ ਇਲਾਕੇ ਆਪੋ-ਆਪਣੀਆਂ ਵਿਸ਼ੇਸ਼ਤਾਈਆਂ ਨਾਲ ਲਬਰੇਜ਼ ਹਨ, ਕਿਸੇ ਗੱਲੋਂ ਵੀ ਉਨ੍ਹਾਂ ਨੂੰ ਘੱਟ ਮਹੱਤਤਾ ਦੇਣਾ ਮੇਰਾ ਦਸਤੂਰ ਨਹੀਂ ਪਰ ਮਾਲਵੇ ਦੇ ਇਸ ਰੇਤਲੇ ਖਿੱਤੇ ਨੂੰ ਅਣਗੌਲਿਆ ਕਰਨਾ ਅਤੇ ਪਛੜਿਆ ਜਾਣ ਕੇ ਇਸ ਦਾ ਬਣਦਾ ਹੱਕ ਨਾ ਦੇਣਾ ਮੈਨੂੰ ਮਨਜ਼ੂਰ ਨਹੀਂ। ਕੁਝ ਸ਼ਬਦਾਂ ਵਿਚ ਇਸ ਖਿੱਤੇ ਦੀ ਵਿਲੱਖਣਤਾ ਨੂੰ ਪਿਆਰ ਅਤੇ ਸਤਿਕਾਰ ਨਾਲ ਬਿਆਨ ਕਰਨਾ ਇਸ ਸਾਦਾ ਜਿਹੇ ਲੇਖ ਦਾ ਮੂਲ ਮਨੋਰਥ ਹੈ।

ਬਠਿੰਡੇ ਦਾ ਜ਼ਿਕਰ ਕਰਦਿਆਂ ਹੀ ਉਥੋਂ ਦਾ ਉੱਚਾ ਪੁਰਾਣਾ ਅਤੇ ਮਸ਼ਹੂਰ ਕਿਲ੍ਹਾ ਯਾਦ ਆ ਜਾਂਦਾ ਹੈ। ਨਿੱਕੇ ਹੁੰਦਿਆਂ ਜਦੋਂ ਵੀ ਰੇਲ ਗੱਡੀ ਰਾਹੀਂ ਬਠਿੰਡੇ ਵੱਲ ਜਾਂਦੇ ਸੀ ਤਾਂ ਦੂਰੋਂ ਹੀ ਇਹ ਕਿਲ੍ਹਾ ਅਤੇ ਇਸ ਦੀ ਕੁੱਛੜ ਵਿਚ ਬਣੇ ਤਿੰਨ ਮੰਜ਼ਲੇ ਮਕਾਨ (ਬੌਣੇ) ਨਜ਼ਰ ਆਉਣੇ ਸ਼ੁਰੂ ਹੋ ਜਾਂਦੇ। ਮਨ ਵਿਚ ਸਵਾਲ ਗੂੰਜਦਾ ਕਿ ਰੇਗਸਤਾਨੀ ਇਲਾਕੇ ਵਿਚ ਅੱਜ ਤੋਂ ਹਜ਼ਾਰ ਗਿਆਰਾਂ ਸੌ ਸਾਲ ਪਹਿਲਾਂ ਪਾਣੀ ਦੀ ਬਹੁਤ ਵੱਡੀ ਘਾਟ ਦੇ ਬਾਵਜੂਦ ਇਸ ਕਿਲ੍ਹੇ ਦੀ ਉਸਾਰੀ ਕਿਵੇਂ ਹੋਈ? ਕਿਹਾ ਜਾਂਦਾ ਹੈ ਕਿ ਰਾਜਾ ਅਨੰਗ ਪਾਲ ਨੇ ਇਸ ਨੂੰ ਬਣਵਾਇਆ ਸੀ ਅਤੇ ਸਤਲੁਜ ਦਰਿਆ ਉਨ੍ਹਾਂ ਦਿਨਾਂ ਵਿਚ ਇਸ ਦੇ ਨਜ਼ਦੀਕ ਹੀ ਵਹਿੰਦਾ ਸੀ। ਸ਼ਾਇਦ ਕੱਕੇ ਰੇਤੇ ਦੇ ਟਿੱਬਿਆਂ ਨੇ ਇਸ ਤਕੜੇ ਦਰਿਆ ਦਾ ਰਸਤਾ ਬਦਲ ਦਿੱਤਾ ਅਤੇ ਇਸ ਨੂੰ ਫ਼ਿਰੋਜ਼ਪੁਰ ਜਾਣ ਲਈ ਅਤੇ ਅੱਗੇ ਸਮੁੰਦਰ ਵਿਚ ਸਮਾ ਜਾਣ ਦੀ ਤਾਂਘ ਨੇ ਇੱਥੋਂ ਖਿਸਕਣ ਲਈ ਪ੍ਰੇਰਨਾ ਦਿੱਤੀ।

ਕਿਲ੍ਹੇ ਦੇ ਇਕ ਚੁਬਾਰੇ ਵਿਚ ਅਲਤਮਸ਼ ਨੇ ਰਜ਼ੀਆ ਸੁਲਤਾਨਾ ਨੂੰ ਕੈਦ ਕੀਤਾ ਸੀ ਅਤੇ ਬਾਅਦ ਵਿਚ ਉਸ ਨਾਲ ਸ਼ਾਦੀ ਕਰ ਲਈ ਸੀ। ਫਿਲਮਸਾਜ਼ਾਂ ਲਈ ਇਹ ਬਹੁਤ ਢੁਕਵਾਂ ਸਥਾਨ ਹੈ। ਮੇਰੇ ਬਾਪੂ ਜੀ ਕਿਹਾ ਕਰਦੇ ਸਨ ਕਿ ਕਿਲ੍ਹੇ ਦੀ ਉਚਾਈ ਦੇਖ ਕੇ ਅਸੀਂ ਮੁੰਡੇ-ਖੁੰਡੇ ਠੀਕਰੀਆਂ ਠੀਕਰਿਆਂ ਦੇ ਛੋਟੇ ਟੁਕੜੇ ਉਪਰ ਵੱਲ ਸੁੱਟਣ ਦਾ ਮੁਕਾਬਲਾ ਕਰਨ ਲਈ ਬਹੁਤ ਵਾਰ ਬਠਿੰਡੇ ਜਾਂਦੇ ਸੀ।

ਭਾਫ਼ ਨਾਲ ਚੱਲਣ ਵਾਲੇ ਇੰਜਣ ਦੀ ਕਾਢ ਨੇ ਅੰਗਰੇਜ਼ਾਂ ਨੂੰ ਰੇਲ ਲਾਈਨਾਂ ਦਾ ਜਾਲ ਵਿਛਾਉਣ ਲਈ ਉਤਸ਼ਾਹਤ ਕੀਤਾ। ਪੰਜਾਬ ਨੂੰ ਆਪਣੇ ਅਧੀਨ ਕਰਨ ਪਿੱਛੋਂ ਫ਼ਿਰੋਜ਼ਪੁਰ ਦੀ ਛਾਉਣੀ ਤਾਮੀਰ ਕਰਵਾਈ ਅਤੇ ਲਾਹੌਰ ਤੋਂ ਦਿੱਲੀ ਪਹੁੰਚਣ ਲਈ ਵਾਇਆ ਬਠਿੰਡਾ ਮੁਨਾਸਬ ਸਮਝਿਆ। ਇਸ ਰਸਤੇ ਬਠਿੰਡਾ ਹੀ ਸਭ ਰੇਲਵੇ ਸਟੇਸ਼ਨਾਂ ਨਾਲੋਂ ਮਹੱਤਵਪੂਰਨ ਸਟੇਸ਼ਨ ਸੀ। ਇਸੇ ਕਰਕੇ ਹਾਵੜਾ ਤੋਂ ਦੂਜੇ ਨੰਬਰ ਵਾਲਾ ਵੱਡਾ ਜੰਕਸ਼ਨ ਬਠਿੰਡਾ ਹੈ। ਇਥੇ ਸਭ ਪਾਸਿਓਂ ਸੱਤ ਰੇਲਵੇ ਲਾਈਨਾਂ ਮਿਲਦੀਆਂ ਹਨ। ਸੁਣਿਆ ਹੈ, ਅੰਗਰੇਜ਼ ਇਸ ਜੰਕਸ਼ਨ ਦੀ ਮਹੱਤਤਾ ਨੂੰ ਮਹਿਸੂਸ ਕਰਦੇ ਸਨ ਅਤੇ ਇਸ ਨੂੰ ਆਪਣੇ ਅਧੀਨ ਕਰ ਕੇ ਇਸ ਦਾ ਬਹੁਤ ਵਿਕਾਸ ਕਰਨਾ ਚਾਹੁੰਦੇ ਸਨ ਪਰ ਮਹਾਰਾਜਾ ਪਟਿਆਲਾ ਨੇ ਇਸ ਇਤਿਹਾਸਕ ਸ਼ਹਿਰ ਨੂੰ ਆਪਣੀ ਰਿਆਸਤ ਦਾ ਅੰਗ ਹੀ ਰੱਖਿਆ।

ਰੇਲਾਂ ਨੇ ਸਾਮਾਨ ਦੀ ਢੋਆ-ਢੁਆਈ ਦੇ ਨਾਲ-ਨਾਲ ਲੋਕਾਂ ਦੀ ਆਵਾਜਾਈ ਵੀ ਸੁਖਾਲੀ ਕਰ ਦਿੱਤੀ। ਮੁਸਾਫ਼ਰਾਂ ਦੀਆਂ ਬਹੁਤ ਦਿਲਚਸਪ ਗੱਲਾਂ ਵਿਚੋਂ ਦੋ ਛੋਟੀਆਂ ਜਿਹੀਆਂ ਦਾ ਜ਼ਿਕਰ ਕੁਥਾਂ ਨਹੀਂ ਹੋਵੇਗਾ। ਇਕ ਬੀਬੀ ਬਠਿੰਡੇ ਤੋਂ ਛੋਟੀ ਗੱਡੀ ਰਾਹੀਂ ਆਪਣੇ ਨਿੱਕੇ ਨਿਆਣੇ ਨੂੰ ਗੋਦੀ ਵਿਚ ਬਿਠਾ ਕੇ ਆਪਣੀ ਰਿਸ਼ਤੇਦਾਰੀ ਵੱਲ ਚੱਲ ਪਈ। ਰਸਤੇ ਵਿਚ ਰੇਲਵੇ ਲਾਈਨ ਉੱਤੇ ਰੇਤ ਦੇ ਅੰਬਾਰ ਸਨ। ਗੱਡੀ ਬਹੁਤ ਧੀਮੀ ਗਤੀ ਨਾਲ ਚਲਦੀ ਹੋਈ ਬੀਬੀ ਦੀ ਮੰਜ਼ਲ 'ਤੇ ਪਹੁੰਚੀ। ਟਿਕਟ ਚੈਕਰ ਕਹਿਣ ਲੱਗਾ, "ਬੀਬੀ, ਬੱਚੇ ਦਾ ਟਿਕਟ ਕਿਉਂ ਨਹੀਂ ਲਿਆ?" ਬੀਬੀ ਨੇ ਜਵਾਬ ਦਿਤਾ,"ਵੇ ਭਾਈ, ਬਠਿੰਡੇ ਤੋਂ ਗੱਡੀ ਚੜ੍ਹਨ ਵੇਲੇ ਤਾਂ ਇਹ ਨਿੱਕਾ ਜਿਹਾ ਸੀ, ਤੁਹਾਡੀ ਗੱਡੀ ਹੀ ਇਤਨੀ ਹੌਲੀ ਚਲਦੀ ਹੈ ਕਿ ਇਥੇ ਤੱਕ ਆਉਣ ਤੱਕ ਇਹ ਵੱਡਾ ਹੋ ਗਿਆ। ਮੇਰਾ ਕੀ ਕਸੂਰ ਹੈ।" ਬੀਬੀ ਦੀ ਹਾਜ਼ਰ ਜਵਾਬੀ 'ਤੇ ਟਿਕਟ ਚੈਕਰ ਬਹੁਤ ਖੁਸ਼ ਹੋਇਆ।

ਰੇਲ ਗੱਡੀ ਦੀ ਸਹੂਲਤ ਕਰਕੇ ਮੇਰੇ ਪਿੰਡ ਦਾ ਇਕ ਬਜ਼ੁਰਗ ਫ਼ਰੀਦਕੋਟ ਲਾਗੇ ਦੇ ਕਿਸੇ ਪਿੰਡ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਿਆ। ਅਗਲੇ ਦਿਨ ਸਵੇਰੇ-ਸਵੇਰੇ ਜੰਗਲ ਪਾਣੀ ਜਾਣ ਲਈ ਘਰੋਂ ਬਾਹਰ ਖੇਤਾਂ ਵੱਲ ਚਲਿਆ ਗਿਆ। ਬਦਕਿਸਮਤੀ ਹੀ ਸਮਝੋ, ਬਹੁਤ ਤੇਜ਼ ਹਨੇਰੀ ਆ ਗਈ। ਉਹ ਕਮਜ਼ੋਰ ਅਤੇ ਮਾੜਚੂ ਜਿਹਾ ਬਜ਼ੁਰਗ ਇਕ ਥਾਂ 'ਤੇ ਖੜ੍ਹ ਗਿਆ। ਉਸ ਦੇ ਆਲੇ-ਦੁਆਲੇ ਕੱਕੇ ਰੇਤੇ ਦੇ ਅੰਬਾਰ ਲੱਗ ਗਏ। ਰਿਸ਼ਤੇਦਾਰਾਂ ਨੂੰ ਫਿਕਰ ਹੋ ਗਿਆ ਕਿ ਬਾਬਾ ਵਾਪਸ ਕਿਉਂ ਨਹੀਂ ਆਇਆ। ਉਨ੍ਹਾਂ ਉਸ ਥਾਂ ਪਹੁੰਚ ਕੇ ਬੜੀ ਮੁਸ਼ਕਿਲ ਨਾਲ ਉਸ ਨੂੰ ਰੇਤ ਦੇ ਢੇਰ ਵਿਚੋਂ ਕੱਢਿਆ।

ਕੱਕੇ ਰੇਤੇ ਦੀ ਦਾਸਤਾਨ ਬਹੁਤ ਸਿਫ਼ਤਾਂ ਭਰੀ ਵੀ ਹੈ। ਮੇਰੇ ਪਿੰਡ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਪਿੰਡ ਗੁਰੂਸਰ ਹੈ। ਇਥੇ ਛੇਵੇਂ ਗੁਰੂ ਹਰਗੋਬਿੰਦ ਜੀ ਆਏ ਸਨ। ਇਤਿਹਾਸ ਗਵਾਹ ਹੈ ਕਿ ਮੁਗਲ ਸਾਮਰਾਜ ਦਾ ਦਿਓ ਕੱਦ ਜਰਨੈਲ ਪੈਂਦੇ ਖ਼ਾਂ ਆਪਣੇ ਸਾਥੀਆਂ ਨਾਲ ਗੁਰੂ ਜੀ ਨਾਲ ਯੁੱਧ ਕਰਨ ਆਇਆ। ਗੁਰੂ ਜੀ ਕਹਿਣ ਲੱਗੇ, "ਅਸੀਂ ਕਿਸੇ ਉੱਪਰ ਆਪ ਵਾਰ ਨਹੀਂ ਕਰਦੇ। ਤੇਰੀ ਇੱਛਾ ਹੈ ਤਾਂ ਆ, ਕਰ ਵਾਰ।" ਪਰਮਾਤਮਾ ਦੀ ਮਿਹਰ, ਉਸਦਾ ਵਾਰ ਗੁਰੂ ਜੀ ਦਾ ਵਾਲ ਵਿੰਗਾ ਨਾ ਕਰ ਸਕਿਆ। ਤਲਵਾਰ ਦੇ ਧਨੀ ਅਤੇ ਪਰਮਾਤਮਾ ਦੀ ਬਖ਼ਸ਼ਿਸ਼ ਦੇ ਪਾਤਰ ਗੁਰੂ ਜੀ ਦੇ ਮੋੜਵੇਂ ਵਾਰ ਨੂੰ ਉਸ ਦੀ ਦਿਓ ਜਿਹੀ ਦੇਹ ਸਹਿ ਨਾ ਸਕੀ। ਇਤਿਹਾਸ ਅਨੁਸਾਰ, ਤਲਵਾਰ ਦੇ ਵਾਰ ਨਾਲ ਉਸ ਦੇ ਜਿਸਮ ਦੇ ਦੋ ਹਿੱਸੇ ਹੋ ਗਏ। ਇਸ ਅਸਚਰਜ ਨੂੰ ਦੇਖ ਕੇ ਉਸ ਦੇ ਸਾਥੀ ਦੌੜ ਗਏ। ਗੁਰੂ ਜੀ ਨੇ ਇੱਥੇ ਹੀ ਰਾਮੇ ਤਲੋਕੇ ਨੂੰ ਖੁਸ਼ ਹੋ ਕੇ ਵਰ ਦਿੱਤਾ ਸੀ ਜਿਸ ਅਨੁਸਾਰ ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਫੂਲਕੀਆਂ ਰਿਆਸਤਾਂ ਹੋਂਦ ਵਿਚ ਆਈਆਂ। ਉਨ੍ਹਾਂ ਦਿਨਾਂ ਵਿਚ ਇੱਥੋਂ ਦੇ ਲੋਕ ਬਹੁਤ ਨਰੋਏ ਅਤੇ ਬਲਵਾਨ ਹੁੰਦੇ ਸਨ। ਨਹਿਰੀ ਪਾਣੀ ਦੀ ਘਾਟ ਅਤੇ ਖੂਹਾਂ ਦੇ ਪਾਣੀ ਬਹੁਤ ਡੂੰਘੇ ਹੋਣ ਕਰਕੇ ਸਭ ਲੋਕ ਮੀਂਹ ਉਪਰ ਨਿਰਭਰ ਸਨ ਅਤੇ ਰੇਤਲੇ ਇਲਾਕੇ ਵਿਚ ਕੇਵਲ ਬਾਜਰਾ, ਮੋਠ ਅਤੇ ਛੋਲਿਆਂ ਦੀ ਫ਼ਸਲ ਹੀ ਹੁੰਦੀ ਸੀ। ਇਨ੍ਹਾਂ ਤਿੰਨਾਂ ਚੀਜ਼ਾਂ ਤੋਂ ਬਣੀ ਖਿਚੜੀ ਬਹੁਤ ਸੁਆਦ, ਤਾਕਤਵਰ ਅਤੇ ਲੇਸਦਾਰ ਖੁਰਾਕ ਹੁੰਦੀ ਸੀ।

ਕੁਝ ਸਾਲਾਂ ਪਿਛੋਂ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਗੜ੍ਹੀ ਤੋਂ ਤਾੜੀ ਮਾਰ ਕੇ ਅੱਜ ਦੇ ਗੁਰੂ ਗੋਬਿੰਦ ਸਿੰਘ ਮਾਰਗ ਰਾਹੀਂ ਮਾਲਵੇ ਦੇ ਰੇਤਲੇ ਇਲਾਕੇ ਵੱਲ ਚੱਲ ਪਏ। ਵੱਡੇ ਦੋ ਸਾਹਿਬਜ਼ਾਦੇ ਤਾਂ ਉਨ੍ਹਾਂ ਦੇ ਸਾਹਮਣੇ ਹੀ ਸ਼ਹੀਦੀ ਪਾ ਚੁੱਕੇ ਸਨ। ਛੋਟੇ ਦੋਹਾਂ ਸਾਹਿਬਜ਼ਾਦਿਆਂ ਦੀ ਦਰਦ ਭਰੀ ਦਾਸਤਾਨ ਉਨ੍ਹਾਂ ਨੂੰ ਰਸਤੇ ਵਿਚ ਮਿਲੀ। ਕੱਕਾ ਰੇਤ ਗੁਰੂ ਜੀ ਨੂੰ ਬੁਲਾ ਰਿਹਾ ਸੀ। ਸੋ, ਦੀਨਾ ਕਾਂਗੜ ਪਹੁੰਚ ਕੇ ਉਨ੍ਹਾਂ ਨੇ ਇਤਿਹਾਸਕ ਜ਼ਫ਼ਰਨਾਮਾ ਲਿਖਿਆ ਅਤੇ ਦੋ ਬਹਾਦਰ ਸਿੰਘਾਂ ਰਾਹੀਂ ਔਰੰਗਜ਼ੇਬ ਕੋਲ ਭੇਜਿਆ। ਗੁਰੂ ਜੀ ਦਾ ਪਿੱਛਾ ਮੁਗਲੀਆ ਹਕੂਮਤ ਦੀ ਹੰਕਾਰੀ ਫ਼ੌਜ ਜ਼ੋਰ-ਸ਼ੋਰ ਨਾਲ ਕਰ ਰਹੀ ਸੀ। ਸੋ, ਸਾਹਿਬ-ਏ-ਕਮਾਲ ਦੀਨੇ ਕਾਂਗੜ ਤੋਂ ਚੱਲ ਕੇ ਖਿਦਰਾਣੇ ਦੀ ਢਾਬ ਪਹੁੰਚ ਗਏ। ਚਾਰੇ ਪਾਸਿਓਂ ਰੇਤ ਦੇ ਟਿੱਬਿਆਂ ਨਾਲ ਘਿਰੀ ਹੋਈ ਇਹ ਢਾਬ ਲੜਾਈ ਲਈ ਵਧੀਆ ਥਾਂ ਲੱਗੀ। ਇਥੇ ਹੀ ਮਾਈ ਭਾਗੋ ਦੇ ਗੈਰਤ ਭਰੇ ਮਿਹਣੇ ਬੇਦਾਵਾ ਲਿਖਣ ਵਾਲੇ ਸਿੰਘ ਗੁਰੂ ਸਾਹਿਬ ਜੀ ਅਤੇ ਕੱਕੇ ਰੇਤੇ ਦੀ ਆਗੋਸ਼ ਵਿਚ ਆ ਗਏ ਤੇ ਲੜਾਈ ਵਿਚ ਬਹਾਦਰੀ ਦੇ ਜੌਹਰ ਦਿਖਾ ਗਏ। ਉਨ੍ਹਾਂ ਦੇ ਲੀਡਰ ਦੀ ਆਖਰੀ ਖਾਹਿਸ਼ ਸੀ ਕਿ ਉਸ ਦੇ ਅਖੀਰਲੇ ਸੁਆਸ ਗੁਰੂ ਜੀ ਦੀ ਗੋਦ ਵਿਚ ਪੂਰੇ ਹੋਣ ਅਤੇ ਉਸ ਦੇ ਸਾਹਮਣੇ ਹੀ ਉਹ ਬੇਦਾਵੇ ਵਾਲਾ ਕਾਗਜ਼ ਪਾੜ ਦੇਣ। ਸਾਹਿਬ-ਏ-ਕਮਾਲ ਨੇ ਉਸ ਦੀ ਤਮੰਨਾ ਪੂਰੀ ਕੀਤੀ। ਇਸੇ ਪਵਿੱਤਰ ਜਗ੍ਹਾ ਨੂੰ ਅੱਜ ਕੱਲ੍ਹ ਮੁਕਤਸਰ ਕਿਹਾ ਜਾਂਦਾ ਹੈ। ਗੁਰੂਸਰ ਵਾਂਗ ਇਥੇ ਵੀ ਅਤਿਆਚਾਰੀ ਫ਼ੌਜ ਨੂੰ ਮੂੰਹ ਦੀ ਖਾਣੀ ਪਈ।

ਉਧਰ, ਔਰੰਗਜ਼ੇਬ ਨੂੰ ਜ਼ਫ਼ਰਨਾਮਾ ਪੜ੍ਹ ਕੇ ਉਸ ਦੀਆਂ ਝੂਠੀਆਂ ਅਤੇ ਜ਼ੁਲਮ ਨਾਲ ਲਬਰੇਜ਼ ਨੀਤੀਆਂ ਦਾ ਪਛਤਾਵਾ ਹੋਇਆ ਅਤੇ ਉਸ ਨੇ ਗੁਰੂ ਜੀ ਨੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਔਰੰਗਜ਼ੇਬ ਨੂੰ ਇਸ ਇਲਾਕੇ ਵਿਚ ਆਉਣ ਤੋਂ ਕੁਝ ਝਿਜਕ ਸੀ। ਗੁਰੂ ਜੀ ਨੇ ਉਸ ਨੂੰ ਯਕੀਨ ਨਾਲ ਕਿਹਾ ਕਿ ਇਥੋਂ ਦੇ ਬਹਾਦਰ ਲੋਕ ਮੈਨੂੰ ਬਹੁਤ ਪਿਆਰੇ ਹਨ, ਤੈਨੂੰ ਇਥੇ ਆਉਣ ਵਿਚ ਕੋਈ ਖਤਰਾ ਨਹੀਂ ਪਰ ਉਹ ਦੱਖਣ ਵਿਚ ਬਗਾਵਤ ਹੋਣ ਕਰਕੇ ਉਸ ਪਾਸੇ ਹੀ ਰੁਝ ਗਿਆ। ਉਸ ਦੀ ਇਸ ਮੁਹਿੰਮ ਨੇ ਉਸ ਨੂੰ ਅਹਿਮਦ ਨਗਰ ਨੇੜੇ ਸਦਾ ਲਈ ਸਪੁਰਦ-ਏ-ਖ਼ਾਕ ਕਰ ਦਿੱਤਾ ਅਤੇ ਉਸ ਨੂੰ ਦਿੱਲੀ ਆਉਣਾ ਨਸੀਬ ਨਾ ਹੋਇਆ। ਉਸ ਦੇ ਜਾਨਸ਼ੀਨ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੁਨੇਹਾ ਭੇਜਿਆ। ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਮੁਕਤਸਰ ਤੋਂ ਰੇਤਲੇ ਟਿੱਬਿਆਂ ਦਾ ਸਫ਼ਰ ਕਰਦੇ ਅੱਜ ਦੀ ਤਲਵੰਡੀ (ਦਮ ਦਮਾ ਸਾਹਿਬ) ਕੁਝ ਦੇਰ ਦਮ ਲੈਣ ਲਈ ਠਹਿਰੇ। ਇਸ ਇਲਾਕੇ ਦੀ ਤਕਦੀਰ ਬਦਲਣ ਲਈ ਕੁਦਰਤ ਨੇ ਇਕ ਸਾਲ ਵਾਸਤੇ ਇਥੇ ਹੀ ਟਿਕੇ ਰਹਿਣ ਲਈ ਕਿਹਾ। ਇਥੇ ਉਨ੍ਹਾਂ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਤੋਂ ਆਦਿ ਗ੍ਰੰਥ ਦੀ ਬੀੜ ਲਿਖਵਾਈ। ਅੱਜ ਕੱਲ੍ਹ ਬਹੁਤ ਸਾਰੇ ਲੋਕ ਆਪਣੇ ਬੱਚਿਆਂ ਨੂੰ ਉੱਚੀ ਵਿਦਿਆ ਪ੍ਰਾਪਤ ਕਰਨ ਲਈ ਇਸ ਸਥਾਨ ਦੇ ਦਰਸ਼ਨ ਕਰਾਉਂਦੇ ਹਨ ਅਤੇ ਕੁਝ ਕਲਮਾਂ-ਕਾਨੀਆਂ ਨੂੰ ਹੱਥ ਲਗਾ ਕੇ ਅਰਦਾਸ ਕਰਦੇ ਹਨ।

ਇਥੇ ਹੀ ਗੁਰੂ ਜੀ ਡੱਲੇ ਚੌਧਰੀ ਦੀ ਪ੍ਰਾਹੁਣਚਾਰੀ 'ਤੇ ਬਹੁਤ ਖੁਸ਼ ਹੋਏ। ਉਸ ਨਾਲ ਗੱਲਬਾਤ ਬਹੁਤ ਦਿਲਚਸਪ ਮਾਜਰਾ ਹੈ। ਉਸ ਨੂੰ ਕਿਹਾ,"ਡੱਲਿਆ, ਸਾਹਮਣੇ ਤੋਂ ਕੁਝ ਅੰਬ ਤੋੜ ਲਿਆ।" ਡੱਲਾ ਹੱਸ ਕੇ ਕਹਿਣ ਲੱਗਾ,"ਮਹਾਰਾਜ! ਇਨ੍ਹਾਂ ਟਿੱਬਿਆਂ ਵਿਚ ਅੰਬ ਨਹੀਂ, ਅੱਕਾਂ ਦੀਆਂ ਕੁਕੜੀਆਂ ਹਨ।" ਸਾਹਿਬ-ਏ-ਕਮਾਲ ਨੇ ਫਰਮਾਇਆ, "ਆਉਣ ਵਾਲੇ ਸਮੇਂ ਵਿਚ ਇਹ ਜ਼ਮੀਨ ਬਾਗ਼ ਬਗੀਚਿਆਂ ਨਾਲ ਸਜ ਜਾਵੇਗੀ।" ਅੱਜ ਇਹ ਹਕੀਕਤ ਸਭ ਦੇ ਸਾਹਮਣੇ ਹੈ।

ਨਵੰਬਰ 2023 ਵਿਚ ਮੇਰੀ ਹਮਸਫ਼ਰ, ਮੇਰਾ ਪੁੱਤਰ ਅਤੇ ਮੈਂ ਚੌਧਰੀ ਡੱਲੇ ਦੇ ਉਤਰਾਧਿਕਾਰੀਆਂ ਦੇ ਘਰ ਗਏ। ਉਨ੍ਹਾਂ ਕੋਲ ਬਹੁਤ ਸਤਿਕਾਰ ਨਾਲ ਸਾਂਭੇ ਹੋਏ ਗੁਰੂ ਜੀ ਦੇ ਵਡਮੁੱਲੇ ਵਸਤਰਾਂ ਅਤੇ ਸ਼ਾਸਤਰਾਂ ਦੇ ਦਰਸ਼ਨ ਕਰਨ ਨਾਲ ਮਨ ਨੂੰ ਬਹੁਤ ਸਕੂਨ ਮਿਲਿਆ। ਚੰਡੀਗੜ੍ਹ ਵਾਪਸ ਆਉਣ ਵੇਲੇ ਝੋਨੇ ਦੇ ਅੰਬਾਰ ਅਤੇ ਅੰਗੂਰਾਂ ਦੀਆਂ ਵੇਲਾਂ ਦੇ ਜਾਲ ਵਿਸ਼ੇ ਦੇਖੇ। ਮੇਰੇ ਜੱਦੀ ਪਿੰਡ ਰਾਮਪੁਰੇ ਕੋਲ ਦੀ ਗੁਜ਼ਰਦਿਆਂ ਟਿੱਬਿਆਂ ਦੀ ਗੈਰ-ਹਾਜ਼ਰੀ ਨੇ ਬਚਪਨ ਚੇਤੇ ਕਰਾ ਦਿੱਤਾ।

ਹੁਣ ਤੱਕ ਵੀ ਇਸ ਪਛੜੇ ਇਲਾਕੇ ਵਿਚ ਵਿਦਿਅਕ ਅਦਾਰੇ ਘੱਟ ਹਨ। ਇਸ ਦੇ ਬਾਵਜੂਦ ਪਿੱਥੋਂ ਤੋਂ ਭਾਈ ਕਾਨ੍ਹ ਸਿੰਘ ਨਾਭਾ ਤੇ ਗੁਰਬਚਨ ਭੁੱਲਰ, ਭਦੌੜ ਤੋਂ ਦਵਿੰਦਰ ਸਤਿਆਰਥੀ, ਬਠਿੰਡੇ ਤੋਂ ਬਲਵੰਤ ਗਾਰਗੀ, ਜੈਤੋ ਤੋਂ ਗੁਰਦਿਆਲ ਸਿੰਘ ਨਾਵਲਿਸਟ, ਗਜ਼ਲ ਦੇ ਬਾਦਸ਼ਾਹ ਦੀਪਕ ਜੈਤੋਈ ਤੇ ਜੰਗ ਬਹਾਦਰ ਗੋਇਲ, ਲਾਲ ਲਾਜਪਤ ਰਾਏ ਦੇ ਢੁਡੀਕੇ ਤੋਂ ਕੱਕੇ ਰੇਤੇ ਦੀ ਕੁਝ ਫਾਸਲੇ ਤੋਂ ਖੁਸ਼ਬੂ ਲੈਣ ਵਾਲੇ ਜਸਵੰਤ ਸਿੰਘ ਕੰਵਲ, ਸ਼ੇਰ ਸਿੰਘ ਕੰਵਲ, ਚਕਰ ਤੋਂ ਪ੍ਰਿੰਸੀਪਲ ਸਰਵਣ ਸਿੰਘ, ਪਾਕਿਸਤਾਨ ਨੂੰ ਜਾਣ ਵਾਲਾ ਪਰ ਰੂਹ ਨੂੰ ਇਧਰ ਛੱਡਣ ਵਾਲਾ ਕਵੀਸ਼ਰੀ ਦਾ ਧਨੀ ਬਾਬੂ ਰਜਬ ਅਲੀ, ਡਰਾਮਿਆਂ ਵਿਚ ਜਾਨ ਪਾਉਣ ਵਾਲਾ ਅਜਮੇਰ ਔਲਖ, ਚਰਚਾ ਅਧੀਨ ਰਹਿਣ ਵਾਲਾ ਅਜਮੇਰ ਸਿੰਘ ਮੰਡੀ ਕਲਾਂ, ਫਰੀਦਕੋਟ ਦੇ ਟਿੱਬਿਆਂ ਵਿਚ ਰਹਿਣ ਵਾਲਾ ਨਿੱਕੇ ਕੱਦ ਦਾ ਉਚੀ ਉਡਾਣ ਭਰਨ ਵਾਲਾ ਜੱਜ ਦਾ ਚਪੜਾਸੀ ਬਣਨ ਵਾਲਾ ਨਿੰਦਰ ਘੁਗਿਆਣਵੀ, ਸਾਹਿਤਕ ਉਡਾਰੀ ਮਾਰਨ ਵਾਲੇ ਬਲਦੇਵ ਸਿੰਘ ਸੜਕਨਾਮਾ ਅਤੇ ਸ਼ਿਵਚਰਨ ਕੁੱਸਾ ਸਾਦਗੀ ਭਰਪੂਰ ਪਰ ਦਿਲ ਨੂੰ ਟੁੰਬਦੀ ਤੇ ਨਵੀਂ ਨਰੋਈ ਸਾਹਿਤਕ ਕਥਾ ਦੇ ਮਾਲਕ ਹਨ।

ਪੱਤਰਕਾਰੀ ਵਿਚ ਬਹੁਤ ਘੱਟ ਚਰਚਿਤ ਪਰ ਬਹੁਤ ਸਾਊ ਅਤੇ ਸਮਝਦਾਰ ਦਲਜੀਤ ਸਿੰਘ ਸਰਾਂ ਮਾਨਸਾ ਨੇੜਲੇ ਪਿੰਡ ਤੋਂ ਹੈ। ਮੈਨੂੰ ਬਹੁਤ ਪਿਆਰਾ ਸਿਰੜੀ ਅਣਥੱਕ ਪੰਜਾਬ ਟਾਈਮਜ਼ ਦਾ ਮੋਢੀ ਸੰਪਾਦਕ ਅਮੋਲਕ ਸਿੰਘ ਜੰਮੂ ਸਿਰਸਾ ਨੇੜੇ ਪਿੰਡ ਕੁੱਤੀਵੱਢ ਜਨਮ ਲੈ ਕੇ ਕੱਕੇ ਰੇਤੇ ਨਾਲ ਖੇਡਿਆ ਹੈ। ਉਸ ਨੂੰ ਬਹੁਤ ਭਿਆਨਕ ਬਿਮਾਰੀ ਵੀ ਡਰਾ ਨਹੀਂ ਸਕੀ।

ਰੰਗਮੰਚ ਦੀ ਦੁਨੀਆ ਵਿਚ ਗਿਦੜਬਾਹੇ ਦੇ ਟਿੱਬਿਆਂ ਵਿਚ ਖੇਡਿਆ, ਹੱਡਾਂ ਦਾ ਨਰੋਆ ਅਤੇ ਮਾਂ ਦਾ ਮਰਜਾਣਾ ਗੁਰਦਾਸ ਮਾਨ ਤਾਰੀਫ਼ ਦਾ ਪਾਤਰ ਹੈ। ਸਿੱਧੂ ਮੂਸੇਵਾਲਾ ਕੱਕੇ ਰੇਤੇ ਦਾ ਹੋਣਹਾਰ ਪੁੱਤਰ ਬਹੁਤ ਛੇਤੀ ਆਪਣੇ ਪ੍ਰਸ਼ੰਸਕਾਂ ਨੂੰ ਰੋਂਦੇ ਕੁਰਲਾਉਂਦੇ ਛੱਡ ਗਿਆ। ਮਰਹੂਮ ਮਿਹਰ ਮਿੱਤਲ ਅਤੇ ਹੁਣ-ਹੁਣੇ ਪਦਮਸ੍ਰੀ ਪ੍ਰਾਪਤ ਕਰਨ ਵਾਲੀ ਖਰਵੇਂ ਪਰ ਨਿਧੜਕ ਸ਼ਬਦਾਂ ਵਾਲੀ ਨਿਰਮਲ ਰਿਸ਼ੀ ਮਾਨਸਾ ਬੁਢਲਾਡੇ ਦੇ ਜੰਮਪਲ ਹਨ। ਇਕ-ਦੋ ਵਾਰ ਗੁਰਬਚਨ ਸਿੰਘ ਭੁੱਲਰ ਨੇ ਕੁਝ ਮਨੁੱਖਾਂ ਨੂੰ ਮਾਨਵ ਤੋਂ ਦੇਵਤਾਈ ਵਿਚ ਕਦਮ ਰੱਖਣ ਵਾਲਿਆਂ ਦਾ ਜ਼ਿਕਰ ਕੀਤਾ ਹੈ। ਇਹ ਸੱਜਣ ਇਲਾਕੇ ਦੇ ਹੁਸਨ ਨੂੰ ਨਵਾਂ ਨਰੋਆ ਰੱਖ ਰਹੇ ਹਨ। ਗੁਰੂ ਸਾਹਿਬਾਨ ਨੂੰ ਪਰਮਾਤਮਾ ਦੀ ਬਖ਼ਸ਼ੀ ਮਿਹਰ ਦੀ ਨਜ਼ਰ ਇਸ ਖਿੱਤੇ ਨੂੰ ਪ੍ਰਾਪਤ ਹੈ। ਇਸੇ ਕਰਕੇ ਮੁਗ਼ਲ ਅਤਿਆਚਾਰ ਦਾ ਪਰਛਾਵਾਂ ਇਸ ਇਲਾਕੇ ਉਪਰ ਨਹੀਂ ਪਿਆ ਅਤੇ ਬੰਦੇ ਬਹਾਦਰ ਨੂੰ ਆਪਣੀ ਲਾਸਾਨੀ ਮੁਹਿੰਮ ਦੌਰਾਨ ਇਧਰ ਆਉਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ।

ਗੁਰਬਚਨ ਜਗਤ ਟ੍ਰਿਬਿਊਨ ਦੇ ਟਰੱਸਟੀ ਹਨ। ਉਹ ਬਹੁਤ ਸੂਝਵਾਨ ਅਤੇ ਬਹੁਤ ਠਰੰਮੇ ਵਾਲੇ ਸੀਨੀਅਰ ਪੁਲਿਸ ਅਫਸਰ ਰਹੇ ਹਨ। ਬਠਿੰਡੇ ਦੇ ਐੱਸ.ਐੱਸ.ਪੀ. ਰਹੇ ਗੁਰਬਚਨ ਜਗਤ ਦੇ ਕੁਝ ਸ਼ਬਦ ਲਿਖਣਾ ਕੁਥਾਂ ਨਹੀਂ ਹੋਵੇਗਾ। ਉਹ ਕਹਿੰਦੇ ਹਨ ਕਿ ਸ਼ੁਰੂ-ਸ਼ੁਰੂ ਵਿਚ ਇਲਾਕੇ ਦੀ ਖਰਵੀਂ ਬੋਲੀ ਮੈਨੂੰ ਕੁਝ ਅਜੀਬ ਲੱਗੀ, ਜਿਵੇਂ ਗਰਦਨ ਨੂੰ ਧੌਣ, ਸਭ ਉਮਰ ਦੀਆਂ ਇਸਤਰੀਆਂ ਨੂੰ ਬੁੜ੍ਹੀਆਂ, ਘੜੇ ਨੂੰ ਤੌੜਾ, ਪਿੱਤਲ ਦੇ ਭਾਂਡਿਆਂ ਨੂੰ ਕੌਲ ਅਤੇ ਹੋਰ ਸ਼ਬਦ ਬਾਟੀ, ਛੰਨਾ, ਦੋਹਣਾ ਆਦਿ ਪਰ ਫਿਰ ਚੰਗੀ ਲੱਗਣ ਲੱਗ ਪਈ। ਇਕ ਦਿਨ ਉਸ ਨੂੰ ਕਿਸੇ ਪਿੰਡ ਵਿਚ ਕਤਲ ਹੋਣ ਦੀ ਇਤਲਾਹ ਮਿਲੀ। ਉਸ ਨੇ ਹੁਕਮ ਕੀਤਾ ਕਿ ਛੇਤੀ ਤੋਂ ਛੇਤੀ ਮੁਲਜ਼ਮ ਗ੍ਰਿਫ਼ਤਾਰ ਕੀਤਾ ਜਾਵੇ। ਜਗਤ ਜੀ ਨੂੰ ਅਤਿਅੰਤ ਹੈਰਾਨੀ ਹੋਈ ਜਦੋਂ ਸੋਹਣਾ ਸੁਨੱਖਾ ਸਾਦਗੀ ਦਾ ਪੁੰਜ ਅਤੇ ਜੁਆਨੀ ਦੀ ਪਹਿਲੀ ਦਹਿਲੀਜ਼ 'ਤੇ ਚੜ੍ਹਿਆ ਮੁੰਡਾ ਆਪ ਪੇਸ਼ ਹੋ ਗਿਆ ਅਤੇ ਬਗੈਰ ਝਿਜਕ ਕਹਿਣ ਲੱਗਾ, "ਮੇਰੀ ਮਾਂ ਨੇ ਮੈਨੂੰ ਨਿੱਕੀ ਉਮਰ ਤੋਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ- ਪੁੱਤ ਮੇਰੇ ਦੁੱਧ ਦੀ ਲਾਜ ਰੱਖੀਂ, ਇਸ ਬੰਦੇ ਨੇ ਤੇਰੇ ਬਾਪ ਨੂੰ ਮਰਵਾਇਆ ਸੀ, ਜਦੋਂ ਤਕੜਾ ਹੋ ਗਿਆ, ਇਸ ਨੂੰ ਬਖ਼ਸ਼ੀ ਨਾ! ਸੋ ਜਦੋਂ ਮੌਕਾ ਮਿਲਿਆ, ਮੈਂ ਉਸ ਨੂੰ ਠੋਕ ਦਿੱਤਾ ਅਤੇ ਮਾਂ ਦੇ ਦੁੱਧ ਦੀ ਲਾਜ ਰੱਖ ਲਈ। ਤੁਸੀਂ ਜੋ ਮਰਜ਼ੀ ਹੈ, ਸਜ਼ਾ ਦਿਓ।" ਉਸ ਮੁੰਡੇ ਦੇ ਬਹੁਤ ਵੱਡੇ ਅਪਰਾਧ ਨੂੰ ਦੇਖ ਕੇ ਵੀ ਗੁਰਬਚਨ ਜਗਤ ਨੂੰ ਉਸਦੀ ਸਾਦਗੀ ਭਾਅ ਗਈ। ਉਹ ਲਿਖਦੇ ਹਨ ਕਿ ਉਨ੍ਹਾਂ ਦੀ ਨਿਯੁਕਤੀ ਦੌਰਾਨ ਕੋਈ ਵੀ ਆਦਮੀ ਝੂਠੀ ਅਤੇ ਗ਼ਲਤ ਸਿਫਾਰਸ਼ ਲੈ ਕੇ ਉਨ੍ਹਾਂ ਨੂੰ ਮਿਲਣ ਨਹੀਂ ਆਇਆ। ਬਠਿੰਡੇ ਜ਼ਿਲ੍ਹੇ ਦੀ ਨਿਯੁਕਤੀ ਉਨ੍ਹਾਂ ਲਈ ਜ਼ਿੰਦਗੀ ਦਾ ਸੁਹਾਣਾ ਸਫ਼ਰ ਸੀ।

ਅਜੀਬ ਇਤਫਾਕ ਹੈ ਕਿ ਵੱਖ-ਵੱਖ ਸਮੇਂ ਦੌਰਾਨ ਤਿੰਨ ਵੱਖਰੇ-ਵੱਖਰੇ ਆਦਮੀ ਆਪੋ-ਆਪਣੀ ਕਿਸਮਤ ਅਨੁਸਾਰ ਇਸ ਰੇਤਲੀ ਧਰਤੀ ਉੱਪਰ ਆਪਣਾ ਨਾਮ ਲਿਖ ਗਏ। 1842 ਵਿਚ ਸਿੱਖਾਂ ਦੀ ਅੰਗਰੇਜ਼ਾਂ ਖਿਲਾਫ਼ ਲੜਾਈ ਵਿਚ ਸ਼ਾਮ ਸਿੰਘ ਅਟਾਰੀ, ਅੰਗਰੇਜ਼ ਜਰਨੈਲ ਸ਼ਾਇਦ ਟੁੰਡਾ ਲਾਟ ਅਤੇ ਪਹਾੜਾ ਸਿੰਘ।

1984 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਫੌਜੀ ਹਮਲੇ ਵੇਲੇ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਜੋ ਦਰਦਨਾਕ ਮੰਜ਼ਰ ਵਿਚ ਆਪਣੀ ਬੇਵਸੀ ਨੂੰ ਮਹਿਸੂਸ ਕਰਦੇ ਲੰਮੀ ਛੁੱਟੀ 'ਤੇ ਚਲੇ ਗਏ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜੋ ਸ਼ਹੀਦੀ ਪਾ ਗਏ ਅਤੇ ਜਰਨਲ ਕੁਲਦੀਪ ਸਿੰਘ ਬਰਾੜ, ਇਹ ਤਿੰਨੇ ਬਰਾੜ ਨੇੜੇ-ਨੇੜੇ ਦੇ ਪਿੰਡਾਂ ਦੇ ਵਸਨੀਕ ਰਹੇ ਹਨ। ਗੁਰਦੇਵ ਸਿੰਘ ਘਣੀਆਂ, ਸੰਤ ਜਰਨੈਲ ਸਿੰਘ ਰੋਡੇ ਅਤੇ ਜਰਨਲ ਬਰਾੜ ਪੱਤੋ ਹੀਰਾ ਸਿੰਘ। ਇਹ ਰੇਤਲੇ ਇਲਾਕੇ ਵਿਚ ਦੀਨਾ ਕਾਂਗੜ ਤੋਂ ਬਹੁਤੀ ਦੂਰ ਨਹੀਂ।

ਪੰਜਾਬੀ ਸੂਬੇ ਵਿਚ ਤਿੰਨ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਫ਼ਰੀਦਕੋਟ ਨੇੜੇ ਸਿਧਵਾਂ, ਹਰਚਰਨ ਸਿੰਘ ਮੁਕਤਸਰ ਅਤੇ ਪ੍ਰਕਾਸ਼ ਸਿੰਘ ਪਿੰਡ ਬਾਦਲ, ਇਹ ਸਾਰੇ ਰੇਤਲੇ ਟਿੱਬਿਆਂ ਵਿਚ ਹੀ ਖੇਡਦੇ ਰਹੇ। ਇਨ੍ਹਾਂ ਸਭ ਉਘੀਆਂ ਸ਼ਖ਼ਸੀਅਤਾਂ ਨੇ ਪੰਜਾਬ ਦੇ ਭਵਿੱਖ ਲਈ ਕਿਹੋ ਜਿਹੀ ਜ਼ਿੰਮੇਵਾਰੀ

***(ਬਾਕੀ ਅਗਲੇ ਸਫੇ 'ਤੇ)***

# ਸੌਖਾ ਨਹੀਂ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਣਨ ਦਾ ਸਫ਼ਰ

ਦੁਨੀਆ ਵਿਚ ਇਸ ਸਮੇਂ ਸੰਯੁਕਤ ਰਾਸ਼ਟਰ ਸੰਘ ਅਨੁਸਾਰ ਗਿਆਰਾਂ ਦੇਸ਼, ਵਿਕਸਤ ਦੇਸ਼ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਯੂਰਪੀ ਦੇਸ਼ ਹਨ, ਜਿਹੜੇ ਉਦਯੋਗਿਕ ਰੂਪ 'ਚ ਵਿਕਸਤ ਹਨ। ਭਾਰਤ ਨੇ ਜੇਕਰ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਬਣਨਾ ਹੈ ਤਾਂ ਉਸਨੂੰ ਔਖਾ ਸਫ਼ਰ ਤੈਅ ਕਰਨਾ ਹੋਵੇਗਾ।

ਭਾਰਤ ਨੇ 2047 ਤੱਕ ਵਿਕਸਤ ਦੇਸ਼ ਬਣਨ ਦਾ ਸੰਕਲਪ ਲਿਆ ਹੈ। ਮੌਜੂਦਾ ਚੋਣਾਂ 'ਚ ਵੀ ਹਾਕਮ ਧਿਰ ਭਾਜਪਾ ਵਿਕਸਤ ਦੇਸ਼ ਦੇ ਸੰਕਲਪ ਨੂੰ ਇੱਕ ਨਾਹਰੇ ਵਜੋਂ ਵਰਤ ਰਹੀ ਹੈ। ਜੇਕਰ ਭਾਰਤ ਨੇ 2047 ਤੱਕ ਵਿਕਸਤ ਦੇਸ਼ ਦਾ 'ਖਿਤਾਬ' ਪ੍ਰਾਪਤ ਕਰਨਾ ਹੈ ਤਾਂ ਉਸਨੂੰ ਲਗਾਤਾਰ 8 ਫੀਸਦੀ ਤੋਂ 9 ਫੀਸਦੀ ਸਾਲਾਨਾ ਵਿਕਾਸ ਦਰ ਪ੍ਰਾਪਤ ਕਰਨੀ ਪਵੇਗੀ। 10 ਅਪ੍ਰੈਲ 2024 ਨੂੰ ਏਸ਼ਿਆਈ ਵਿਕਾਸ ਬੈਂਕ ਨੇ ਸਾਲ 2024-25 ਲਈ ਭਾਰਤ ਦੀ ਜੀਡੀਪੀ ਦਰ 7 ਫੀਸਦੀ ਦਾ ਅਨੁਮਾਨ ਦਿੱਤਾ ਹੈ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਤਾਂ ਫਿਰ ਕਿਵੇਂ ਆਉਂਦੇ 23 ਸਾਲਾਂ 'ਚ ਭਾਰਤ ਆਪਣੀ ਪ੍ਰਤੀ ਜੀਅ ਔਸਤ ਸਾਲਾਨਾ ਆਮਦਨ 2600 ਡਾਲਰ ਤੋਂ ਵਧਾ ਕੇ 12000 ਡਾਲਰ ਕਰੇਗਾ? ਭਾਰਤ ਨੂੰ ਆਰਥਿਕ ਸੁਧਾਰਾਂ ਦੀ ਲੋੜ ਹੈ। ਭਾਰਤ ਨੂੰ ਖੇਤੀ ਅਤੇ ਮਜ਼ਦੂਰੀ ਸੁਧਾਰਾਂ 'ਚ ਅੱਗੇ ਵਧਣਾ ਹੋਏਗਾ। ਭਾਰਤ ਨੂੰ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ ਪਵੇਗਾ। ਭਾਰਤ ਵਿਚ ਸੰਸਕ੍ਰਿਤ ਅਤੇ ਰਾਸ਼ਟਰੀ ਵਿਕਾਸ ਦੇ ਮੁੱਲ ਸਥਾਪਤ ਕਰਨੇ ਹੋਣਗੇ। ਭਾਰਤ ਨੂੰ ਸਿੱਖਿਆ, ਸਿਹਤ ਦੇ ਖੇਤਰਾਂ 'ਚ ਗੁਣਾਂ ਪੱਖੋਂ ਪੈੜਾਂ ਪਾਉਣੀਆਂ ਪੈਣਗੀਆਂ ਅਤੇ ਸਭ ਤੋਂ ਵੱਧ ਇਹ ਕਿ ਉਸ ਨੂੰ ਦੇਸ਼ 'ਚੋਂ ਗਰੀਬੀ, ਭ੍ਰਿਸ਼ਟਾਚਾਰ ਖ਼ਤਮ ਕਰ ਕੇ ਸਿਆਸੀ ਸਥਿਰਤਾ ਨਾਲ ਅੱਗੇ ਕਦਮ ਪੁੱਟਣੇ ਹੋਣਗੇ। ਪਰ ਕੀ ਇਸ ਸਮੇਂ, ਦੇਸ਼ ਦੇ ਮੌਜੂਦਾ ਹਾਲਤਾਂ ਵਿਚ "ਦੇਸ਼ ਭਾਰਤ" ਇਹ ਚੁਣੌਤੀਆਂ ਪ੍ਰਵਾਨ ਕਰਨ ਲਈ ਤਿਆਰ ਹੈ?

ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਕੀਤੀ ਗਈ ਮਾਨਵ ਵਿਕਾਸ ਸੂਚਾਂਕ (ਐਮਡੀ ਆਈ) ਰਿਪੋਰਟ ਅਨੁਸਾਰ ਭਾਰਤ 193 ਦੇਸ਼ਾਂ ਵਿਚੋਂ 134ਵੇਂ ਥਾਂ ਹੈ। ਵਿਸ਼ਵ ਖੁਸ਼ਹਾਲੀ ਰਿਪੋਰਟ 2024 'ਚ ਭਾਰਤ ਨੂੰ 143 ਦੇਸ਼ਾਂ ਵਿਚੋਂ 126ਵਾਂ ਥਾਂ ਮਿਲਿਆ ਹੈ। ਜੀਡੀਪੀ ਦੇ ਅਨੁਪਾਤ ਵਿਚ ਦੇਸ਼ ਦਾ ਖੋਜ ਅਤੇ ਵਿਕਾਸ ਖੇਤਰ ਵਿਚ ਕੁਲ ਖਰਚ ਕੇਵਲ 0.64 ਫੀਸਦੀ ਹੈ ਜਦਕਿ ਵਿਸ਼ਵ ਪੱਧਰ 'ਤੇ ਇਹ ਅਨੁਪਾਤ 2.71 ਹੈ, ਜੋ ਕਿ ਵਿਸ਼ਵ ਪੱਧਰ 'ਤੇ ਕਾਫੀ ਘੱਟ ਹੈ। ਭਾਵੇਂ ਭਾਰਤ ਇਸ ਸਮੇਂ ਜੀਡੀਪੀ ਦੇ ਮੱਦੇਨਜ਼ਰ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਭਾਰਤ ਤੋਂ ਅੱਗੇ ਅਮਰੀਕਾ, ਚੀਨ, ਜਰਮਨ ਤੇ ਜਪਾਨ ਹਨ, ਪਰ ਦੇਸ਼ 'ਚ ਭੁੱਖਮਰੀ ਦੀ ਹਾਲਤ ਚਿੰਤਾਜਨਕ ਹੈ।

ਵਰਲਡ ਪਾਵਰਟੀ ਇੰਡੈਕਸ ਅਨੁਸਾਰ ਭੁੱਖਮਰੀ 'ਚ ਭਾਰਤ 125 ਦੇਸ਼ਾਂ ਵਿਚੋਂ 111ਵੇਂ ਸਥਾਨ 'ਤੇ ਹੈ। ਲੀਗ ਆਫ਼ ਨੇਸ਼ਨਜ਼ ਦੇ ਦੇਸ਼ਾਂ ਵਿਚ ਪ੍ਰਤੀ ਜੀਅ ਆਮਦਨ ਦੇ ਮਾਮਲੇ 'ਚ ਭਾਰਤ ਦੀ ਥਾਂ 139ਵੀਂ ਹੈ ਅਤੇ ਇਹ ਬਰਿਕਸ ਅਤੇ ਜੀ-20 ਦੇਸ਼ਾਂ 'ਚ ਇਸ ਮਾਮਲੇ 'ਚ ਫਾਡੀ ਹੈ।

ਭਾਵੇਂ ਕਿਹਾ ਇਹ ਵੀ ਜਾ ਰਿਹਾ ਹੈ ਕਿ ਪਿਛਲੇ ਦਹਾਕੇ 'ਚ ਗਰੀਬਾਂ ਦੀ ਗਿਣਤੀ 'ਚ ਭਾਰਤ 'ਚ ਕਮੀ ਆਈ ਹੈ ਅਤੇ ਇਕ ਰਿਪੋਰਟ ਅਨੁਸਾਰ ਭਾਰਤ 'ਚੋਂ 15 ਕਰੋੜ ਗਰੀਬ ਘਟੇ ਹਨ, ਪਰ 80 ਕਰੋੜ ਤੋਂ ਵੱਧ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਆਖ਼ਿਰ ਕੀ ਦਰਸਾਉਂਦਾ ਹੈ? ਕੀ ਇਹ ਭਾਰਤ ਦੇਸ਼ ਦੀ ਤਰੱਕੀ ਦਾ ਚਿੰਨ੍ਹ ਹੈ ਕਿ 19 ਕਰੋੜ ਤੋਂ ਵੱਧ ਔਰਤਾਂ ਸਸ਼ਕਤੀਕਰਨ ਦੇ ਮੌਕੇ ਦੀ ਭਾਲ ਵਿਚ ਹਨ, ਪਰ ਘਰੀਂ ਬੇਕਾਰ ਬੈਠੀਆਂ ਹਨ।

ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ ਵਿੱਤੀ ਅਤੇ ਬੁਨਿਆਦੀ ਸੁਧਾਰਾਂ 'ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ-ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਊਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ 'ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ 'ਤੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ 'ਚ ਸਿਆਸੀ ਸਥਿਰਤਾ, ਵਿਕਾਸ ਨੂੰ ਹੁਲਾਰਾ ਦੇਣ 'ਚ ਸਹਾਈ ਹੁੰਦੀ ਹੈ।

ਇਸ ਸਮੇਂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਭਾਰਤੀ ਅਰਥ ਵਿਵਸਥਾ ਬਾਹਰੀ ਝਟਕਿਆਂ ਨੂੰ ਸਹਿਣਯੋਗ ਹੋਈ ਹੈ? ਕਿਉਂਕਿ ਬਾਹਰੀ ਝਟਕਿਆਂ ਤੋਂ ਉਭਾਰ ਹੀ ਕਿਸੇ ਦੇਸ਼ ਦੇ ਟਿਕਾਓ ਵਿਕਾਸ ਲਈ ਸਹਾਈ ਹੁੰਦਾ ਹੈ। ਬਿਨਾਂ ਸ਼ੱਕ ਤੇਜ਼ੀ ਨਾਲ ਵਧਦੇ ਭਾਰਤੀ ਬਾਜ਼ਾਰ ਕਾਰਨ ਭਾਰਤ ਦੇ ਮੁਕਤ ਵਪਾਰ ਸਮਝੌਤੇ (ਐਫਟੀਏ) ਵਧ ਰਹੇ ਹਨ। ਪ੍ਰਵਾਸੀ ਭਾਰਤੀ ਲਗਾਤਾਰ ਬਾਹਰੋਂ ਧੰਨ ਭੇਜ ਰਹੇ ਹਨ, ਆਰਥਿਕ ਵਿਕਾਸ ਨੂੰ ਵੀ ਗਤੀ ਮਿਲ ਰਹੀ ਹੈ, ਪਰ ਦੇਸ਼ ਦੀ ਜੀਡੀਪੀ ਵਧਾਉਣ ਦੇ ਨਾਲ ਨਾਲ ਕੀ ਪ੍ਰਤੀ ਜੀਅ ਆਮਦਨ ਅਤੇ ਆਮ ਆਦਮੀ ਦੀ ਖੁਸ਼ਹਾਲੀ ਉਤੇ ਇਸ ਦਾ ਅਸਰ ਪੈ ਰਿਹਾ ਹੈ?

ਕੁਝ ਤੱਥ ਵਿਚਾਰਨ ਯੋਗ ਹਨ। ਕੌਮੀ ਸਿਹਤ ਅਥਾਰਿਟੀ ਦਾ ਪੋਰਟਲ ਖੁਦ ਇਹ ਮੰਨਦਾ ਹੈ ਕਿ ਹਰੇਕ ਸਾਲ ਸਿਹਤ 'ਤੇ ਵਧ ਰਿਹਾ ਖ਼ਰਚ ਤਕਰੀਬਨ ਛੇ ਕਰੋੜ ਭਾਰਤੀਆਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ।

ਦੂਜਾ ਕਿਸਾਨਾਂ ਦੀਆਂ ਕਈ ਪੀੜ੍ਹੀਆਂ ਨੂੰ ਮੈਕਰੋ/ ਵਿਆਪਕ ਅਰਥਚਾਰੇ ਦੇ ਮਿਆਦ ਪੁਗਾ ਚੁੱਕੇ ਢਾਂਚੇ ਕਾਰਨ ਗਰੀਬੀ ਭੋਗਣੀ ਪੈ ਰਹੀ ਹੈ।




ਆਮਦਨ ਵਿਚ ਖੜੋਤ ਦਿਖਾਈ ਦੇ ਰਹੀ ਹੈ।

ਦਿਹਾਤੀ ਉਜਰਤਾਂ ਪਿਛਲੇ 10 ਸਾਲਾਂ 'ਚ ਲਗਭਗ ਨਾਂਹ ਦੇ ਬਰਾਬਰ ਵਧੀਆਂ ਹਨ, ਜਿਸ ਕਾਰਨ ਲੋਕ ਗੈਰ-ਜ਼ਮਾਨਤੀ ਨਿੱਜੀ ਕਰਜ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਵਧ ਰਹੇ ਵਿੱਤੀ ਦਬਾਅ, ਬੈਂਕ ਕਰਜ਼ਿਆਂ ਦੀ ਲੋੜ ਪੈਦਾ ਕਰ ਰਹੇ ਹਨ। ਕਿਸਾਨ ਆਪਣੇ ਖੇਤ ਗਿਰਵੀ ਰੱਖ ਰਹੇ ਹਨ। ਇਹ ਸਿਰਫ਼ ਅਸਮਾਨ ਛੂੰਹਦੇ ਖੁਰਾਕੀ ਖਰਚਿਆਂ ਕਾਰਨ ਨਹੀਂ, ਸਗੋਂ ਸਿਹਤ, ਸਿੱਖਿਆ ਅਤੇ ਆਵਾਸ ਉਤੇ ਨਿਰੰਤਰ ਵਧੇ ਖ਼ਰਚਿਆਂ ਦਾ ਨਤੀਜਾ ਹਨ।

ਵਿਸ਼ਵ ਬੈਂਕ ਵਲੋਂ ਭਾਰਤ ਨੂੰ "ਲੋਅਰ ਮਿਡਲ ਇਨਕਮ ਗਰੁੱਪ" (ਹੇਠਲੇ ਮੱਧ ਆਮਦਨ ਗਰੁੱਪ) ਵਿਚ ਰੱਖਿਆ ਗਿਆ ਹੈ, ਜਿਸ ਦੀ ਪ੍ਰਤੀ ਨਿਵਾਸੀ ਔਸਤ ਆਮਦਨ ਘੱਟ ਹੈ ਅਤੇ ਵਧੀਆ ਸਿਹਤ ਸੇਵਾਵਾਂ ਅਤੇ ਉੱਚ ਸਿੱਖਿਆ ਦੀ ਪਹੁੰਚ ਅਤਿ ਸੀਮਤ ਹੈ। ਇਥੋਂ ਦੀ ਸਾਖਰਤਾ ਦਰ ਵਿਕਸਤ ਦੇਸ਼ ਦੇ ਮੁਕਾਬਲੇ ਘੱਟ ਹੈ ਅਤੇ ਦੇਸ਼ ਉਦਯੋਗਿਕ ਖੇਤਰ ਤੋਂ ਉਤਨਾ ਮਾਲੀਆ ਪੈਦਾ ਨਹੀਂ ਕਰਦਾ ਜਿੰਨਾ ਸੇਵਾ ਖੇਤਰ ਤੋਂ ਕਰਦਾ ਹੈ।

ਵਿਕਸਤ ਦੇਸ਼ ਅਰਥਾਤ ਉਦਯੋਗਿਕ ਦੇਸ਼ ਉਹ ਗਿਣੇ ਜਾਂਦੇ ਹਨ, ਜਿਨ੍ਹਾਂ ਦੀ ਉੱਚੀ ਵਿਕਾਸ ਦਰ ਹੈ। ਜਿੱਥੇ ਅਧਿਕ ਵਿਕਸਤ ਲੋਕਤੰਤਰ ਹੈ ਅਤੇ ਜਿਹੜਾ ਸਭ ਤੋਂ ਵੱਧ ਇਨਸਾਫ਼ ਪਸੰਦ ਹੈ। ਇਸ ਸ਼੍ਰੇਣੀ ਵਿਚ ਦੁਨੀਆ ਦਾ ਸਭ ਤੋਂ ਪਹਿਲਾ ਦੇਸ਼ ਨਾਰਵੇ ਹੈ, ਜਿਸਨੂੰ ਲੋਕਤੰਤਰੀ ਕਦਰਾਂ-ਕੀਮਤਾਂ ਵਾਲਾ ਨਿਆਂਇਕ ਦੇਸ਼ ਮੰਨਿਆ ਜਾਂਦਾ ਹੈ। ਅਮਰੀਕਾ, ਬਰਤਾਨੀਆ, ਜਪਾਨ, ਜਰਮਨੀ, ਕੈਨੇਡਾ, ਫਰਾਂਸ, ਰੂਸ, ਆਸਟਰੇਲੀਆ, ਇਟਲੀ, ਸਵੀਡਨ ਅਤੇ ਸਵਿੱਟਜ਼ਰਲੈਂਡ ਵੀ ਇਸੇ ਸ਼੍ਰੇਣੀ ਦੇ ਭਾਵ ਵਿਕਸਤ ਦੇਸ਼ ਹਨ।

ਭਾਵੇਂ ਆਈ ਐਮ ਐਫ ਦੇ ਅਨੁਸਾਰ ਭਾਰਤ ਦੀ ਇਸ ਵਕਤ ਜੀਡੀਪੀ 3.74 ਟ੍ਰਿਲੀਅਨ ਡਾਲਰ ਹੈ, ਪਰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਨਿਆਂਇਕ ਦੇਸ਼ ਪੱਖੋਂ ਇਸ ਦੇਸ਼ 'ਤੇ ਪਿਛਲੇ ਇਕ ਦਹਾਕੇ ਤੋਂ ਲਗਾਤਾਰ ਸਵਾਲ ਉਠ ਰਹੇ ਹਨ।

ਦੇਸ਼ ਵਿਸ਼ਵ ਗੁਰੂ ਦਾ ਲਕਬ ਵਰਤ ਰਿਹਾ ਹੈ, ਪਰ ਮਹਿੰਗਾਈ, ਬੇਰਜ਼ੁਗਾਰੀ, ਆਰਥਿਕ ਨਾਬਰਾਬਰੀ ਦਾ ਸ਼ਿਕੰਜਾ ਦੇਸ਼ ਉਤੇ ਸਿਖ਼ਰਾਂ ਦਾ ਹੈ। ਨਫ਼ਰਤੀ ਵਰਤਾਰੇ, ਨਫ਼ਰਤੀ ਭਾਸ਼ਨ, ਧਰਮ ਧਰੁਵੀਕਰਨ ਦੀ ਸਿਆਸਤ ਨੇ ਦੇਸ਼ ਦਾ ਨਾਂਅ, ਲੋਕਤੰਤਰੀ ਕਦਰਾਂ-ਕੀਮਤਾਂ 'ਚ ਧੁੰਦਲਾ ਕੀਤਾ ਹੈ। ਦੇਸ਼ 'ਚ ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਘੱਟ ਗਿਣਤੀਆਂ ਸਮੇਤ ਮੁਸਲਮਾਨਾਂ ਨਾਲ ਵਿਵਹਾਰ ਹਾਕਮਾਂ ਦੇ ਵੰਡ ਪਾਊ ਰਵੱਈਏ ਦੀ ਵੱਡੀ ਉਦਾਹਰਨ ਹਨ।

ਦੇਸ਼ ਵਿਚ ਜਿਸ ਢੰਗ ਨਾਲ ਫਿਰਕੂ ਨਫ਼ਰਤ, ਆਪਸੀ ਬੇਭਰੋਸਗੀ, ਸ਼ੱਕ-ਸ਼ੁਬਹਾ ਅਤੇ ਜ਼ਹਿਰ ਵਧ ਰਿਹਾ ਹੈ, ਉਹ ਕਿਸੇ ਵੀ ਨਿਆਂਇਕ ਮੁਲਕ ਵਿਚ ਤਰਕ ਸੰਗਤ ਨਹੀਂ, ਸਗੋਂ ਅਨਿਆਂ ਹੈ, ਬੇਇਨਸਾਫੀ ਹੈ।

ਦੇਸ਼ ਵਿਚ ਬਦਲਦੀਆਂ ਡਿਕਟੇਟਰਾਨਾ ਸਮੀਕਰਨਾਂ ਕਾਰਨ ਨਵੀਆਂ ਸਮੱਸਿਆਵਾਂ, ਮੁੱਦੇ ਅਤੇ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਹਨ। ਇਹ ਪ੍ਰਸਥਿਤੀਆਂ ਚਿੰਤਾਜਨਕ ਹਨ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਵਿਕਸਤ ਦੇਸ਼ ਦਾ ਪੈਂਡਾ ਤੈਅ ਕਰਨ ਲਈ ਵੱਡੀ ਰੁਕਾਵਟ ਹਨ। ਦੇਸ਼ 'ਚ ਘੱਟ ਗਿਣਤੀਆਂ ਨੂੰ ਮਨ ਤੋਂ ਹੀ ਦੋ ਨੰਬਰ ਦੇ ਸ਼ਹਿਰੀ ਗਰਦਾਨ ਦੇਣਾ, ਗਰੀਬ ਗੁਰਬਿਆਂ ਦੀ ਸਾਰ ਨਾ ਲੈ ਕੇ ਧੰਨ ਕੁਬੇਰਾਂ ਦਾ ਪੱਖ ਪੂਰਨਾ, ਦੇਸ਼ ਦੀ ਕੁਦਰਤੀ ਅਤੇ ਸਰਕਾਰੀ ਸੰਪਤੀ ਕਾਰਪੋਰੇਟਾਂ ਹੱਥ ਸੌਂਪ ਕੇ ਦੇਸ਼ 'ਚ ਆਮ ਲੋਕਾਂ ਦੀ ਲੁੱਟ ਅਤੇ ਆਰਥਿਕ ਨਾ-ਬਰਾਬਰੀ ਦਾ ਰਾਹ ਪੱਧਰਾ ਕਰਨਾ, ਵਿਕਸਤ ਦੇਸ਼ ਵੱਲ ਵਧਣ ਵਾਲੇ ਕਦਮ 'ਚ ਜ਼ੰਜੀਰ ਪਾਉਣ ਸਮਾਨ ਹੈ।

ਬਿਨਾਂ ਸ਼ੱਕ ਦੇਸ਼ ਦੇ ਵਿਗਿਆਨੀਆਂ ਵਲੋਂ ਪੁਲਾੜੀ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ, ਆਰਟੀਫੀਸ਼ੀਅਲ ਇੰਟੈਲੀਜੈਂਸ, ਸੈਮੀ ਕੰਡਕਟਰ, ਊਰਜਾ ਅਤੇ ਨਵੇਂ ਤਕਨੀਕੀ ਵਿਕਾਸ ਕਾਰਨ ਦੇਸ਼ ਭਾਰਤ ਨੂੰ ਆਰਥਿਕ ਵਿਕਾਸ ਦੀ ਗਤੀ ਮਿਲ ਰਹੀ ਹੈ, ਪਰ ਭਾਰਤ ਦੇ ਪਿਛਲੇ 75 ਵਰ੍ਹਿਆਂ ਦੀਆਂ ਪ੍ਰਾਪਤੀਆਂ ਸੰਤੋਸ਼ਜਨਕ ਨਹੀਂ ਰਹੀਆਂ।

ਇਨ੍ਹਾਂ ਸਾਲਾਂ 'ਚ ਜਨਸੰਖਿਆ ਵਧੀ ਹੈ, ਜਿਸਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਦੇਸ਼ ਦੀ ਅਰਥ ਵਿਵਸਥਾ ਸਿਰਫ ਖੇਤੀ 'ਤੇ ਹੀ ਨਿਰਭਰ ਰਹੀ ਹੈ, ਉਦਯੋਗ ਤੇ ਸੇਵਾ ਸੈਕਟਰ ਦਾ ਯੋਗਦਾਨ ਅਨੁਪਾਤਕ ਘੱਟ ਰਿਹਾ ਹੈ। ਇਨ੍ਹਾਂ ਸਾਲਾਂ 'ਚ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਟੈਕਨੌਲੌਜੀ ਵਰਤਣ 'ਚ ਅਸੀਂ ਪਿੱਛੇ ਰਹੇ ਹਾਂ। ਜ਼ਿੰਦਗੀ ਜੀਊਣ ਦੇ ਪੱਧਰ 'ਚ ਕੋਈ ਵਰਣਨਯੋਗ ਵਾਧਾ ਨਹੀਂ ਹੋਇਆ। ਸਾਡੇ ਪਿੰਡਾਂ ਦੇ ਲੱਖਾਂ ਲੋਕ ਹੁਣ ਵੀ ਹਰ ਰੋਜ਼ ਭੁੱਖੇ ਸੌਂਦੇ ਹਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ ਜਿਹੀਆਂ ਬੁਨਿਆਦੀ ਲੋੜਾਂ ਤੋਂ ਵਿਰਵੇ ਹਨ। ਸ਼ਹਿਰਾਂ 'ਚ ਕਚਰੇ ਦੇ ਢੇਰ ਹਨ, ਪਾਣੀ, ਬਿਜਲੀ ਦਾ ਸੰਕਟ ਹਰ ਵੇਲੇ ਮੰਡਰਾਉਂਦਾ ਹੈ।

ਸਭ ਤੋਂ ਵੱਡੀ ਤ੍ਰਾਸਦੀ ਤਾਂ ਇਹ ਹੈ ਕਿ ਜਿਨ੍ਹਾਂ ਸਿਆਸਤਦਾਨਾਂ ਨੇ ਦੇਸ਼ ਦੀ ਦਿੱਖ ਸੁਆਰਨੀ ਹੈ, ਲੋਕਾਂ ਲਈ ਸੁਵਿਧਾਵਾਂ ਦਾ ਪ੍ਰਬੰਧ ਕਰਨਾ ਹੈ, ਉਹ ਰਾਜ ਨੇਤਾ ਬੱਸ "ਮਾਈ ਬਾਪ" 'ਰਾਜੇ' ਬਣਨ ਵੱਲ ਤੁਰੇ ਹੋਏ ਹਨ।

ਵਿਕਸਤ ਦੇਸ਼ਾਂ ਦੇ ਲੋਕ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਦੀਆਂ ਮੰਗਾਂ ਤੇ ਵੋਟਾਂ ਦਿੰਦੇ ਹਨ, ਪਰ ਸਾਡੇ ਦੇਸ਼ ਦੇ ਲੋਕਾਂ ਨੂੰ "ਧਰਮ ਧਰੁਵੀਕਰਨ" ਦੀ ਰਾਜਨੀਤੀ ਨਾਲ ਹਾਕਮਾਂ ਨੇ ਉਲਝਾਇਆ ਹੋਇਆ ਹੈ। ਇਸ ਲਈ ਸੰਯੁਕਤ ਰਾਸ਼ਟਰ ਸੰਘ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ ਅਤੇ ਵਿਸ਼ਵ ਆਰਥਿਕ ਮੰਚ ਜਿਹੀਆਂ ਏਜੰਸੀਆਂ ਵਲੋਂ ਹੇਠਲੀ ਮੱਧ ਆਮਦਨ ਵਰਗ ਵਾਲੇ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਭਾਰਤ ਵਰਗੇ ਦੇਸ਼ ਲਈ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਦੀ ਲਕੀਰ ਨੂੰ ਲੰਘਣਾ ਸੌਖਾ ਨਹੀਂ।

ਇਸ ਵੇਲੇ ਭਾਰਤੀ ਲੋਕਤੰਤਰ ਨੂੰ ਜਨਸੰਖਿਆ, ਨਿਆਂ ਸਬੰਧੀ, ਲੋਕਤੰਤਰੀ ਕਦਰਾਂ-ਕੀਮਤਾਂ ਸਬੰਧੀ ਚੁਣੌਤੀਆਂ ਹਨ। ਭਾਰਤੀ ਲੋਕਤੰਤਰ ਬਣੇ ਰਹਿਣ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਇਸ ਆਸ 'ਚ ਬੈਠੇ ਹਨ ਕਿ ਉਨ੍ਹਾਂ ਨੂੰ ਨਿਰਪੱਖ ਤੌਰ 'ਤੇ ਵਿਗਸਣ ਦਾ ਮੌਕਾ ਮਿਲੇ ਅਤੇ ਉਨ੍ਹਾਂ ਉਤੇ ਕੁਝ ਵੀ ਜਬਰੀ ਨਾ ਥੋਪਿਆ ਜਾਵੇ, ਨਹੀਂ ਤਾਂ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਕਰਨਾ ਦੇਸ਼ ਲਈ ਔਖਾ ਹੋ ਜਾਏਗਾ।

---

*(ਪਿਛਲੇ ਸਫੇ ਦੀ ਬਾਕੀ)*

ਨਿਭਾਈ, ਮੈਨੂੰ ਦੱਸਣ ਦੀ ਲੋੜ ਨਹੀਂ। ਇਹ ਆਪੋ-ਆਪਣੇ ਕਰਮਾਂ ਦਾ ਸੰਦੜਾ ਖੇਤ ਬੀਜ ਗਏ ਹਨ। ਇਨ੍ਹਾਂ ਦੇ ਕੰਮ ਨੂੰ ਬੁਰਾ ਭਲਾ ਕਹਿਣਾ ਨਾ ਮੇਰੀ ਫਿਤਰਤ ਹੈ ਅਤੇ ਨਾ ਮੇਰੀ ਦਿਲਲਗੀ ਹੈ। ਕੁਝ ਦਿਨ ਪਹਿਲਾਂ ਹੀ ਉਮਰ ਦੇ ਨੱਬੇ ਸਾਲ ਪੂਰੇ ਕਰ ਕੇ ਮੌਜ ਮਨਾ ਰਿਹਾ ਹਾਂ। ਕਾਫ਼ੀ ਤਕਲੀਫ਼ਾਂ ਦੇ ਬਾਵਜੂਦ ਚੜ੍ਹਦੀ ਕਲਾ ਦਾ ਅਹਿਸਾਸ ਜੀਵਨ ਡਗਰੀਆਂ ਨੂੰ ਧੀਮੀ ਚਾਲ ਚਲਾ ਰਿਹਾ ਹੈ।

ਮੈਨੂੰ ਆਸ ਹੀ ਨਹੀਂ, ਪੂਰਨ ਵਿਸ਼ਵਾਸ ਹੈ ਕਿ ਇਨ੍ਹਾਂ ਰੇਤਲੇ ਰਾਹਾਂ ਦੇ ਰਾਹੀ ਦਾ ਪੋਤਾ ਪੜਪੋਤਾ ਜ਼ਰੂਰ ਪੈਦਾ ਹੋਵੇਗਾ ਜੋ ਮਹੱਤਵ ਵਾਲੇ ਇਸ ਇਲਾਕੇ ਤੋਂ ਉਠ ਕੇ ਪੰਜਾਬ ਦੀ ਡੁੱਬ ਰਹੀ ਬੇੜੀ ਨੂੰ ਕਿਸੇ ਤਣ ਪੱਤਣ ਲਾਵੇਗਾ।

ਜੇ ਭਾਈ ਕਾਨ੍ਹ ਸਿੰਘ ਸਾਧਾਰਨ ਪਰਿਵਾਰ ਵਿਚ ਜਨਮ ਲੈ ਕੇ ਗਿਆਨ ਦਾ ਸਾਗਰ ਬਣ ਸਕਦਾ ਹੈ ਤਾਂ ਕਿਸੇ ਹੋਰ ਉਪਰ ਵੀ ਪਰਮਾਤਮਾ ਦੀ ਕਿਰਪਾ ਨਾਲ ਮਹਾਨ ਹੋਣ ਦੀ ਮੋਹਰ ਲੱਗ ਸਕਦੀ ਹੈ। ਦੇਰ ਹੋ ਸਕਦੀ ਹੈ, ਹਨੇਰ ਜ਼ਰੂਰ ਖ਼ਤਮ ਹੋਵੇਗਾ।

ਸਿੱਧੀ ਸਾਦੀ ਬੋਲੀ ਵਿਚ ਲਿਖਿਆ ਇਹ ਲੇਖ ਸਮਾਪਤ ਕਰਨ ਤੋਂ ਪਹਿਲਾਂ ਬਚਪਨ ਦਾ ਕੱਕੇ ਰੇਤੇ ਦਾ ਇਸ਼ਕ, ਕੁਝ ਹੋਰ ਗੱਲਾਂ ਇਸ ਬਾਬਤ ਲਿਖਣ ਲਈ ਉਤਸ਼ਾਹਿਤ ਕਰ ਰਿਹਾ ਹੈ।

ਕੁਝ ਨਹਿਰੀ ਪਾਣੀ ਲੱਗਣ, ਕੁਝ ਟਿਊਬਵੈੱਲਾਂ ਦੀ ਬਹੁਤਾਤ ਅਤੇ ਕੁਝ ਮਕਾਨਾਂ ਦੀ ਉਸਾਰੀ ਕਰ ਕੇ ਖੇਤੀ ਵਾਲੀ ਜ਼ਮੀਨ ਤੋਂ ਰੇਤਾ ਗਾਇਬ ਹੋ ਰਿਹਾ ਹੈ। ਖੱਡਾਂ ਦਾ ਰੇਤਾ ਸਿਆਸਤ ਦਾ ਹਿੱਸਾ ਬਣ ਰਿਹਾ ਹੈ। ਪੰਜਾਬ ਵਿਚ ਰਿਸ਼ਵਤਖੋਰੀ ਅਤੇ ਬੇਈਮਾਨੀ ਇਸੇ ਦੇ ਦੁਆਲੇ ਘੁੰਮ ਰਹੀ ਹੈ।

ਪੰਜਾਬ ਤੋਂ ਬਾਹਰ ਮੈਂ ਪਹਿਲੀ ਵਾਰ 1976 ਵਿਚ ਗੋਆ ਘੁੰਮਣ ਗਿਆ। ਮੇਰੀ ਧੀ, ਪੁੱਤਰ ਅਤੇ ਪਤਨੀ ਉਥੋਂ ਦੀਆਂ ਬੀਚਾਂ ਦਾ ਨਜ਼ਾਰਾ ਪਾਣੀ ਅੰਦਰ ਪਹੁੰਚ ਕੇ ਕਰਦੇ ਸਨ ਪਰ ਮੈਂ ਬੀਚ ਦੇ ਰੇਤੇ ਨਾਲ ਹੀ ਖੇਡਦਾ ਸਾਂ। ਇਸ ਰੇਤੇ ਨੇ ਮੇਰੇ ਸਿੱਧੇ ਸਾਦੇ ਲੋਕਾਂ ਦੀ ਯਾਦ ਕਰਾ ਦਿੱਤੀ। ਦੋ-ਤਿੰਨ ਸਾਧਾਰਨ ਜਿਹੀਆਂ ਘਟਨਾਵਾਂ ਨੇ ਦਰਸਾ ਦਿੱਤਾ ਕਿ ਘੱਟੋ-ਘੱਟ ਉਸ ਵੇਲੇ ਗੋਆ ਦੇ ਲੋਕ ਬਾਕੀ ਭਾਰਤ ਦੇ ਲੋਕਾਂ ਨਾਲੋਂ ਜ਼ਿਆਦਾ ਇਮਾਨਦਾਰ ਸਨ। ਰਿਸ਼ਵਤਖੋਰੀ ਨੂੰ ਜਾਣਦੇ ਨਹੀਂ ਸਨ।

ਮੇਰੇ ਬੱਚਿਆਂ ਨੂੰ ਆਪਣਾ ਭਵਿੱਖ ਅਮਰੀਕਾ ਵਿਚ ਬਿਹਤਰ ਨਜ਼ਰ ਆਇਆ ਅਤੇ ਉਹ ਇਥੇ ਹੀ ਟਿਕ ਗਏ। ਮੈਨੂੰ ਅਤੇ ਮੇਰੀ ਪਤਨੀ ਨੂੰ ਉਨ੍ਹਾਂ ਦੇ ਮੋਹ ਨੇ ਖਿੱਚ ਲਿਆ। ਇਸ ਤੋਂ ਬਾਅਦ ਮੇਰਾ ਬਹੁਤਾ ਸਮਾਂ ਇਸ ਧਰਤੀ ਦੇ ਲੇਖੇ ਲੱਗ ਗਿਆ। ਘੁੰਮਣ ਫਿਰਨ ਦੇ ਸ਼ੌਕ ਨੇ ਕੱਕੇ ਰੇਤੇ ਦੇ ਬਹੁਤ ਥਾਵਾਂ 'ਤੇ ਦਰਸ਼ਨ ਕਰਵਾਏ। ਕਈ ਵਾਰ ਸਮੁੰਦਰ ਕਿਨਾਰੇ ਤੋਂ ਕੁਝ ਫਾਸਲੇ 'ਤੇ ਲਿਖਿਆ ਦੇਖਿਆ- ਸੋਹਣਾ ਵਿਊ। ਕੋਲ ਗਏ ਤਾਂ ਰੇਤ ਦੇ ਢੇਰ ਉਪਰ ਫੱਟੇ ਉਪਰ ਲਿਖਿਆ ਹੁੰਦਾ- 'ਅੱਜ ਦੇਖ ਲਵੋ, ਅਗਲੀ ਵਾਰ ਕਿਤੇ ਹੋਰ ਥਾਂ ਦੇਖੋਗੇ।'

ਹਵਾਈ ਆਈਲੈਂਡਜ਼ ਦੇ ਕਿਆ ਕਹਿਣੇ! ਬੀਚਾਂ ਦੇ ਨਜ਼ਾਰੇ ਬੱਲੇ-ਬੱਲੇ। ਇਥੇ ਵੀ ਮੈਂ ਰੇਤੇ ਨਾਲ ਹੀ ਮਨ ਪਰਚਾਉਂਦਾ ਰਿਹਾ।

ਮੈਨੂੰ ਕਦੀ-ਕਦੀ ਹੈਰਾਨੀ ਹੁੰਦੀ ਹੈ ਕਿ ਮੈਂ ਵਿਗਿਆਨ ਦਾ ਵਿਦਿਆਰਥੀ ਹੁੰਦੇ ਹੋਏ ਵੀ ਇਹ ਖੋਜ ਨਾ ਕਰ ਸਕਿਆ ਕਿ ਇਹ ਬਣਦਾ ਕਿਸਾ ਤਰ੍ਹਾਂ ਹੈ! ਪਹਾੜਾਂ ਤੋਂ ਦਰਿਆਵਾਂ ਅਤੇ ਫਿਰ ਨਹਿਰਾਂ ਰਾਹੀਂ ਪਾਣੀ ਨਾਲ ਸਲੇਟੀ ਰੰਗ ਦੀ ਬਰੇਤੀ ਜਿਹੜੀ ਕਦੇ ਰੇਤੇ ਦੀ ਹੀ ਵੰਨਗੀ ਹੈ, ਤਹਿ ਉੱਪਰ ਵਿਛ ਜਾਂਦੀ ਹੈ। ਕਿਵੇਂ ਸਮੁੰਦਰ ਦੀਆਂ ਛੱਲਾਂ ਪਾਣੀ ਨਾਲ ਬੀਚ ਉਤੇ ਰੇਤਾ ਵੀ ਸੁੱਟ ਜਾਂਦੀਆਂ ਹਨ। ਕਈ ਵਾਰ ਇਹ ਰੇਤਾ ਕਈ ਵੱਡਮੁੱਲੀਆਂ ਵਸਤਾਂ ਵੀ ਲਹਿਰਾਂ ਦੀ ਗੋਦੀ ਵਿਚ ਬੈਠ ਕੇ ਬੀਚ 'ਤੇ ਰੱਖ ਦਿੰਦਾ ਹੈ।

ਪਿੱਛੇ ਜਿਹੇ ਗੁਲਜ਼ਾਰ ਸਿੰਘ ਸੰਧੂ ਨੇ ਆਪਣੀ 50 ਸਾਲ ਪੁਰਾਣੀ ਮਾਲਦੀਵ ਯਾਤਰਾ ਦਾ ਜ਼ਿਕਰ ਕੀਤਾ। ਉਹ ਕਹਿੰਦੇ ਹਨ ਕਿ ਉਥੇ ਸਮੁੰਦਰ ਦੀਆਂ ਛੱਲਾਂ ਟਿਊਨਾ ਮੱਛੀਆਂ ਵੀ ਲਿਆਉਂਦੀਆਂ ਹਨ। ਸਵੇਰੇ-ਸਵੇਰੇ ਬੱਚੇ, ਬੁੱਢੇ ਅਤੇ ਜੁਆਨ ਸਮੁੰਦਰ ਤੱਟ ਉਪਰ ਸੈਰ ਕਰਨ ਅਤੇ ਮੱਛੀਆਂ ਫੜਨ ਆਉਂਦੇ ਹਨ। ਇਹ ਮੱਛੀ ਉਨ੍ਹਾਂ ਦੀ ਪੂਰਨ ਅਤੇ ਮੁੱਖ ਖੁਰਾਕ ਹੈ। ਇਹ ਬਹੁਤ ਲਜ਼ੀਜ਼ ਅਤੇ ਤਾਕਤਵਰ ਭੋਜਨ ਹੈ। ਕੁਦਰਤ ਦੀ ਕਮਾਲ! ਇਸ ਦੇਸ਼ ਵਿਚ ਕੇਲੇ ਅਤੇ ਪਪੀਤੇ ਦੀ ਹੀ ਫ਼ਸਲ ਉੱਗਦੀ ਹੈ ਅਤੇ ਹੋਰਾਂ ਦੇਸ਼ਾਂ ਵਿਚ ਇਹ ਕੀਮਤੀ ਮੱਛੀ ਘੱਟ ਮਿਲਦੀ ਹੈ। ਰੇਤੇ ਦੀ ਰੋਚਿਕਤਾ ਹੈਰਾਨ ਕਰਨ ਵਾਲੀ ਹੈ। ਇਸ ਦੇ ਕਈ ਰੰਗ ਹਨ, ਬਹੁਤ ਖੂਬੀਆਂ ਹਨ ਪਰ ਅੱਜ ਕੱਲ੍ਹ ਪੰਜਾਬ ਵਿਚ ਜਦੋਂ ਵੀ ਗੇੜਾ ਮਾਰਦਾ ਹਾਂ, ਇਸ ਦੇ ਪਾਏ ਪੰਗੇ ਨਜ਼ਰ ਆਉਂਦੇ ਹਨ।

**ਅੰਤਿਕਾ**

ਇਸ ਜੀਵਨ ਦੇ ਸਫ਼ਰ ਵਿਚ ਇਕ ਖਿਆਲ ਬੜੀ ਸ਼ਿੱਦਤ ਨਾਲ ਆਉਂਦਾ ਰਹਿੰਦਾ ਹੈ ਕਿ ਰੇਤੇ ਜਿਹੀ ਬੇਜਾਨ ਚੀਜ਼ ਵਿਚ ਕਿੰਨੀ ਵੰਨ-ਸਵੰਨਤਾ ਹੈ। ਅਲੱਗ-ਅਲੱਗ ਥਾਵਾਂ ਉਪਰ ਅਲੱਗ-ਅਲੱਗ ਵਿਸ਼ੇਸ਼ਤਾਈ ਜ਼ਾਹਿਰ ਕਰਦਾ ਹੈ। ਕਈ ਰੰਗ ਬਦਲਦਾ ਹੈ। ਇਸੇ ਤਰ੍ਹਾਂ ਪਸ਼ੂ ਜਾਤੀ ਦੀ ਉਦਾਹਰਨ ਦੇਣਾ ਕੁਥਾਂ ਨਹੀਂ ਹੋਵੇਗਾ। ਊਠ, ਘੋੜੇ, ਮੱਝ, ਗਊ, ਬੱਕਰੀ ਆਦਿ ਦਾ ਚਾਰਾ ਇਕੋ ਨਹੀਂ। ਉਨ੍ਹਾਂ ਦੀ ਪਸੰਦ ਵੀ ਵੱਖਰੀ-ਵੱਖਰੀ ਹੈ ਅਤੇ ਉਨ੍ਹਾਂ ਨੂੰ ਮੁਆਫਕ ਵੀ ਇਕੋ ਜਿਹਾ ਚਾਰਾ ਨਹੀਂ। ਫਿਰ ਕਿਉਂ ਹਰ ਦੇਸ਼ ਦੀ ਪਸੰਦ ਅਤੇ ਮੁਆਫ਼ਕਤਾ ਅਨੁਸਾਰ ਅਰਥਚਾਰਾ ਚੱਲਣ ਨਹੀਂ ਦਿੱਤਾ ਜਾਂਦਾ। ਕਿਉਂ ਸ਼ਕਤੀਸ਼ਾਲੀ ਦੇਸ਼ ਆਪਣਾ ਹੀ ਸਿਸਟਮ ਦੂਜੇ ਦੇਸ਼ਾਂ ਉਪਰ ਠੋਸਣਾ ਚਾਹੁੰਦੇ ਹਨ? ਕਿਉਂ ਲੜਾਈਆਂ ਅਤੇ ਹਥਿਆਰਾਂ ਰਾਹੀਂ ਇਸ ਖੂਬਸੂਰਤ ਜ਼ਮੀਨ ਨੂੰ ਬਾਰੂਦ ਦਾ ਢੇਰ ਬਣਾ ਰਹੇ ਹਨ? ਜੇ ਕਿਸੇ ਦੇਸ਼ ਦਾ ਤੌਰ-ਤਰੀਕਾ ਹੋਰ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਤਾਂ ਉਸ ਨੂੰ ਜੀ ਆਇਆਂ ਕਹੀਏ। ਮਨੁੱਖ ਦੀ ਰੂਹਾਨੀ ਤਰੱਕੀ ਇਕੋ ਕਾਰਜ ਵਿਚ ਹੈ ਕਿ ਕਿਸੇ ਦੇਸ਼ ਜਾਂ ਮਨੁੱਖ ਕੋਲ ਕੁਦਰਤ ਵੱਲੋਂ ਜਾਂ ਉਸ ਦੀ ਮਿਹਨਤ ਸਦਕਾ ਲੋੜ ਤੋਂ ਵੱਧ ਕੁਝ ਵੀ ਹੈ, ਉਹ ਲੋੜਵੰਦਾਂ ਨਾਲ ਸਾਂਝਾ ਕਰ ਲਵੇ। ਇਸੇ ਵਿਚ ਮਨੁੱਖਤਾ ਦੀ ਭਲਾਈ ਹੈ। ਆਉਣ ਵਾਲੇ ਸਮੇਂ ਵਿਚ ਜ਼ਰੂਰ-ਬਰ-ਜ਼ਰੂਰ ਜਾਗਰਿਤ ਇਨਸਾਨ ਇਸ ਮੰਜ਼ਲ 'ਤੇ ਪਹੁੰਚੇਗਾ।

---

## ਅਣਮੁੱਲੇ-ਵਿਚਾਰ

* ਜ਼ਿੰਦਗੀ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦੁੱਧ ਦੀ ਮਲਾਈ ਵਰਗੀਆਂ ਹੁੰਦੀਆਂ ਨੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਰਗੜ ਕੇ ਹੀ ਮੱਖਣ ਨਿਕਲਦਾ ਹੁੰਦਾ ਏ।

* ਗੱਲ ਘਰੋਂ ਨਿਕਲਣ ਦੀ ਹੁੰਦੀ ਆ ਅਕਸਰ ਕੀੜੀਆਂ ਵੀ ਖਾਣਾ ਦਾਣਾ ਲੱਭ ਕੇ ਹੀ ਘਰਾਂ ਨੂੰ ਮੁੜਦੀਆਂ ਹੁੰਦੀਆਂ ਨੇ।

* ਹਾਰ ਜਾਣ ਤੋਂ ਬਾਅਦ ਘਬਰਾਉਣਾ ਨਹੀਂ ਚਾਹੀਦਾ ਕਿਉਂਕਿ ਓਨਾ ਚਿਰ ਤੁਹਾਡਾ ਸਭ ਕੁਝ ਖ਼ਤਮ ਨਹੀਂ ਹੋ ਸਕਦਾ ਜਿੰਨਾ ਚਿਰ ਤੁਸੀਂ ਜਿਉਂਦੇ ਹੋ।

* ਦੂਜਿਆਂ ਲਈ ਵੀ ਭਲਾ ਮੰਗਣਾ ਚਾਹੀਦਾ ਹੈ, ਜਿਵੇਂ ਸੂਰਜ ਸਾਰਿਆਂ ਲਈ ਬਰਾਬਰ ਚਮਕਦਾ ਹੈ ਅਤੇ ਘਰ ਦਾ ਬਲਬ ਸਿਰਫ ਆਪਣੇ ਘਰ ਦੇ ਹਨੇਰੇ ਨੂੰ ਹੀ ਦੂਰ ਕਰਦਾ ਹੁੰਦਾ ਏ।

* ਕੁਝ ਪਾਉਣ ਲਈ ਮਿਹਨਤ ਤਾਂ ਲੱਗਦੀ ਹੀ ਹੁੰਦੀ ਆ ਜਿਵੇਂ ਜਹਾਜ਼ ਵੀ ਉਡਾਣ ਤੋਂ ਪਹਿਲਾਂ ਰਨਵੇਅ 'ਤੇ ਨੱਕ ਨਾਲ ਲਕੀਰਾਂ ਕੱਢਦਾ ਹੁੰਦਾ ਏ।

*-ਲੇਖਕ ਮਨਦੀਪ ਖਾਨਪੁਰੀ*
*ਫੋਨ: 97791-79060*

# 29 ਅਪ੍ਰੈਲ 1986: ਜਦੋਂ ਆਜ਼ਾਦੀ ਦਾ ਨਵਾਂ ਸੂਰਜ ਚੜ੍ਹਿਆ, ਜਦੋਂ ਬੇਦਾਵੇ ਦੇ ਸਾਰੇ ਸਫਰ ਮੁੱਕੇ

## ਗਰਜਵੇਂ ਨਾਦ ਦਾ ਨਵਾਂ ਪੈਰਾਡਾਈਮ ਸ਼ਿਫਟ

29 ਅਪ੍ਰੈਲ ਤਾਂ ਹਰ ਸਾਲ ਆਉਂਦਾ ਹੈ ਪਰ ਸਾਲ 1986 ਵਾਲਾ 29 ਅਪ੍ਰੈਲ ਸਿੱਖ ਇਤਿਹਾਸ ਲਈ ਵੱਖਰਾ ਹੈ, ਮਹਾਨ ਹੈ, ਸੰਤ-ਸਿਪਾਹੀ ਦਾ ਸੁਮੇਲ ਹੈ, ਚੇਤਨਾ ਦੇ ਅਨੇਕਾਂ ਬੰਦ ਬੂਹੇ ਬਾਰੀਆਂ ਖੋਲਦਾ ਹੈ। ਜੇ ਬਹੁਤ ਹੀ ਡੂੰਘੇ ਉਤਰਨਾ ਹੈ ਤਾਂ ਇਹ ਦਿਨ 'ਸਮੂਹਕ ਅਵਚੇਤਨ' ਦਾ 'ਸਮੂਹਿਕ ਚੇਤਨ' ਵਿਚ ਪਲਟ ਜਾਣਾ ਹੈ, ਜ਼ਮੀਨ-ਅਸਮਾਨ ਤੱਕ ਧਮਾਲਾਂ ਪਾਉਂਦੀ ਸਿੱਖ-ਸੁਰਤ ਦੀ ਪਰਵਾਜ਼ ਹੈ, ਇਕ ਯੁਗ ਦਾ ਦੂਜੇ ਯੁਗ ਵਿਚ ਪਲਟਣਾ ਹੈ। ਇਸ ਵਿਚ ਬਹੁਰੰਗੀ ਚੜਤਲ ਦੇ ਕਿੰਨੇ ਸਾਰੇ ਪੈਗਾਮ ਸਨ ਜਿਨਾਂ ਨੂੰ ਇਤਿਹਾਸ ਤੋਂ ਪਾਰ ਜਾ ਕੇ ਹੀ ਸਮਝਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਜੇ ਤੁਸੀਂ



**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ: +91-99150-91063**

ਰੂਹ ਨਾਲ ਕੰਨ ਲਾਏ ਹਨ ਤਾਂ ਇਹ ਸੁਭਾਗਾ ਦਿਨ ਇੱਕ ਤਿਓਹਾਰ ਦੀ ਤਰ੍ਹਾਂ ਮਨਾਇਆ ਜਾਣਾ ਚਾਹੀਦਾ ਹੈ, ਜਦੋਂ ਖਾਲਸਾ ਪੰਥ ਦੇ ਆਕਾਸ਼ ਉੱਤੇ ਆਜ਼ਾਦੀ ਦੀ ਰੀਝ ਦਾ ਨਵਾਂ ਸੂਰਜ ਚੜਿਆ ਸੀ, ਜਦੋਂ ਸਿੱਖ ਕੌਮ ਨੇ ਲੰਮੀ ਨੀਂਦ ਤੋਂ ਜਾਗਣ ਵਾਲੇ ਪਾਸੇ ਆਪਣੇ ਮੁਬਾਰਕ ਕਦਮ ਪੁੱਟੇ ਸਨ।

ਆਪਣਾ ਵੱਖਰਾ ਮੁਲਕ ਹੋਵੇ, ਆਪਣੀ ਗੱਲ ਹੋਵੇ, ਆਪਣੀ ਮਰਜ਼ੀ ਹੋਵੇ, ਆਪਣਾ ਆਜ਼ਾਦ ਮੰਚ ਹੋਵੇ ਜਿੱਥੇ ਅਸੀਂ ਖੁੱਲ ਕੇ ਗੁਰੂ ਸਾਹਿਬਾਨ ਦੀ ਤਰਜ਼ੇ-ਜਿੰਦਗੀ, ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਪੈਗਾਮ ਬਿਨਾਂ ਕਿਸੇ ਦਖਲ ਤੋਂ 'ਆਪਣੇ ਨਜ਼ਰੀਏ' ਮੁਤਾਬਕ ਪੇਸ਼ ਕਰ ਸਕੀਏ, ਜਿੱਥੇ ਸਾਡੇ ਕੋਲ ਦੁਨੀਆ ਦੇ ਮਾਮਲਿਆਂ ਨੂੰ ਆਰ ਪਾਰ ਹੋ ਕੇ ਦੇਖ ਸਕਣ ਤੇ ਸਮਝ ਸਕਣ ਅਤੇ ਦੁਨੀਆ ਨੂੰ ਬਦਲ ਸਕਣ ਦੀ ਆਪਣੀ ਇੱਕ ਖਾਲਸਾਈ-ਨੀਤੀ ਹੋਵੇ, ਜਿੱਥੇ ਅਸੀਂ 'ਡਾਰ' ਦਾ ਹਿੱਸਾ ਬਣ ਕੇ ਵੀ 'ਡਾਰ' ਤੋਂ ਵੱਖ ਹੋ ਕੇ ਉਡੀਏ- ਉਸ ਦਿਨ ਦੀ ਉਡੀਕ 29 ਅਪ੍ਰੈਲ 1986 ਨੂੰ ਖਤਮ ਹੋ ਗਈ।

ਆਜ਼ਾਦੀ ਦੀ ਰੀਝ ਤੇ ਆਜ਼ਾਦੀ ਦੀਆਂ ਗੱਲਾਂ ਪਿਛਲੀ ਸਦੀ ਵਿਚ ਕਈ ਵਾਰ ਹੁੰਦੀਆਂ ਰਹੀਆਂ ਸਨ, ਪਰ ਉਨ੍ਹਾਂ ਵਿਚ ਅਮਲਾਂ ਦੀ ਬੇਅੰਤ ਤੇ ਅਸੀਮ ਖੁਸ਼ਬੂ ਅਮਿਤੋ ਸੁਭਾਸ (ਜਾਪੁ ਸਾਹਿਬ) ਗੈਰ ਹਾਜ਼ਰ ਸੀ। ਅਸਲ ਵਿਚ ਉਸਦੀ ਸ਼ੁਰੂਆਤ 29 ਅਪ੍ਰੈਲ 1986 ਨੂੰ ਹੀ ਆਰੰਭ ਹੋਈ ਜਦੋਂ ਦਰਬਾਰ ਸਾਹਿਬ ਦੀ ਪਾਵਨ ਸਰਜ਼ਮੀਨ ਤੋਂ ਪੰਥਕ ਕਮੇਟੀ ਨੇ ਸਿੱਖ ਸਾਵਰਨ ਸਟੇਟ (ਖਾਲਿਸਤਾਨ) ਦਾ ਐਲਾਨਨਾਮਾ ਜਾਰੀ ਕੀਤਾ ਅਤੇ ਇਸ ਐਲਾਨਨਾਮੇ ਨੂੰ ਅਮਲਾਂ ਵਿਚ ਉਤਾਰਨ ਲਈ ਸਿੱਖ ਇਤਿਹਾਸ ਨੇ ਨਵਾਂ ਮੋੜ ਕੱਟਿਆ। ਇਹ ਇੱਕ ਤਰ੍ਹਾਂ ਦਾ ਮਿਊਜ਼ਿਕ ਆਫ ਸੋਲ ਜਾਂ ਰੂਹ ਦਾ ਸੰਗੀਤ ਸੀ ਜਾਂ ਗਰਜਵੇਂ ਨਾਦ ਦਾ ਪੈਰਾਡਾਈਮ ਸ਼ਿਫਟ ਸੀ। ਇੱਕ ਵਾਰ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਬੇਜਾਨ ਪੱਥਰਾਂ ਵਿਚ ਵੀ ਜਾਨ ਪੈ ਗਈ ਸੀ:

ਹਮੀ ਨੇ ਖੋਲ ਕੇ ਲਬ ਰੂਹ ਫੂਕ ਦੀ ਵਰਨਾ,
ਤਮਾਮ ਹਰਫ ਥੇ ਬੇਜਾਨ ਪੱਥਰੋਂ ਕੀ ਤਰਹਿ।

ਆਜ਼ਾਦੀ ਦੀ ਰੀਝ ਨੂੰ ਪਰਬਲ ਤੇ ਪ੍ਰਚੰਡ ਕਰਨ ਲਈ ਹਜ਼ਾਰਾਂ ਸ਼ਹਾਦਤਾਂ ਹੋਈਆਂ, ਸਾਡੇ ਵੀਰ ਫਾਂਸੀਆਂ ਤੇ ਚੜੇ, ਘਰ-ਘਾਟ ਪੂਰੀ ਤਰ੍ਹਾਂ ਬਰਬਾਦ ਕਰ ਦਿੱਤੇ ਗਏ। ਪੂਰੇ 10 ਸਾਲ ਖਾਲਿਸਤਾਨ ਦੇ ਇੱਕੋ ਇੱਕ ਨਿਸ਼ਾਨੇ ਉੱਤੇ ਪਹਿਰਾ ਦਿੱਤਾ ਗਿਆ ਪਰ ਕਿਸੇ ਇੱਕ ਦੌਰ 'ਤੇ ਵੀ ਸਿੰਘਾਂ ਵਿਚ ਦੁਬਿਧਾ ਜਾਂ ਦੁਚਿੱਤੀ ਨਹੀਂ ਆਈ। ਉਸ ਦੌਰ ਵਿਚ ਸੰਘਰਸ਼ ਕਰਨ ਵਾਲੇ ਦਰਜਨਾਂ ਸਿੰਘ ਅਜੇ ਵੀ ਕਈ ਦਹਾਕਿਆਂ ਤੋਂ ਜੇਲਾਂ ਵਿਚ ਨਜ਼ਰਬੰਦ ਹਨ ਅਤੇ ਉਸ ਦੌਰ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਕਈ ਸਿੰਘ ਅਜੇ ਵੀ ਸਾਡੇ ਵਿਚ ਮੌਜੂਦ ਹਨ।

ਇਹ ਠੀਕ ਹੈ ਕਿ ਉਸ ਦੌਰ ਦੀਆਂ ਯਾਦਾਂ ਸਿੱਖ ਕੌਮ ਦੇ ਮਨਾਂ ਵਿਚ ਧੁੰਦਲੀਆਂ ਪੈ ਰਹੀਆਂ ਹਨ ਅਤੇ 29 ਅਪ੍ਰੈਲ 1986 ਵਾਲਾ ਦਿਨ ਮਹਿਜ਼ ਆਜ਼ਾਦੀ ਦੀ ਤਮੰਨਾ ਦਾ ਇੱਕ ਯਾਦਗਾਰੀ ਪ੍ਰਤੀਕ ਵਾਂਗ ਹੀ ਬਣ ਗਿਆ ਜਾਪਦਾ ਹੈ।

ਵੈਸੇ 29 ਅਪ੍ਰੈਲ ਦਾ ਦਿਨ ਇੱਕ ਹੋਰ ਪੱਖ ਤੋਂ ਵੀ ਅਹਿਮ ਹੈ। ਇਹ ਉਹ ਦਿਨ ਸੀ ਜਦੋਂ 29 ਅਪ੍ਰੈਲ 1849 ਨੂੰ ਸਾਡਾ ਆਪਣਾ ਰਾਜ ਖੁੱਸ ਗਿਆ ਸੀ ਅਤੇ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ ਸੀ। 29 ਅਪ੍ਰੈਲ 1986 ਦਾ ਉਹ ਦਿਨ ਸੀ ਜਦੋਂ ਬਹੁ ਗਿਣਤੀ ਦੀ ਅਧੀਨਗੀ ਤੋਂ ਸੁਤੰਤਰ ਹੋਣ ਦਾ ਦਿਨ ਸੀ ਅਤੇ ਜਦੋਂ ਆਪਣੇ ਰਾਜ ਦੀ ਸਥਾਪਨਾ ਲਈ ਸਾਡਾ ਸੰਘਰਸ਼ ਸ਼ੁਰੂ ਹੋ ਗਿਆ ਸੀ, ਪਰ ਇਸ ਦਿਨ ਨੂੰ ਸਿੱਖਾਂ ਦੇ ਮਨ-ਮਸਤਕ ਦਾ ਹਿੱਸਾ ਬਣਾਉਣ ਲਈ ਸਬੰਧਤ ਧਿਰਾਂ, ਗਰੁੱਪਾਂ, ਪਾਰਟੀਆਂ, ਜਥੇਬੰਦੀਆਂ ਵੱਲੋਂ ਨਿਠ ਕੇ ਅਤੇ ਮਿਥ ਕੇ ਕੋਈ ਗੰਭੀਰ ਜਥੇਬੰਦਕ ਯਤਨ ਨਹੀਂ ਕੀਤੇ ਗਏ ਅਤੇ ਨਾ ਹੀ ਇਨ੍ਹਾਂ ਵਿਚ ਆਪਸ ਵਿਚ ਕੋਈ ਸੁਹਿਰਦ ਤੇ ਸਰਗਰਮ ਤਾਲਮੇਲ ਹੈ। ਮਹਿਜ਼ ਕੁਝ ਬਿਆਨ ਜ਼ਰੂਰ ਜਾਰੀ ਕਰ ਦਿੱਤੇ ਜਾਂਦੇ ਹਨ ਜੋ ਰਸਮੀ ਜ਼ਿਆਦਾ ਹਨ ਤੇ ਹਕੀਕੀ ਘੱਟ ਹਨ। ਇਨ੍ਹਾਂ ਕੋਲ ਵੱਖਰੇ ਮੁਲਕ ਦੀ ਸਥਾਪਨਾ ਲਈ ਨਾ ਤਾਂ ਠੋਸ ਦਲੀਲਾਂ ਹਨ ਅਤੇ ਨਾ ਹੀ ਉਹ ਸੰਜੀਦਾ ਤੇ ਗਹਿਰ ਗੰਭੀਰ ਜਾਣਕਾਰੀ ਨਾਲ ਲੈਸ ਹਨ। ਇਸ ਸਮੇਂ ਜਦੋਂ ਕੌਮ ਬਾਰੇ, ਨੇਸ਼ਨ-ਸਟੇਟ ਬਾਰੇ, ਰਾਸ਼ਟਰਵਾਦ ਬਾਰੇ, ਪ੍ਰਭੂ ਸੰਪਨ ਸੰਕਲਪ ਬਾਰੇ, ਐਥਨਿਸਟੀ ਬਾਰੇ, ਕੌਮਾਂ ਦੀ ਵੱਖਰੀ ਪਛਾਣ ਬਾਰੇ ਵੱਡੀਆਂ ਬਹਿਸਾਂ ਹੋ ਰਹੀਆਂ ਹਨ ਅਤੇ ਇਸ ਸਬੰਧੀ ਢੇਰਮ-ਢੇਰ ਸਾਹਿਤ ਅਤੇ ਕਿਤਾਬਾਂ ਮਿਲਦੀਆਂ ਹਨ, ਪਰ ਖਾਲਿਸਤਾਨ ਦੇ ਹਮਦਰਦ ਵਿਦਵਾਨਾਂ ਵਿਚ ਇਨ੍ਹਾਂ ਰੁਝਾਨਾਂ ਦੇ ਧੁਰ ਅੰਦਰ ਤੱਕ ਪਹੁੰਚਣ ਲਈ ਸਤਈ ਕਿਸਮ ਦੀ ਵੀ ਦਿਲਚਸਪੀ ਨਹੀਂ। ਕਿਉਂ ਨਹੀਂ? ਅੱਜ ਇਸ ਦੇ ਕਾਰਨਾਂ ਤੱਕ ਪਹੁੰਚਣ ਦੀ ਵੱਡੀ ਲੋੜ ਹੈ। ਇਹ ਵੀ ਇੱਕ ਕੌੜਾ ਸੱਚ ਹੈ ਕਿ ਸਿੱਖ ਵਿਦਵਾਨਾਂ ਦਾ ਵੱਡਾ ਹਿੱਸਾ ਭਾਰਤੀ ਰਾਸ਼ਟਰਵਾਦ ਦੀ ਕੈਦ ਵਿਚੋਂ ਅਜੇ ਬਾਹਰ ਨਹੀਂ ਨਿਕਲ ਸਕਿਆ। ਹੁਣ ਜਦੋਂ ਕਿ ਭਾਰਤੀ ਰਾਸ਼ਟਰਵਾਦ ਅਤੇ ਹਿੰਦੂ ਰਾਸ਼ਟਰਵਾਦ ਵਿਚ ਕੋਈ ਬਹੁਤਾ ਅੰਤਰ ਨਹੀਂ ਰਹਿ ਗਿਆ ਤਾਂ ਉਸ ਸਮੇਂ ਇਨ੍ਹਾਂ ਵਿਦਵਾਨਾਂ ਵਿਚ ਸਿੱਖ ਰਾਸ਼ਟਰਵਾਦ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਉਨ੍ਹਾਂ ਦੀ ਬਹੁਪਰਤੀ ਅਤੇ ਵਨ-ਸਵੰਨੀ ਵਿਆਖਿਆ ਲਈ ਨਾ ਤਾਂ ਵਿਅਕਤੀਗਤ ਤੌਰ 'ਤੇ ਅਤੇ ਨਾ ਹੀ ਇੱਕ ਟੀਮ ਦੇ ਰੂਪ ਵਿਚ ਜਾਨਣ-ਸਮਝਣ ਦੇ ਯਤਨ ਹੋ ਰਹੇ ਹਨ। ਇਹ ਵਿਦਵਾਨ ਜਦੋਂ ਵੱਖਰੀ ਸਿੱਖ ਪਛਾਣ ਦੀ ਗੱਲ ਵੀ ਕਰਦੇ ਹਨ ਅਤੇ ਹੋਕਾ ਵੀ ਦਿੰਦੇ ਹਨ ਤਾਂ ਉਨ੍ਹਾਂ ਦੀ ਅਚੇਤ-ਸੁਚੇਤ ਸਾਂਝ ਭਾਰਤੀ ਰਾਜ ਪ੍ਰਣਾਲੀ ਨਾਲ ਹੀ ਕਿਤੇ ਨਾ ਕਿਤੇ ਜੁੜੀ ਹੁੰਦੀ ਹੈ। ਦਰਬਾਰ ਸਾਹਿਬ ਦੇ ਭਿਆਨਕ ਸਾਕੇ ਤੋਂ ਪਿੱਛੋਂ ਵੀ ਇਹ ਵਿਦਵਾਨ ਅਜੇ ਵੀ ਅਭਿਗ ਤੇ ਆਤਮ ਨਕੋਰ ਜਾਪਦੇ ਹਨ ਤੇ ਖਾਲਸਾਈ ਤਾਜ਼ਗੀ ਤੋਂ ਦੂਰੀ ਉੱਤੇ ਵਿਚਰ ਰਹੇ ਹਨ।

ਅੱਜ ਦੇ ਦਿਨ ਕੁਝ ਸ਼ਬਦਾਂ ਨੂੰ ਮੁੜ ਯਾਦ ਕਰਨ ਅਤੇ ਦੁਹਰਾਉਣ ਦੀ ਵੀ ਲੋੜ ਹੈ; ਕਿਉਂਕਿ ਸਾਡੇ ਰਾਜਨੀਤਿਕ ਤੇ ਧਾਰਮਿਕ ਪ੍ਰਚਾਰਕਾਂ ਤੋਂ ਲੈ ਕੇ ਵਿਦਵਾਨਾਂ ਤੱਕ ਇਨ੍ਹਾਂ ਸ਼ਬਦਾਂ ਦੀ ਵਰਤੋਂ ਤਾਂ ਕਰਦੇ ਹਨ, ਪਰ ਇਨ੍ਹਾਂ ਅਰਥਾਂ ਦੇ ਪਵਿੱਤਰ ਰਿਸ਼ਤੇ ਨੂੰ 'ਸਿੱਖ ਸੋਵਰਨ ਸਟੇਟ' ਦੇ ਸੰਕਲਪ ਨਾਲ ਜੋੜ ਕੇ ਨਹੀਂ ਵੇਖਦੇ- ਜਾਣ ਬੁਝ ਕੇ ਵੀ, ਕਿਸੇ ਅਚੇਤ ਤੇ ਸੁਚੇਤ ਡਰ ਕਰਕੇ ਵੀ ਅਤੇ ਗੁਮਰਾਹ ਕਰਕੇ ਵੀ। ਮਿਸਾਲ ਵਜੋਂ ਹਲੇਮੀ ਰਾਜ, ਬੇਗਮਪੁਰਾ, ਪੂਰਨ ਆਜ਼ਾਦੀ, ਨਿਹਚਲ ਰਾਜ, ਆਜ਼ਾਦੀ, ਸਰਬੱਤ ਦਾ ਭਲਾ, ਖਾਲਸਾ ਰਾਜ ਵਗੈਰਾ ਸ਼ਬਦਾਂ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ; ਹਾਲਾਂਕਿ ਇਨ੍ਹਾਂ ਸ਼ਬਦਾਂ ਵਿਚ ਪ੍ਰਭੂ ਸੰਪਨ ਸੰਕਲਪ ਦੇ ਅਰਥ ਹੀ ਲੁਕੇ ਹੁੰਦੇ ਹਨ, ਪਰ ਉਹ ਪ੍ਰਚਾਰਕ ਇਨ੍ਹਾਂ ਸ਼ਬਦਾਂ ਨੂੰ ਅੰਤਰਰਾਸ਼ਟਰੀ ਪ੍ਰਚਲਤ ਸ਼ਬਦਾਵਲੀ ਅਤੇ ਮੁਹਾਵਰੇ ਨਾਲ ਜੋੜਨ ਤੋਂ 'ਸੁਚੇਤ ਸੰਕੋਚ' ਕਰਦੇ ਹਨ। ਇਸ ਦੁਬਿਧਾ ਤੇ ਦੁਖਾਂਤ ਤੋਂ ਮੁਕਤ ਹੋਣ ਲਈ ਵੀ ਅੱਜ ਦੇ ਦਿਨ ਨੂੰ ਯਾਦ ਕਰਨਾ ਬਣਦਾ ਹੈ।

ਸਾਡੇ ਰਾਜਨੀਤਕ ਦਰਦ ਨੂੰ ਬੇਪਛਾਣ ਕਰਨ ਅਤੇ ਇਸ ਦਰਦ ਉੱਤੇ ਧੁੰਦ ਦੀ ਚਾਦਰ ਵਿਛਾਉਣ ਲਈ ਕੌਮ ਦੇ ਅੰਦਰੋਂ ਵੀ ਅਤੇ ਬਾਹਰੋਂ ਵੀ ਯਤਨ ਹੋ ਰਹੇ ਹਨ। ਅੱਜ ਇਹ ਸਮਝਣ ਦੀ ਲੋੜ ਹੈ। ਆ", ਅੱਜ ਦੇ ਦਿਨ ਵਿਚਾਰਾਂ ਨੂੰ ਸੁੱਚੇ ਜਜ਼ਬਿਆਂ ਦੇ ਅਧੀਨ ਰੱਖ ਕੇ ਸਵਾਲਾਂ ਵਰਗੇ ਜਵਾਬਾਂ ਨੂੰ ਜਾਨਣ ਦੀ ਕੋਸ਼ਿਸ਼ ਕਰੀਏ। ਇਹ ਸੱਚ ਤਾਂ ਸਾਡੇ ਦਿਲ ਵਿਚ, ਸਾਡੇ ਰੋਮ ਰੋਮ ਵਿਚ ਵਸਿਆ ਹੋਇਆ ਹੈ ਕਿ ਸਾਡੇ ਗੁਰੂ 'ਪਾਤਸ਼ਾਹ' ਹਨ। ਅਸੀਂ ਗੁਰੂ ਗ੍ਰੰਥ ਸਾਹਿਬ ਨੂੰ 'ਦਸਾਂ ਪਾਤਸ਼ਾਹੀਆਂ' ਦੀ ਜਾਗਤ ਜੋਤ ਕਹਿੰਦੇ ਹਾਂ। ਸਾਡੇ ਗੁਰੂ 'ਰਾਜ ਅਤੇ ਜੋਗ' ਦੇ ਮਾਲਕ ਹਨ, ਮੀਰੀ ਤੇ ਪੀਰੀ ਦਾ ਸੁਮੇਲ ਹਨ। ਅਸੀਂ ਹਰ ਰੋਜ਼ ਅਰਦਾਸ ਕਰਕੇ 'ਰਾਜ ਕਰੇਗਾ ਖਾਲਸਾ' ਦਾ ਹੋਕਾ ਵੀ ਦਿੰਦੇ ਹਾਂ। ਅਸੀਂ ਇਤਿਹਾਸ ਵਿਚ ਦੋ ਰਾਜ ਵੀ ਹੰਢਾਏ ਹਨ। ਹੋਰਨਾ ਮੁਲਕਾਂ ਨਾਲ ਸਾਡੇ ਰਾਜਨੀਤਕ ਸਬੰਧ ਰਹੇ ਹਨ ਅਤੇ ਉਨ੍ਹਾਂ ਨਾਲ ਬਾਕਾਇਦਾ ਸੰਧੀਆਂ ਵੀ ਹੋਈਆਂ ਹਨ। 'ਸੁਰਤ-ਸ਼ਬਦ' ਦੀ ਦਾਰਸ਼ਨਿਕ ਅਤੇ ਰੂਹਾਨੀ ਨੀਂਹ ਉੱਤੇ ਸਾਡਾ ਸਮਾਜ ਵੀ ਉਸਰਿਆ ਹੈ। ਅਸੀਂ ਪਾਤਸ਼ਾਹੀ ਦਾਅਵੇ ਦੀਆਂ ਗੱਲਾਂ ਵੀ ਕਰਦੇ ਰਹਿੰਦੇ ਹਾਂ ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਪਾਤਸ਼ਾਹੀ ਦਾਅਵੇ ਨੂੰ ਧਰਤੀ ਉੱਤੇ ਕਿਉਂ ਨਾ ਉਤਾਰੀਏ? ਇਸ ਲਈ ਆਓ 29 ਅਪ੍ਰੈਲ 1986 ਦੇ ਐਲਾਨਨਾਮੇ ਵਿਚ ਜੋ ਇਕਰਾਰ ਕੀਤਾ ਗਿਆ ਸੀ, ਉਸ ਇਕਰਾਰਨਾਮੇ ਦੇ ਅਧੂਰੇ ਸਫਰ ਨੂੰ ਮੁਕੰਮਲ ਕਰਨ ਲਈ ਅਗਲੇ ਕਦਮਾਂ ਦੀ ਨਿਸ਼ਾਨਦੇਹੀ ਕਰੀਏ।


( ਨੀਲੇ ਘੋੜੇ ਦਾ ਸ਼ਾਹ ਅਸਵਾਰ ਸਦਾ ਸਾਡੇ ਅੰਗ ਸੰਗ ਰਹੇ)

## ਹਨੇਰੀ ਵਗਣ ਹੀ ਵਾਲੀ ਹੈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ



*ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਖਡੂਰ ਸਾਹਿਬ ਹਲਕੇ ਤੋਂ ਚੋਣ ਲੜਨ ਦੇ ਫੈਸਲੇ ਮਗਰੋਂ ਚੱਲ ਰਹੀ ਬਹਿਸ ਦਾ ਇੱਕ ਪੱਖ ਇਹ ਹੈ ਕਿ ਚੋਣਾਂ ਵਿਚ ਸਾਨੂੰ ਕੁਝ ਨਹੀਂ ਹਾਸਲ ਹੋਣ ਲੱਗਾ। ਭਾਈ ਅੰਮ੍ਰਿਤਪਾਲ ਸਿੰਘ ਵੀ ਇੱਥੇ ਹੀ ਖੜੇ ਹਨ ਜਿਵੇਂ ਕਿ ਉਨ੍ਹਾਂ ਬਾਰੇ ਇੱਕ ਪੋਸਟ ਵੱਡੀ ਪੱਧਰ 'ਤੇ ਵਾਇਰਲ ਵੀ ਹੋ ਰਹੀ ਹੈ। ਪਰ ਦੂਜਾ ਪੱਖ ਵੀ ਸੋਚਣ-ਵਿਚਾਰਨ ਵਾਲਾ ਹੈ ਕਿ ਭਾਵੇਂ ਸਮੁੱਚੇ ਰੂਪ ਵਿਚ ਸਾਨੂੰ ਕੁਝ ਨਹੀਂ ਹਾਸਲ ਹੋਣਾ, ਪਰ ਰਣਨੀਤਕ ਅਤੇ ਰਾਜਨੀਤਕ ਸਿਆਣਪ ਇਹੋ ਮੰਗ ਕਰਦੀ ਹੈ ਕਿ ਸਿਧਾਂਤ ਉੱਤੇ ਅਡੋਲ ਪਹਿਰਾ ਦਿੰਦਿਆਂ ਸਾਨੂੰ ਜੇ ਲੋੜ ਪਵੇ ਤਾਂ ਇਹ ਮੈਦਾਨ ਦੁਸ਼ਮਣਾਂ ਲਈ ਖਾਲੀ ਵੀ ਨਹੀਂ ਛੱਡਣਾ ਚਾਹੀਦਾ ਅਤੇ ਚੋਣ ਲੜ ਲੈਣੀ ਚਾਹੀਦੀ ਹੈ। ਸੱਚੀ ਗੱਲ ਇਹ ਹੈ ਕਿ ਆਰੰਭ ਵਿਚ ਮੈਂ ਵੀ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦੇ ਹੱਕ ਵਿਚ ਨਹੀਂ ਸੀ; ਕਿਉਂਕਿ ਮੈਂ ਉਸ ਨੂੰ ਖਾਲਸਾ ਪੰਥ ਦਾ ਵਰਤਮਾਨ ਸਮਿਆਂ ਵਿਚ ਨਾਇਕ ਮੰਨਦਾ ਹਾਂ ਜੋ ਸੰਤ ਜਰਨੈਲ ਸਿੰਘ, ਜੁਝਾਰੂ ਲਹਿਰ ਅਤੇ ਦੀਪ ਸਿੱਧੂ ਦੀ ਲੜੀ ਵਿਚ ਖਲੋਤਾ ਹੈ। ਕਲਚਰ ਦੇ ਫਰੰਟ ਉੱਤੇ ਕਿਸੇ ਹੱਦ ਤੱਕ ਸਿੱਧੂ ਮੂਸੇ ਵਾਲਾ ਵੀ ਇਸੇ ਲੜੀ ਵਿਚ ਆਉਂਦਾ ਹੈ। ਜੇ ਚੋਣ ਲੜਨੀ ਹੀ ਹੈ ਤਾਂ ਹੋਰ ਕੋਈ ਬੇਸ਼ਕ ਲੜੇ ਪਰ ਅੰਮ੍ਰਿਤਪਾਲ ਸਿੰਘ ਦਾ ਮਰਤਬਾ ਉਹ ਹੋਵੇ ਜੋ ਸ਼ਿਵ ਸੈਨਾ ਵਿਚ ਬਾਲ ਠਾਕਰੇ ਦਾ ਸੀ। ਚੋਣ ਲੜਨੀ ਉਸ ਵੱਲੋਂ ਹਾਸਲ ਕੀਤੇ ਰਾਜਨੀਤਕ ਕਦ ਤੋਂ ਕਿਤੇ ਹੇਠਾਂ ਹੈ, ਕਿਤੇ ਛੋਟੀ ਹੈ। ਪਰ ਚਲੋ, ਜੇਕਰ ਮੈਂ ਹੁਣ ਸਿਧਾਂਤ ਦੇ ਉਪਦੇਸ਼ ਦੇਣ ਲੱਗ ਪਿਆ ਤਾਂ ਅਸੀਂ ਮੂਲ ਮੁੱਦੇ ਤੋਂ ਭਟਕ ਜਾਵਾਂਗੇ ਅਤੇ ਮੂਲ ਮੁੱਦਾ ਹੁਣ ਇਹੋ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਡਟ ਕੇ ਖਲੋਤਾ ਜਾਵੇ, ਤਨ ਮਨ ਤੇ ਧਨ ਨਾਲ ਖਲੋਤਾ ਜਾਵੇ, ਬਾਕੀ ਰੋਸੇ-ਗਿਲੇ ਬਾਅਦ ਵਿਚ ਕਰ ਲਵਾਂਗੇ। ਮੇਰਾ ਖਿਆਲ ਹੈ ਕਿ ਜੇਕਰ ਭਾਈ ਅੰਮ੍ਰਿਤ ਪਾਲ ਸਿੰਘ ਦੇ ਨਾਲ ਨਾਲ ਸੰਗਰੂਰ ਤੋਂ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਬਠਿੰਡਾ ਤੋਂ ਲੱਖਾ ਸਿਧਾਣਾ ਦੇ ਹੱਕ ਵਿਚ ਜਥੇਬੰਦਕ ਅਤੇ ਵਿਚਾਰਧਾਰਕ ਹਨੇਰੀ ਲਿਆਂਦੀ ਜਾਵੇ ਤਾਂ ਜਿੱਤ ਦੀ ਸੂਰਤ ਇਨ੍ਹਾਂ ਤਿੰਨਾਂ ਦਾ ਰਲ ਕੇ ਇੱਕ ਵੱਖਰਾ ਰਾਜਨੀਤਿਕ ਪੈਟਰਨ ਬਣਦਾ ਹੈ ਜਾਂ ਇੱਕ ਨਵਾਂ ਨਕਸ਼ਾ, ਨਵੀਂ ਨੁਹਾਰ ਤੇ ਨਵਾਂ ਜੋੜ-ਮੇਲ ਉਭਰ ਕੇ ਸਾਹਮਣੇ ਆਉਂਦਾ ਹੈ, ਜੋ ਆਪਣੇ ਰਾਜਨੀਤਕ ਹੁਨਰ, ਸਿਆਣਪ ਅਤੇ ਗੰਭੀਰਤਾ ਨਾਲ ਸਾਡੀ ਗੱਲ ਅੰਤਰਰਾਸ਼ਟਰੀ ਪੱਧਰ 'ਤੇ ਲਿਜਾ ਸਕਦੇ ਹਨ। ਵੈਸੇ ਸੁਖਪਾਲ ਖਹਿਰਾ ਨੂੰ ਵੀ ਘੱਟੋ-ਘੱਟ ਸੰਗਰੂਰ ਤੋਂ ਨਹੀਂ ਸੀ ਖਲੋਣਾ ਚਾਹੀਦਾ ਕਿਉਂਕਿ ਜਿਵੇਂ ਉਹ ਪੰਜਾਬ ਦੇ ਹੱਕਾਂ ਲਈ ਪਾਰਟੀ ਤੋਂ ਉਪਰ ਉੱਠ ਕੇ ਗੱਲਾਂ ਅਕਸਰ ਹੀ ਕਰਦੇ ਹਨ, ਉਨ੍ਹਾਂ ਨੂੰ ਤਾਂ ਕੋਈ ਹੋਰ ਹਲਕਾ ਚੁਣਨਾ ਚਾਹੀਦਾ ਸੀ। ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਵਰਤਮਾਨ ਹਾਲਤਾਂ ਵਿਚ ਸਿਮਰਨਜੀਤ ਸਿੰਘ ਮਾਨ ਦੇ ਵਿਰੁੱਧ ਲੜਨਾ ਇੱਕ ਤਰਾਂ ਨਾਲ ਵੱਡਾ ਰਾਜਨੀਤਕ ਗੁਨਾਹ ਹੈ। ਵੈਸੇ ਤਿੰਨਾਂ ਦਾ ਜਿੱਤਣਾ ਕੋਈ ਵੱਡੀ ਗੱਲ ਨਹੀਂ। ਇਤਿਹਾਸ ਵਿਚ ਵੱਡੇ ਵੱਡੇ ਕ੍ਰਿਸ਼ਮੇ ਹੁੰਦੇ ਰਹੇ ਹਨ। ਇਕ ਸਮਾਂ ਸੀ ਜਦੋਂ ਆਮ ਆਦਮੀ ਪਾਰਟੀ ਦਾ ਪੰਜਾਬ ਵਿਚ ਕੋਈ ਵੀ ਜਥੇਬੰਦਕ ਢਾਂਚਾ ਨਹੀਂ ਸੀ, ਪਰ ਕਾਂਗਰਸ ਤੇ ਅਕਾਲੀ ਦਲ ਤੋਂ ਮਾਯੂਸ ਲੋਕਾਂ ਨੇ ਤੇ ਖਾਸ ਕਰਕੇ ਨੌਜਵਾਨ ਉਸ ਸਮੇਂ ਘਰਾਂ ਵਿਚੋਂ ਹੜ ਦੀ ਸ਼ਕਲ ਵਿਚ ਬਾਹਰ ਆ ਗਏ ਤੇ ਕਿੰਨੇ ਐਮ.ਪੀ. ਜਿੱਤੇ। ਅੱਜ ਵੀ ਇਹੋ ਜਿਹਾ ਚਮਤਕਾਰ ਵਾਪਰ ਸਕਦਾ ਹੈ। ਪਰ ਅੱਜ ਪੰਜਾਬ ਵਿਚ ਵੱਡਾ ਖਲਾਅ ਹੈ, ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇਕਰ ਪੰਜਾਬ ਦੀ ਜਵਾਨੀ ਅਤੇ ਲੋਕ ਆਪਣੀਆਂ ਵੇਲਾ ਵਿਹਾ ਚੁੱਕੀਆਂ ਰਾਜਨੀਤਿਕ ਪਾਰਟੀਆਂ ਤੋਂ ਬਗਾਵਤ ਕਰਕੇ ਇਨ੍ਹਾਂ ਤਿੰਨਾਂ ਦੇ ਸਿਰਾਂ ਉੱਤੇ ਜਿੱਤ ਦਾ ਤਾਜ ਰੱਖਣ। -ਕਰਮਜੀਤ ਸਿੰਘ ਚੰਡੀਗੜ੍ਹ*

## ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ



ਬਖ਼ਸ਼ੇ ਮੋਤੀ ਅਨਮੋਲ ਮਨੁੱਖਤਾ ਨੂੰ,
ਗਾਵੇ ਕਿਉਂ ਨਾ ਗੁਣ ਸੰਸਾਰ ਤੇਰੇ।

ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

ਅੰਮ੍ਰਿਤ ਸਰੋਵਰ ਵਿਚ ਕਮਲ ਦੇ ਫੁੱਲ ਵਾਂਗੂੰ,
ਮੇਰੇ ਸ਼ਹਿਨਸ਼ਾਹ ਹਰੀ ਦਾ ਦੁਆਰ ਰਚਿਆ।

ਚਹੁੰ ਕੂਟਾਂ ਦੀ ਸਾਰੀ ਮਨੁੱਖਤਾ ਲਈ,
ਸਰਬ ਸਾਂਝਾ ਤੈਂ ਗੁਰੂ ਦਰਬਾਰ ਰਚਿਆ।

ਚਾਰਾਂ ਵਰਨਾ 'ਚੋਂ ਆਏ ਨਿਸੰਗ ਕੋਈ,
ਹਰਿਮੰਦਰ ਸਭ ਲਈ ਸਾਂਝਾ ਇਕਸਾਰ ਰਚਿਆ।

"ਡਿੱਠੇ ਥਾਨ ਸੱਭੇ", ਨਹੀਓਂ ਏਸ ਵਰਗਾ,
ਅਨੂਠਾ, ਨੂਰੀ, ਇਲਾਹੀ ਸੰਸਾਰ ਰਚਿਆ।

'ਵਿਸ਼ਵ ਕੁਟੰਬ' ਲਈ ਰਚਿਆ ਅਸਥਾਨ ਸਾਂਝਾ,
ਸਦਕੇ ਜਾਵਾਂ ਮੈਂ, ਸਦਾ ਬਲਿਹਾਰ ਤੇਰੇ।

ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

ਰਾਖੇ ਮਨੁੱਖਤਾ ਦੇ, ਹਾਮੀ ਏਕਤਾ ਦੇ,
ਸਾਂਝੀਵਾਲਤਾ ਦੇ ਆਲਮਬਰਦਾਰ ਜਿਹੜੇ।

ਜਾਤ-ਪਾਤ ਦੀ ਸੋਚ ਤੋਂ ਬਹੁਤ ਉੱਚੇ,
ਕਰ ਗਏ ਵਰਨਾਂ ਨੂੰ ਦਰਕਿਨਾਰ ਜਿਹੜੇ।

ਵਿਸ਼ਵ ਸ਼ਾਂਤੀ ਸਰਬੱਤ ਦੇ ਭਲੇ ਖ਼ਾਤਰ,
"ਸੰਤ" ਕਰਦੇ ਸਨ ਧਰਮ ਪ੍ਰਚਾਰ ਜਿਹੜੇ।

ਊਚ-ਨੀਚ ਦਾ ਭਰਮ ਮਿਟਾਉਣ ਖ਼ਾਤਰ,
ਤੁਰੇ ਸੱਚ ਦਾ ਕਰਨ ਵਪਾਰ ਜਿਹੜੇ।

ਰਚਿਆ ਗ੍ਰੰਥ ਸਾਂਝਾ, ਲੈ ਕੇ "ਗੁਰੂ ਬਾਣੀ"
ਮਿ.ਲ ਗਏ ਜਿਨ੍ਹਾਂ ਨਾ.ਲ ਸੁੱਚੇ ਵਿਚਾਰ ਤੇਰੇ।

ਤੈਨੂੰ ਸਿਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

ਸੁੱਚੇ ਗ੍ਰੰਥ ਦੀ ਤਾਬਿਆ ਪੰਥ ਕਰਕੇ,
ਦਾਤ ਕੀਰਤਨ ਦੀ ਬਖ਼ਸ਼ੀ ਅਨਮੋਲ ਦਾਤਾ।

ਬਰਸੇ ਨੂਰ ਇਲਾਹੀ ਹਮੇਸ਼ ਏਥੇ,
ਵਰ੍ਹਦੇ ਸਦਾ ਅਗੰਮੀ ਨੇ ਬੋਲ ਦਾਤਾ।

ਤਪਦੇ ਦਿਲਾਂ ਨੂੰ ਮਿ.ਲੇ ਸਕੂਨ ਏਥੇ,
ਝਰਨੇ ਅੰਮ੍ਰਿਤ ਦੇ ਦਿੱਤੇ ਤੈਂ ਖੋਲ੍ਹ ਦਾਤਾ।

ਤੇਰੇ ਦਰ ਦੀ ਸਰਦਲ 'ਤੇ ਰੱਖ ਮੱਥਾ,
ਮਿ.ਲਦੀ ਸ਼ਾਂਤੀ, ਆਪਾ ਪੜਚੋਲ ਦਾਤਾ।

ਸੁਣ ਕੇ ਗੁਰੂ ਬਾਣੀ, "ਕਾਗਹੁ ਹੰਸ" ਬਣਦੇ,
ਬਣਦੇ "ਮਨੁੱਖਾਂ ਤੋਂ ਦਿਉਤੇ" ਦਰਬਾਰ ਤੇਰੇ।

ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

ਛੂਤਛਾਤ ਤੇ ਜਾਤਾਂ ਦਾ ਵੱਢ ਫ਼ਸਤਾ,
ਸੰਗਤ ਪੰਗਤ ਦਾ, ਰਸਤਾ ਅਖ਼ਤਿਆਰ ਕੀਤਾ।

"ਭਗਤ-ਬਾਣੀ" ਨੂੰ ਦੇਕੇ ਖ਼ਿਤਾਬ ਉੱਚਾ,
ਆਪ ਨੀਵਾਂ ਹੋ, ਧਰਮ ਪ੍ਰਚਾਰ ਕੀਤਾ ।

ਕੂੜ, ਕੁਸੱਤ, ਕੁਰਹਿਤਾਂ 'ਤੇ ਰੋਕ ਲਾ ਕੇ,
ਮਾਨਵ ਜਾਤੀ ਨਾ.ਲ ਦਿਲੋਂ ਪਿਆਰ ਕੀਤਾ।

ਲਾਗੂ ਕਰਨ ਲਈ "ਨਾਨਕ ਦਾ ਮਿਸ਼ਨ" ਸੁੱਚਾ,
ਹਰ ਵੰਗਾਰ ਲਈ ਆਪਾ ਤਿਆਰ ਕੀਤਾ।

ਜਰ ਸਕੇ ਨਾ ਦੋਖੀ ਮਨੁੱਖਤਾ ਦੇ,
ਮਾਨਵ ਪ੍ਰੀਤ ਨਾ.ਲ ਬਚਨ ਸਰਸ਼ਾਰ ਤੇਰੇ।

ਤੈਨੂੰ ਸਿੱਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।

ਦੀਨ ਦੁੱਖੀ ਸਰਬੱਤ ਦੇ ਭਲੇ ਖ਼ਾਤਰ,
ਤੈਂ ਜੋ ਮਾਨਵ ਨੂੰ ਸੱਚਾ ਉਪਦੇਸ਼ ਦਿੱਤਾ।

"ਹਲੇਮੀ ਰਾਜ" ਦਾ ਸੁਪਨਸਾਜ ਬਣ ਕੇ,
ਬੇਗ਼ਮਪੁਰੇ ਦਾ ਸਾਂਝਾ ਸੰਦੇਸ਼ ਦਿੱਤਾ।

ਧਰਤੀ ਮੁਕਤ ਹੋਵੇ, ਤਸਕਰ ਲੋਟੂਆਂ ਤੋਂ,
ਨਗਰ-ਨਗਰ ਦਿੱਤਾ, ਦੇਸ਼ ਬਦੇਸ਼ ਦਿੱਤਾ।

ਰਾਸ ਆਏ ਨਾ ਮਨੂੰ ਦੇ ਪੁੱਤਰਾਂ ਨੂੰ ,
ਮਾਨਵ ਹਿਤੈਸ਼ੀਆ! ਸੁੱਚੇ ਵਿਚਾਰ ਤੇਰੇ।

ਤੈਨੂੰ ਸਿਜਦਾ ਲੱਖ ਕਰੋੜ ਵਾਰੀ,
ਪੰਚਮ ਪਾਤਸ਼ਾਹ ਵੱਡੇ ਉਪਕਾਰ ਤੇਰੇ।


*-ਲਾਲ ਸਿੰਘ ਸੁਲਹਾਣੀ*
*ਫੋਨ: 98721-55120*

# ਜੇ ਸ਼੍ਰੋਮਣੀ ਅਕਾਲੀ ਦਲ ਆਪਣਾ ਪ੍ਰੋਗਰਾਮ ਸਮਾਜਵਾਦਕ ਬਣਾ ਲਵੇ?

***ਉਘੇ ਲਿਖਾਰੀ ਹੀਰਾ ਸਿੰਘ ਦਰਦ (12 ਫਰਵਰੀ 1887-22 ਜੂਨ 1965) ਦਾ ਇਹ ਲੇਖ 'ਜੇ ਸ਼੍ਰੋਮਣੀ ਅਕਾਲੀ ਦਲ ਆਪਣਾ ਪਰੋਗਰਾਮ ਸਮਾਜਵਾਦਕ ਬਣਾ ਲਵੇ?' ਉਨ੍ਹਾਂ ਦੀ ਕਿਤਾਬ 'ਪੰਥ ਧਰਮ ਤੇ ਰਾਜਨੀਤੀ' ਵਿਚੋਂ ਲਿਆ ਗਿਆ ਹੈ। ਇਹ ਕਿਤਾਬ 1949 ਵਿਚ ਛਪੀ ਸੀ। ਇਸ ਵਿਚ ਦਰਜ ਵਿਚਾਰ ਅੱਜ ਵੀ ਓਨੇ ਹੀ ਸਾਰਥਕ ਹਨ। ਐਨੇ ਦਹਾਕਿਆਂ ਦੀ ਸਿਆਸਤ ਨੂੰ ਸਮਝਣ-ਸਮਝਾਉਣ ਦੇ ਨੁਕਤੇ ਤੋਂ ਇਹ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।***

ਸਿੱਖ ਧਰਮ ਨਾਲ ਪਿਆਰ ਕਰਨ ਵਾਲੇ ਅਤੇ ਕੁਝ ਅਗਾਂਹਵਧੂ ਅਕਾਲੀਆਂ ਦਾ ਖਿਆਲ ਹੈ ਕਿ ਸ਼ਰੋਮਣੀ ਅਕਾਲੀ ਦਲ ਹੁਣ ਆਪਣਾ ਆਦਰਸ਼ ਸਮਾਜਵਾਦ ਬਣਾ ਲਵੇ ਅਤੇ ਸਿੱਖ ਕਿਰਤੀ ਕਿਸਾਨਾਂ ਨੂੰ ਜਥੇਬੰਦ ਕਰੇ ਤੇ ਅਗਾਂਹਵਧੂ ਜੱਥੇਬੰਦੀਆਂ ਨਾਲ ਮੋਢਾ ਜੋੜ ਲਵੇ। ਉਹ ਇਹ ਵੀ ਸੋਚਦੇ ਹਨ ਕਿ ਸ਼ਰੋਮਣੀ ਅਕਾਲੀ ਦਲ ਧਾਰਮਿਕ ਜੱਥਾ ਹੈ, ਜੇ ਇਹ ਸਮਾਜਵਾਦ ਪ੍ਰੋਗਰਾਮ ਲੈ ਕੇ ਮੈਦਾਨ ਵਿਚ ਨਿਤਰੇ ਤਾਂ ਸਰਬੱਤ ਦਾ ਭਲਾ ਹੋਵੇਗਾ।

ਧਰਮ ਨਾਲ ਪਿਆਰ ਕਰਨ ਤੋਂ ਅਸੀਂ ਕਿਸੇ ਨੂੰ ਨਹੀਂ ਰੋਕਦੇ ਅਤੇ ਜਿਹੜਾ ਧਰਮ ਜਾਂ ਮਜ਼ਹਬ ਨੂੰ ਨਹੀਂ ਮੰਨਦਾ, ਉਸ ਉਪਰ ਕਿਸੇ ਮਜ਼ਹਬੀ ਜੱਥੇਬੰਦੀ ਦਾ ਜ਼ੁਲਮ ਵੀ ਨਹੀਂ ਹੋਣ ਦਿੰਦੇ। ਉਸ ਨੂੰ ਵੀ ਖੁੱਲ੍ਹ ਦਿੰਦੇ ਹਾਂ। ਸਮਾਜਵਾਦਕ ਨਿਜ਼ਾਮ ਵਿਚ ਹਰ ਇਕ ਆਦਮੀ ਨੂੰ ਆਪਣੇ ਨਿਸਚੇ ਮੁਤਾਬਕ ਧਰਮ ਉੱਤੇ ਚੱਲਣ ਅਤੇ ਪੂਜਾ ਪਾਠ ਕਰਨ ਦੀ ਜਿਤਨੀ ਖੁੱਲ੍ਹ ਹੁੰਦੀ ਹੈ, ਇਤਨੀ ਜਗੀਰਦਾਰੀ ਜਾਂ ਬੁਰਜ਼ਵਾ ਰਾਜਾਂ ਵਿਚ ਉੱਕੀ ਨਹੀਂ ਹੁੰਦੀ। ਸਮਾਜਵਾਦਕ ਨਿਜ਼ਾਮ ਵਿਚ ਧਾਰਮਕ ਨਿਸਚੇ ਦੇ ਕਾਰਨ ਕਿਸੇ ਉਪਰ ਧੱਕਾ ਨਹੀਂ ਹੁੰਦਾ, ਇਸ ਦੇ ਸਬੂਤ ਵਿਚ ਮੈਂ ਇੰਗਲੈਂਡ ਦੇ ਪ੍ਰਸਿੱਧ ਪਾਦਰੀ ਡਾ. ਹੈਵਟ ਜੌਨਸਨ, ਡੀਨ ਆਫ ਕੈਂਟਰਬਰੀ ਦੀ ਗਵਾਹੀ ਪੇਸ਼ ਕਰਦਾ ਹਾਂ ਜੋ ਪ੍ਰਸਿੱਧ ਮਜ਼ਹਬੀ ਆਗੂ ਹੈ ਤੇ ਉਹ ਆਪ ਕਈ ਵਾਰ ਰੂਸ ਵਿਚ ਗਿਆ ਤੇ ਸਾਰੇ ਹਾਲ ਅੱਖੀਂ ਵੇਖ ਕੇ ਮਜ਼ਮੂਨ ਤੇ ਕਿਤਾਬਾਂ ਲਿਖੀਆਂ। ਉਸ ਨੇ ਲਿਖਿਆ ਹੈ ਕਿ ਸੋਵੀਅਤ ਰੂਸ ਵਿਚ ਪਹਿਲੀ ਵਾਰ ਮਨੁੱਖਤਾ ਤੇ ਈਸਾਈਅਤ ਨੂੰ ਸੁਤੰਤਰਤਾ ਨਾਲ ਵਧਣ-ਫੁੱਲਣ ਦਾ ਮੌਕਾ ਮਿਲਿਆ ਹੈ। ਸਰਮਾਏਦਾਰੀ ਮੁਲਕਾਂ ਵਿਚ ਤਾਂ ਮਨੁੱਖਤਾ ਤੇ ਈਸਾਈਅਤ ਦੀ ਮਿੱਟੀ ਪਲੀਤ ਹੋ ਰਹੀ ਹੈ। ਟੈਗੋਰ ਜੀ, ਹਿੰਦ ਦੇ ਪ੍ਰਸਿੱਧ ਸਾਹਿਤਕਾਰ ਤੇ ਮਜ਼ਹਬੀ ਫਿਲਾਸਫਰ ਵੀ ਰੂਸ ਗਏ ਸਨ ਤੇ ਉਨ੍ਹਾਂ ਵੀ ਕਿਹਾ ਸੀ- ਮੇਰੇ ਜੀਵਨ ਦੇ ਸੁਪਨੇ ਰੂਸ ਵਿਚ ਸਾਕਾਰ ਹੋ ਰਹੇ ਹਨ।



ਹੀਰਾ ਸਿੰਘ ਦਰਦ

ਪਾਲਿਟਿਕਸ/ਰਾਜਨੀਤੀ ਕੀ ਹੈ? ਪੁਲੀਟੀਕਲ/ਰਾਜਸੀ ਤਾਕਤ ਕਦੋਂ ਪੈਦਾ ਹੁੰਦੀ ਹੈ ਤੇ ਕਾਹਦੇ ਲਈ ਵਰਤੀ ਜਾਂਦੀ ਹੈ? ਜਿਸ ਧਰਮ ਤੋਂ ਪੈਦਾ ਹੋਏ ਨਿਆਇਕਾਰੀ ਤੇ ਸਰਬੱਤ ਦੇ ਭਲੇ ਵਾਲੇ ਪਾਲਿਟਿਕਸ/ਰਾਜਨੀਤੀ ਦੀ ਤੁਸੀਂ ਜਾਂ ਮਾਸਟਰ ਤਾਰਾ ਸਿੰਘ ਹੁਰੀਂ ਕਲਪਨਾ ਕਰਦੇ ਹੋ, ਸਮਾਜਿਕ ਇਤਿਹਾਸ ਵਿਚ ਉਸ ਦੀ ਕੋਈ ਹੋਂਦ ਨਹੀਂ। ਅਜਿਹੀ ਪਾਲਿਟਿਕਸ/ਰਾਜਨੀਤੀ ਨਾ ਕਦੀ ਪਹਿਲੇ ਸੀ, ਨਾ ਹੁਣ ਹੈ ਤੇ ਨਾ ਹੋਵੇਗੀ। ਮੈਂ ਫਿਰ ਖੋਲ੍ਹ ਕੇ ਦੱਸਦਾ ਹਾਂ।

ਰਾਜਸੀ/ਪੁਲੀਟੀਕਲ ਤਾਕਤ ਦਾ ਅਰਥ ਹੈ ਰਾਜ ਸੱਤਾ, ਹਕੂਮਤ ਦੀ ਤਾਕਤ- ਸਟੇਟ ਪਾਵਰ। ਇਹ ਰਾਜ ਸੱਤਾ ਅਸਮਾਨੋਂ ਨਹੀਂ ਉਤਰਦੀ। ਇਹ ਅਨਾਦੀ ਅਨੰਤ ਨਹੀਂ ਹੈ ਤੇ ਨਾ ਕਿਸੇ ਧਰਮ ਦੀ ਸ਼ਰਧਾ ਵਿਚੋਂ ਉਪਜਦੀ ਹੈ। ਇਹ ਤਾਂ ਸਮਾਜ ਦੀ ਖਾਸ ਅਵਸਥਾ ਵਿਚ ਪੈਦਾ ਹੁੰਦੀ ਹੈ, ਖਾਸ ਸਮੇਂ ਤੱਕ ਰਹਿੰਦੀ ਹੈ ਤੇ ਫਿਰ ਖਾਸ ਅਵਸਥਾ ਵਿਚ ਖ਼ਤਮ ਹੋ ਜਾਂਦੀ ਹੈ।

ਸਾਇੰਸੀ ਸਮਾਜਵਾਦ ਦੇ ਪ੍ਰਸਿੱਧ ਨੇਤਾ ਕਾਮਰੇਡ ਲੈਨਿਨ ਨੇ ਰਾਜ ਸੱਤਾ ਬਾਰੇ ਲਿਖਿਆ ਹੈ:

"The State is the product and manifestation of irreconcilabillity of class antagonism." (Lenin)

ਇਸ ਦਾ ਮਤਲਬ ਇਹ ਹੈ ਕਿ ਜਦੋਂ ਸਮਾਜ ਵਿਚ ਦੋ ਜਮਾਤਾਂ ਬਣ ਜਾਂਦੀਆਂ ਹਨ, ਉਨ੍ਹਾਂ ਦੀ ਆਪੋ ਵਿਚ ਅਮਿਟ ਟੱਕਰ ਸ਼ੁਰੂ ਹੋ ਜਾਂਦੀ ਹੈ। ਉਸ ਵੇਲੇ ਜਮਾਤਾਂ ਦੀ ਇਸ ਟੱਕਰ ਅਤੇ ਵਿਰੋਧ ਵਿਚੋਂ ਰਾਜ ਸੱਤਾ (ਸਟੇਟ) ਉਤਪੰਨ ਹੁੰਦੀ ਹੈ ਤੇ ਉਸ ਦਾ ਆਸ਼ਾ ਹੁੰਦਾ ਹੈ- ਇਕ ਜਮਾਤ ਹੱਥੋਂ ਦੂਜੀ ਨੂੰ ਦਬਾ ਕੇ ਰੱਖਣਾ, ਗੁਲਾਮ ਬਣਾਉਣਾ ਤੇ ਉਸ ਉਪਰ ਮਨ ਆਏ ਧੱਕੇ ਕਰਨੇ। ਇਹ ਰਾਜ ਸੱਤਾ ਵੱਖ-ਵੱਖ ਸਮੇਂ ਵੱਖ-ਵੱਖ ਤਰ੍ਹਾਂ ਦੀਆਂ ਹਕੂਮਤੀ ਸ਼ਕਲਾਂ ਧਾਰਦੀ ਹੈ। ਜਦੋਂ ਇਹ ਰਾਜ ਸੱਤਾ ਜਗੀਰਦਾਰਾਂ ਤੇ ਬੁਰਜਵਾਜ਼ੀ ਦੇ ਹੱਥ ਵਿਚ ਹੁੰਦੀ ਹੈ ਤਾਂ ਉਹ ਫੌਜ, ਪੁਲਿਸ, ਅਦਾਲਤਾਂ, ਜੇਲ੍ਹਾਂ ਅਤੇ ਕਈ ਤਰ੍ਹਾਂ ਦੇ ਆਰਥਿਕ, ਧਾਰਮਿਕ ਤੇ ਸਭਿਆਚਾਰਕ ਹਥਿਆਰਾਂ ਨਾਲ ਮਿਹਨਤੀ ਜਨਤਾ ਨੂੰ ਗੁਲਾਮ ਰੱਖਦੇ, ਇਸ ਉੱਤੇ ਧੱਕੇ ਦਾ ਰਾਜ ਕਰਦੇ, ਅਨਿਆਇ ਕਰਦੇ ਤੇ ਇਸ ਦੀ ਲਹੂ-ਪਸੀਨੇ ਦੀ ਕਮਾਈ ਲੁੱਟ ਕੇ ਮੌਜਾਂ ਮਾਣਦੇ ਤੇ ਉਸ ਨੂੰ ਭੁੱਖਾ ਮਾਰਦੇ ਰਹਿੰਦੇ ਹਨ ਪਰ ਜਦੋਂ ਇਹ ਰਾਜ ਸੱਤਾ (ਸਟੇਟ) ਕਿਰਤੀ-ਕਿਸਾਨਾਂ ਦੇ ਹੱਥ ਵਿਚ ਆ ਜਾਂਦੀ ਹੈ ਤਾਂ ਪ੍ਰੋਲੇਤਾਰੀ ਦੀ ਲੋਕਰਾਜਕ ਡਿਕਟੇਟਰਸ਼ਿਪ ਅਸਥਾਪਨ ਹੋ ਜਾਂਦੀ ਹੈ, ਉਹ ਸਰਮਾਏਦਾਰੀ ਤੇ ਜਗੀਰਦਾਰੀ ਨੂੰ ਖ਼ਤਮ ਕਰਦੇ ਹਨ, ਸਮਾਜਵਾਦਕ ਨਿਜ਼ਾਮ ਕਾਇਮ ਕਰ ਕੇ ਬਿਨਾਂ ਲਿਹਾਜ਼ ਜਗੀਰਦਾਰ ਤੇ ਬੁਰਜ਼ਵਾ ਸ਼ਰੇਣੀ ਨੂੰ ਹੀ ਮਿਟਾ ਦਿੰਦੇ ਹਨ। ਫਿਰ ਸ਼ਰੇਣੀ ਰਹਿਤ ਸਮਾਜ ਦੀ ਉਸਾਰੀ ਸ਼ੁਰੂ ਹੁੰਦੀ ਹੈ। ਅਖੀਰ ਸ਼ਰੇਣੀ ਰਹਿਤ ਸਮਾਜ ਦੀ ਪੂਰਨਤਾ ਹੋ ਕੇ ਰਾਜ ਸੱਤਾ ਸਹਿਜ ਸੁਭਾ ਹੀ ਮੁਰਝਾ ਜਾਂਦੀ ਤੇ ਖ਼ਤਮ ਹੋ ਜਾਂਦੀ ਹੈ ਕਿਉਂਕਿ ਇਹ ਕੇਵਲ ਦੋ ਜਮਾਤਾਂ ਦੇ ਸਮੇਂ ਵਿਚ ਸੀ ਜਦ ਦੋ ਜਮਾਤਾਂ ਨਹੀਂ ਸਨ, ਉਦੋਂ ਰਾਜ ਸੱਤਾ ਨਹੀਂ ਸੀ। ਨਾ ਕੋਈ ਰਾਜ ਸੀ ਨਾ ਪਰਜਾ। ਹੁਣ ਵੀ ਜਦੋਂ ਜਮਾਤਾਂ ਨਾ ਰਹੀਆਂ, ਜਮਾਤੀ ਵਿਰੋਧ ਖ਼ਤਮ ਹੋ ਗਿਆ ਤਾਂ ਫਿਰ ਰਾਜ ਸੱਤਾ ਜਾਂ ਸਟੇਟ ਦੀ ਲੋੜ ਵੀ ਮੁੱਕ ਗਈ ਸਮਝੋ। ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਜਗੀਰਦਾਰੀ ਤੇ ਸਰਮਾਏਦਾਰੀ ਰਾਜ ਵੀ ਜਮਾਤੀ ਡਿਕਟੇਟਰਸ਼ਿਪ ਹੀ ਹੁੰਦੀ ਹੈ। ਇਹ ਮਜ਼ਦੂਰਾਂ ਕਿਸਾਨਾਂ ਉਪਰ ਧੱਕੇ ਤੇ ਜ਼ੁਲਮ ਕਰ ਕੇ ਇਸ ਦੀ ਮਿਹਨਤ ਨੂੰ ਲੁੱਟਦੇ ਹਨ ਪਰ ਮਿਹਨਤੀ-ਜਮਾਤ ਨੂੰ ਖ਼ਤਮ ਨਹੀਂ ਕਰਦੇ ਕਿਉਂਕਿ ਇਸ ਤੋਂ ਬਗੈਰ ਇਨ੍ਹਾਂ ਦਾ ਕੰਮ ਨਹੀਂ ਚਲਦਾ। ਇਹ ਆਪ ਵਿਹਲੜ ਰਹਿ ਕੇ ਮਿਹਨਤੀ ਸ਼ਰੇਣੀ ਤੋਂ ਕੰਮ ਕਰਵਾਉਂਦੇ ਹਨ। ਇਸ ਨੂੰ ਲੁੱਟਦੇ ਹਨ ਪਰ ਖ਼ਤਮ ਨਹੀਂ ਕਰਦੇ। ਮਜ਼ਦੂਰ ਜਮਾਤ ਦੇ ਰਾਜ ਸਮੇਂ ਇਸ ਦੀ ਡਿਕਟੇਟਰਸ਼ਿਪ ਜਗੀਰਦਾਰੀ ਤੇ ਸਰਮਾਏਦਾਰੀ ਦੇ ਨਾਲ ਹੀ ਇਸ ਵਿਹਲੜ ਜਮਾਤ ਨੂੰ ਹੀ ਖ਼ਤਮ ਕਰ ਦਿੰਦੀ ਹੈ ਕਿਉਂਕਿ ਇਸ ਵਿਹਲੜ ਲੁਟੇਰੀ ਜਮਾਤ ਤੋਂ ਬਗੈਰ ਸਗੋਂ ਸਮਾਜ ਦਾ ਕੰਮ ਚੰਗਾ ਚੱਲਦਾ ਹੈ। ਸੋ ਰਾਜ ਸੱਤਾ ਉੱਕੀ ਕੋਈ ਧਾਰਮਿਕ ਜਾਂ ਰੂਹਾਨੀ ਭਾਵਨਾ ਨਹੀਂ ਹੁੰਦੀ। ਇਹ ਜਮਾਤੀ ਵਿਰੋਧ ਤੇ ਦੁਸ਼ਮਣੀ ਵਿਚੋਂ ਪੈਦਾ ਹੋਇਆ ਧੱਕੇ ਅਤੇ ਜਬਰ ਕਰਨ ਦਾ ਹਥਿਆਰ ਹੈ। ਇਹ ਜਮਾਤੀ ਹਕੂਮਤ ਦਾ ਸ਼ਸਤਰ ਹੈ। ਸੰਸਾਰ ਪ੍ਰਸਿੱਧ ਆਰਥਿਕ ਵੇਤਾ ਕਾਰਲ ਮਾਰਕਸ ਇਸ ਬਾਰੇ ਸਾਫ ਇਸ ਤਰ੍ਹਾਂ ਲਿਖਦਾ ਹੈ:

"The State is an organ of class of rule, an organ of oppression of one class by another, it creates 'order' which legalises and perpetuates this oppression by moderating the collision between classes."

ਕਾਰਲ ਮਾਰਕਸ ਦੇ ਇਹ ਇਤਿਹਾਸਕ ਤੇ ਸਾਇੰਸੀ ਸੱਚਾਈ ਦੇ ਬਚਨ ਹਨ ਅਤੇ ਰਾਜ ਸੱਤਾ ਦੇ ਅਸਲੇ ਨੂੰ ਬਿਲਕੁਲ ਸਾਫ ਨੰਗਾ ਕਰ ਕੇ ਦੱਸਦੇ ਹਨ। ਕੋਈ ਪਰਦਾ ਨਹੀਂ ਰੱਖਦੇ, ਇਨ੍ਹਾਂ ਦਾ ਭਾਵ ਇਹ ਹੈ:

ਰਾਜ ਸੱਤਾ (ਹਕੂਮਤ) ਜਮਾਤੀ ਰਾਜ ਦਾ ਆਰਗਨ (ਸ਼ਸਤਰ) ਹੈ। ਇਹ ਇਕ ਜਮਾਤ ਦੇ ਹੱਥੋਂ ਦੂਜੀ ਉੱਤੇ ਧੱਕਾ ਕਰਨ ਦਾ ਸਾਧਨ ਹੈ। ਇਹ ਨਾਂ ਧਰੀਕ 'ਅਮਨ' ਕਾਇਮ ਕਰਦਾ ਹੈ ਜੋ ਅਸਲੋਂ ਦੋਹਾਂ ਜਮਾਤਾਂ ਵਿਚਕਾਰ ਟੱਕਰ ਨੂੰ ਨਰਮ ਕਰ ਕੇ ਇਸ ਧੱਕੇ ਤੇ ਜ਼ੁਲਮ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦੇ ਦਿੰਦਾ ਹੈ ਅਤੇ ਇਸ ਨੂੰ ਪੱਕਿਆਂ ਕਰਦਾ ਹੈ। ਮਿਸਾਲ ਲਈ ਮੰਨੂ ਸਿਮਰਤੀ ਅਤੇ ਮਜ਼ਹਬਾਂ ਦੀਆਂ ਪੁਰਾਣੀਆਂ ਪੁਸਤਕਾਂ ਨੂੰ ਪੜ੍ਹੋ ਅਤੇ ਅਛੂਤਾਂ, ਤੀਵੀਆਂ ਬਾਰੇ ਤੇ ਗੁਲਾਮਾਂ, ਕਿਸਾਨਾਂ ਤੇ ਮਜ਼ਦੂਰਾਂ ਦੀ ਮਿਹਨਤ ਲੁੱਟਣ ਵਾਲੇ ਜ਼ੁਲਮੀ ਕਾਨੂੰਨਾਂ ਨੂੰ ਪੜ੍ਹੋ।



ਸੋ, ਇਹ ਹੈ ਰਾਜ ਸੱਤਾ ਜਾਂ ਪੁਲੀਟੀਕਲ ਤਾਕਤ ਦੀ ਅਸਲੀਅਤ। ਇਹ ਨਾ ਧਰਮ ਦੀ ਸ਼ਰਧਾ ਵਿਚੋਂ ਪੈਦਾ ਹੁੰਦਾ ਹੈ ਤੇ ਨਾ ਹੀ ਇਹ ਸਰਬੱਤ ਦੇ ਭਲੇ ਲਈ ਵਰਤੀ ਜਾਂਦੀ ਹੈ। ਇਹ ਤਾਂ ਇਕੋ ਜਮਾਤ ਦੇ ਭਲੇ ਲਈ ਵਰਤੀ ਜਾਂਦੀ ਹੈ। ਇਹ ਰਾਜ ਸੱਤਾ ਜਿਸ ਜਮਾਤ ਦੇ ਹੱਥ ਵਿਚ ਆਵੇਗੀ, ਉਹ ਜ਼ਰੂਰੀ ਤੌਰ 'ਤੇ ਇਸ ਨੂੰ ਦੂਜੀ ਜਮਾਤ ਉਪਰ ਜਬਰ ਤੇ ਧੱਕੇ ਲਈ ਵਰਤੇਗੀ। ਜਗੀਰਦਾਰ ਤੇ ਬੁਰਜ਼ਵਾ ਜਮਾਤਾਂ ਦੇ ਆਗੂ ਮਜ਼ਹਬ, ਧਰਮ ਤੇ ਕੌਮ ਦੇ ਨਾਂ ਉੱਤੇ ਇਸ ਤਾਕਤ ਨੂੰ ਆਪਣੇ ਹੱਥ ਵਿਚ ਲੈਂਦੇ ਹਨ ਅਤੇ ਦਾਅਵਾ ਇਹ ਕਰਦੇ ਹਨ ਕਿ ਅਸੀਂ ਸਾਰੀ ਕੌਮ ਦਾ ਭਲਾ ਕਰਾਂਗੇ ਜਾਂ ਸਰਬੱਤ ਦਾ ਭਲਾ ਕਰਾਂਗੇ ਪਰ ਅਸਲ ਵਿਚ ਉਹ ਕੇਵਲ ਆਪਣੀ ਜਮਾਤ ਦੇ ਭਲੇ ਲਈ ਹੀ ਵਰਤਦੇ ਹਨ ਤੇ ਮਿਹਨਤੀ ਜਮਾਤ ਵਿਰੁੱਧ ਇਸ ਨੂੰ ਪੂਰੀ ਤਾਕਤ ਨਾਲ ਵਰਤਦੇ ਹਨ ਤੇ ਲੁੱਟ-ਖਸੁੱਟ ਕਰਦੇ ਹਨ।

ਰੂਸ ਦੇ ਜ਼ਾਰ ਧਰਤੀ ਉੱਤੇ 'ਛੋਟਾ ਖੁਦਾ' ਸਦਾ ਕੇ ਰਾਜ ਕਰਦੇ ਸਨ। ਜਾਪਾਨੀ ਸ਼ਾਹੀ ਖਾਨਦਾਨ ਵੀ ਸਿੱਧਾ ਰੱਬ ਨਾਲ ਰਿਸ਼ਤਾ ਜੋੜ ਕੇ ਰਾਜ ਕਰਦਾ ਸੀ। ਹਿਟਲਰ ਨੂੰ ਵੀ ਰੱਬੀ ਬੰਦਾ ਬਣਾ ਕੇ ਡਿਕਟੇਟਰ ਬਣਾਇਆ ਗਿਆ ਸੀ ਤੇ ਜਰਮਨ ਨਸਲ ਰੱਬ ਵਲੋਂ ਭੇਜੀ ਹੋਈ ਵਿਸ਼ੇਸ਼ ਗੁਣਾਂ ਵਾਲੀ, ਸਾਰੀ ਦੁਨੀਆ ਉਪਰ ਰਾਜ ਕਰਨ ਦੀ ਅਧਿਕਾਰੀ ਦੱਸੀ ਜਾਂਦੀ ਸੀ। ਇਸਲਾਮੀ ਰਾਜ ਵੀ ਰੱਬ ਵਲੋਂ ਖਲੀਫੇ ਭੇਜ ਕੇ ਕੀਤਾ ਸੀ ਤੇ ਹਿੰਦੁਸਤਾਨ ਦੇ ਰਾਜੇ ਈਸ਼ਵਰ ਦੇ ਅਵਤਾਰ ਬਣ ਕੇ ਰਾਜ ਕਰਦੇ ਸਨ ਪਰ ਇਨ੍ਹਾਂ ਰੱਬੀ ਤੇ ਧਾਰਮਿਕ ਰਾਜਾਂ ਦੀਆਂ ਲੁੱਟਾਂ ਮਾਰਾਂ ਤੇ ਅਤਿਆਚਾਰਾਂ ਨਾਲ ਇਤਿਹਾਸ ਰੰਗੇ ਪਏ ਹਨ। ਇਨ੍ਹਾਂ ਦਾ ਸਮਾਂ ਕਾਲਾ ਜੁੱਗ ਸਦਾਉਂਦਾ ਹੈ।

ਰਾਜਸੀ ਤਾਕਤਾਂ ਨੂੰ ਰੱਬ ਵਲੋਂ ਭੇਜੀਆਂ ਜਾਂ ਧਰਮ ਵਿਚੋਂ ਉਤਪੰਨ ਹੋਈਆਂ ਇਸ ਵਾਸਤੇ ਦੱਸਿਆ ਜਾਂਦਾ ਹੈ ਕਿ ਆਮ ਭੋਲੀ ਜਨਤਾ ਰਾਜਿਆਂ ਤੇ ਰਾਜ ਕਰਮਚਾਰੀਆਂ ਦੇ ਅਤਿਆਚਾਰਾਂ ਤੇ ਅਨਰਥਾਂ ਉਪਰ ਇਤਰਾਜ਼ ਨਾ ਕਰੇ। ਅੱਖਾਂ ਮੀਟ ਕੇ ਸਤਿ ਬਚਨ ਆਖ ਕੇ ਜ਼ੁਲਮ ਸਹੀ ਜਾਵੇ ਅਤੇ ਆਖੇ ਕਿ ਇਹ ਲੋਕ ਜੋ ਕੁਝ ਕਰਦੇ ਹਨ, ਰੱਬ ਦੇ ਹੁਕਮ ਅੰਦਰ ਕਰਦੇ ਹਨ। ਇਹ ਇਸੇ ਤਰ੍ਹਾਂ ਹੈ ਜਿਵੇਂ ਕਲਮਾ ਪੜ੍ਹ ਕੇ ਬਕਰੇ ਨੂੰ ਹਲਾਲ ਕਰਨਾ ਜਾਂ ਪੰਜ ਪਉੜੀਆਂ ਪੜ੍ਹ ਕੇ ਬੱਕਰਾ ਝਟਕਾਣਾ ਤੇ ਕਹਿਣਾ ਇਸ ਦੀ ਮੁਕਤੀ ਕੀਤੀ ਗਈ ਹੈ; ਜ਼ੁਲਮ ਕਰਨਾ ਤੇ ਕਹਿਣਾ ਕਿ ਧਰਮ ਤੇ ਨਿਆਂ ਕਰਦੇ ਹਾਂ। ਪਰ ਸਾਇੰਸੀ ਸਮਾਜਵਾਦ ਨੇ ਸਾਰੇ ਪਰਦੇ ਪਾੜ ਦਿੱਤੇ ਹਨ ਅਤੇ ਸਾਫ ਸਿੱਧ ਕਰ ਕੇ ਦੱਸ ਦਿੱਤਾ ਹੈ ਕਿ ਰਾਜਸੀ ਤਾਕਤ ਦੂਜੀ ਜਮਾਤ ਉਪਰ ਨਿਰੋਲ ਧੱਕਾ ਤੇ ਜਬਰ ਕਰਨ ਦੀ ਤਾਕਤ ਹੈ। ਜਗੀਰਦਾਰ ਤੇ ਸਰਮਾਏਦਾਰ ਜਮਾਤ ਇਸ ਉਪਰ ਪਰਦਾ ਪਾਉਂਦੀ ਹੈ ਤੇ ਇਸ ਨੂੰ ਰੱਬੀ ਧਾਰਮਿਕ ਜਾਂ ਕੌਮੀ ਪਵਿਤਰਤਾ ਦੇ ਪਰਦੇ ਵਿਚ ਰੱਖ ਕੇ ਵਰਤਦੀ ਹੈ ਤੇ ਇਸ ਨੂੰ ਸਭਨਾਂ ਦਾ ਭਲਾ ਕਰਨ ਤੇ ਨਿਆਂ ਕਰਨ ਵਾਲੀ ਦੱਸਦੀ ਹੈ ਪਰ ਮਜ਼ਦੂਰ ਜਮਾਤ ਅਜਿਹਾ ਪਾਖੰਡ ਨਹੀਂ ਕਰਦੀ। ਉਹ ਸਾਫ ਤੇ ਐਲਾਨੀਆ ਕਹਿੰਦੀ ਹੈ ਕਿ ਅਸੀਂ ਤਾਂ ਰਾਜਸੀ ਤਾਕਤ ਆਪਣੇ ਕਬਜ਼ੇ ਵਿਚ ਲੈ ਕੇ ਕੇਵਲ ਮਿਹਨਤੀ ਮਜ਼ਦੂਰ ਜਮਾਤ ਦੇ ਭਲੇ ਲਈ ਵਰਤਾਂਗੇ। ਸਰਬੱਤ ਦੇ ਭਲੇ ਲਈ ਨਹੀਂ, ਵਿਹਲੜ, ਧਨਾਢਾਂ ਲਈ ਨਹੀਂ ਸਗੋਂ ਜਗੀਰਦਾਰੀ ਤੇ ਸਰਮਾਏਦਾਰੀ ਦੇ ਨਾਲ ਹੀ ਇਸ ਵਿਹਲੜ ਜਮਾਤ ਨੂੰ ਵੀ ਖ਼ਤਮ ਕੀਤਾ ਜਾਇਗਾ। ਮਨੁੱਖ ਦੇ ਹੱਥੋਂ ਮਨੁੱਖ ਦੀ ਹਰ ਤਰ੍ਹਾਂ ਦੀ ਲੁੱਟ-ਖਸੁੱਟ ਖ਼ਤਮ ਕੀਤੀ ਜਾਏਗੀ ਅਤੇ ਸ਼ਰੇਣੀ ਰਹਿਤ ਸਮਾਜ ਪੈਦਾ ਕੀਤਾ ਜਾਏਗਾ ਜਿਸ ਵਿਚ ਫਿਰ ਸਾਰੇ ਮਨੁੱਖ ਕੰਮ ਕਰਨਗੇ ਅਤੇ ਖੁਸ਼ੀ ਤੇ ਆਸ ਭਰਪੂਰ ਜੀਵਨ ਗੁਜ਼ਾਰਨਗੇ। ਕੇਵਲ ਉਸ ਵੇਲੇ ਸਰਬੱਤ ਦਾ ਭਲਾ ਹੋਵੇਗਾ ਪਰ ਰਾਜ ਸੱਤਾ ਉਸ ਵੇਲੇ ਆਮ ਲੋਕਾਂ ਦੇ ਆਪਣੇ ਹੱਥ ਵਿਚ ਰਹੇਗੀ। ਜਦ ਸੰਸਾਰ ਭਰ ਵਿਚ ਸ਼ਰੇਣੀ-ਰਹਿਤ ਸਮਾਜ ਪੈਦਾ ਹੋ ਜਾਏਗਾ। ਲੁਟੇਰੀਆਂ ਤੇ ਵਿਹਲੜ ਜਮਾਤਾਂ ਮੁੱਕ ਜਾਣਗੀਆਂ, ਉਦੋਂ ਰਾਜ-ਸੱਤਾ ਦੀ ਕੋਈ ਲੋੜ ਨਹੀਂ ਰਹੇਗੀ। ਇਹ ਖੁਦ-ਬਖੁਦ ਮੁਰਝਾ ਜਾਏਗੀ।

ਆਸ਼ਾ ਹੈ ਹੁਣ ਆਪ ਨੂੰ ਸਮਝ ਆ ਗਈ ਹੋਵੇਗੀ ਕਿ ਪੁਲੀਟੀਕਲ/ਰਾਜਸੀ ਤਾਕਤ ਜਾਂ ਰਾਜ ਸੱਤਾ ਕੋਈ ਧਾਰਮਕ ਜਾਂ ਪਵਿੱਤਰ ਤਾਕਤ ਨਹੀਂ। ਇਹ ਤਾਂ ਸਪੱਸ਼ਟ ਜਬਰ ਕਰਨ ਦਾ ਸ਼ਸਤਰ ਹੈ। ਜਿਸ ਸ਼ਸਤਰ ਨਾਲ ਜਗੀਰਦਾਰਾਂ, ਰਾਜਿਆਂ ਤੇ ਬੁਰਜਵਾਜ਼ੀਆਂ ਨੇ ਮਿਹਨਤੀ ਸ਼ਰੇਣੀ ਉਪਰ ਸਦੀਆਂ ਤੋਂ ਧੱਕੇ ਜ਼ਬਰ ਤੇ ਜ਼ੁਲਮ ਕੀਤੇ ਹਨ ਤੇ ਕਰ ਰਹੇ ਹਨ। ਉਸ ਸ਼ਸਤਰ ਨੂੰ ਕਾਬੂ ਕਰ ਕੇ ਮਜ਼ਦੂਰ ਜਮਾਤ ਆਪਣੇ ਉਪਰ ਜਬਰ ਧੱਕੇ ਤੇ ਜ਼ੁਲਮ ਕਰਨ ਵਾਲਿਆਂ ਵਿਰੁੱਧ ਬੇਤਰਸੀ ਤੇ ਬੇਲਿਹਾਜ਼ੀ ਨਾਲ ਵਰਤੇਗੀ ਤੇ ਉਹਨਾਂ ਨੂੰ ਖ਼ਤਮ ਕਰੇਗੀ। ਅਜਿਹਾ ਕਰਨਾ ਮਜ਼ਦੂਰ ਜਮਾਤ ਇਤਿਹਾਸਕ ਨਿਆਂ ਸਮਝਦੀ ਹੈ।

ਇਸ ਜਬਰ ਦੇ ਹਥਿਆਰ ਨਾਲ ਜਗੀਰਦਾਰੀ ਤੇ ਸਰਮਾਏਦਾਰੀ ਜਬਰ ਤੇ ਅਨਿਆਇ ਨੂੰ ਖ਼ਤਮ ਕਰ ਕੇ ਹੀ ਨਿਆਂ ਤੇ ਅਮਨ ਕਾਇਮ ਹੋਵੇਗਾ, ਐਵੇਂ ਨਹੀਂ। ਜਦੋਂ ਜਮਾਤਾਂ ਖ਼ਤਮ ਹੋ ਜਾਣਗੀਆਂ, ਕੇਵਲ ਇਕੋ ਮਿਹਨਤੀ ਤੇ ਕਮਾਊ ਜਮਾਤ ਰਹਿ ਜਾਵੇਗੀ, ਉਨ੍ਹਾਂ ਵਿਚ ਫਿਰ ਲੜਾਈ ਝਗੜੇ ਵੀ ਖ਼ਤਮ ਹੋ ਜਾਣਗੇ। ਫਿਰ ਇਹ ਰਾਜ ਸੱਤਾ ਦਾ ਹਥਿਆਰ ਬੇਲੋੜਾ ਤੇ ਬੇਕਾਰ ਹੋ ਜਾਏਗਾ। ਸਰਬੱਤ ਦਾ ਭਲਾ ਰਾਜਸੀ ਤਾਕਤ ਨਾਲ ਨਹੀਂ ਹੁੰਦਾ, ਸਮਾਜਵਾਦਕ ਨਿਜ਼ਾਮ ਵਿਚ ਹੁੰਦਾ ਹੈ ਜਦੋਂ ਕਿ ਸ਼ਰੇਣੀ ਰਹਿਤ ਸਮਾਜ ਬਣ ਜਾਂਦਾ ਹੈ।

ਸ਼੍ਰੋਮਣੀ ਅਕਾਲੀ ਦਲ ਬਾਰੇ ਮੈਂ ਪਿੱਛੇ ਦੱਸ ਚੁੱਕਾ ਹਾਂ ਕਿ ਸਿੱਖਾਂ ਦੀ ਮੱਧ ਸ਼ਰੇਣੀ ਦੇ ਅੰਦੋਲਨ ਨਾਲ ਇਹ ਬਣਿਆ ਤੇ ਫਿਰ ਇਸ ਉੱਤੇ ਵੀ ਸਿੱਖ ਬੁਰਜਵਾਜ਼ੀ ਦੀ ਪਰਧਾਨਤਾ ਕਾਇਮ ਹੋ ਗਈ। ਚਿਰ ਤੋਂ ਇਸ ਦਾ ਪਾਲੇਟਿਕਸ ਸਿੱਖ ਬੁਰਜਵਾਜ਼ੀ ਤੇ ਹਾਰੀ ਟੁੱਟੀ ਸਿੱਖ ਜਗੀਰਦਾਰੀ ਦਾ ਪਾਲਿਟਿਕਸ ਹੈ। ਇਸ ਪਾਲਿਟਿਕਸ/ਰਾਜਨੀਤੀ ਉਪਰ ਭਾਵੇਂ ਕੋਈ ਲੇਬਲ ਲਾ ਲਉ, ਇਹ ਉਸੇ ਜਮਾਤ ਦਾ ਪਾਲਿਟਿਕਸ/ਰਾਜਨੀਤੀ ਰਹੇਗੀ ਜਿਸ ਦਾ ਅਕਾਲੀ ਦਲ ਉਪਰ ਕਬਜ਼ਾ ਹੈ।

ਸਮੇਂ-ਸਮੇਂ ਇਸ ਦੇ ਇਹ ਸਾਰੇ ਆਦਰਸ਼ ਬਣਦੇ ਰਹੇ ਹਨ: ਗੁਰਦੁਆਰਿਆਂ ਦੀ ਆਜ਼ਾਦੀ, ਸਿੱਖ ਹੱਕਾਂ ਦੀ ਰਾਖੀ, ਆਜ਼ਾਦ ਪੰਜਾਬ, ਸਿੱਖ ਸਟੇਟ, ਖਾਲਿਸਤਾਨ, ਸਿੱਖ ਸੂਬਾ, ਮੁਕੰਮਲ ਆਜ਼ਾਦੀ ਅਤੇ ਹੁਣ ਜੇ ਸਮਾਜਵਾਦ ਆਦਰਸ਼ ਰੱਖ ਕੇ ਸਿੱਖਾਂ ਵਿਚ ਕੰਮ ਕਰਨ ਦਾ ਪ੍ਰੋਗਰਾਮ ਵੀ ਬਣਾ ਲਿਆ ਜਾਵੇ, ਤਦ ਵੀ ਇਸ ਦਾ ਖਾਸਾ ਨਹੀਂ ਬਦਲੇਗਾ। ਇਸ ਦਾ ਮਕਸਦ ਕੇਵਲ ਸਿੱਖਾਂ ਦੀ ਮਿਹਨਤੀ ਸ਼ਰੇਣੀ ਨੂੰ ਗੁਮਰਾਹ ਕਰਨਾ, ਉਸ ਨੂੰ ਭੁਲੇਖਿਆਂ ਵਿਚ ਪਾਉਣਾ, ਉਸ ਨੂੰ ਜਮਾਤੀ ਜੱਥੇਬੰਦੀਆਂ ਤੇ ਜਨਤਕ ਲਹਿਰਾਂ ਤੋਂ ਲਾਂਭੇ ਰੱਖਣਾ ਹੋਵੇਗਾ ਤੇ ਸਿੱਖ ਬੁਰਜ਼ਵਾ ਤੇ ਜਗੀਰਦਾਰ ਸ਼ਰੇਣੀ ਨੂੰ ਲਾਭ ਪਹੁੰਚਾਉਣਾ ਹੋਵੇਗਾ। ਇਸ ਵਾਸਤੇ ਜੇ ਆਪ ਸੱਚਮੁੱਚ ਆਮ ਮਿਹਨਤੀ ਸਿੱਖ ਜਨਤਾ ਦੇ ਭਲੇ ਦੇ ਚਾਹਵਾਨ ਹੋ ਤਾਂ ਇਹ ਸਾਰੇ ਭਰਮ ਭੁਲੇਖੇ ਕੱਢ ਦੇਵੋ ਕਿ ਸ਼੍ਰੋਮਣੀ ਅਕਾਲੀ ਦਲ ਜਾਂ ਇਸ ਦੀ ਲੀਡਰਸ਼ਿਪ ਸਿੱਖ ਜਨਤਾ ਦਾ ਭਲਾ ਕਰ ਸਕੇਗੀ। ਉਸ ਦੇ ਸਭ ਨਾਅਰੇ, ਮੋਰਚੇ ਤੇ ਪ੍ਰੋਗਰਾਮ ਉਸੇ ਜਮਾਤ ਦੇ ਭਲੇ ਲਈ ਹੁੰਦੇ ਹਨ ਜਿਸ ਦਾ ਇਸ ਉਪਰ ਕਬਜ਼ਾ ਹੁੰਦਾ ਹੈ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ ਜੇ ਸੱਚਮੁੱਚ ਹੀ ਸ਼੍ਰੋਮਣੀ ਅਕਾਲੀ ਦਲ ਸਮਾਜਵਾਦ ਨੂੰ ਆਦਰਸ਼ ਬਣਾਉਣ ਅਤੇ ਕਿਰਤੀ ਕਿਸਾਨਾਂ ਵਿਚ ਕੰਮ ਕਰਨ ਦਾ ਪ੍ਰੋਗਰਾਮ ਬਣਾ ਲਵੇ।

ਹੋਰਨਾਂ ਮੁਲਕਾਂ ਵਿਚ ਮਜ਼ਦੂਰ ਜਮਾਤ ਵਿਚ ਇਨਕਲਾਬ ਉਭਾਰ ਸਮੇਂ ਕਈ ਮਜ਼ਹਬਾਂ ਨੇ ਇਸੇ ਤਰ੍ਹਾਂ ਕੀਤਾ ਸੀ ਤੇ ਹਿੰਦੁਸਤਾਨ ਵਿਚ ਅਵਲ ਨੰਬਰ ਦੀ ਪਿਛਾਂਹ ਖਿੱਚੂ ਜਮਾਤ ਹਿੰਦੂ ਮਹਾਂ ਸਭਾ ਨੇ ਵੀ ਪਿੱਛੇ ਜਿਹੇ ਆਪਣਾ ਆਦਰਸ਼ ਸਮਾਜਵਾਦ ਬਣਾਉਣ ਦਾ ਐਲਾਨ ਕੀਤਾ ਸੀ ਪਰ ਕੌਣ ਯਕੀਨ ਕਰੇਗਾ ਕਿ ਹਿੰਦੂ ਮਹਾਂ ਸਭਾ ਸਮਾਜਵਾਦੀ ਬਣ ਗਈ ਹੈ? ਇਹ ਤਾਂ ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚਲੀ ਵਾਲੀ ਗੱਲ ਹੈ। ਕੱਟੜ ਫਿਰਕੂ-ਜਗੀਰਦਾਰੀ ਤੇ ਰਜਵਾੜਾਸ਼ਾਹੀ ਦੀ ਹਾਮੀ ਤੇ ਮਜ਼ਦੂਰ ਸ਼ਰੇਣੀ ਤੇ ਜਮਹੂਰੀ ਆਜ਼ਾਦੀ ਦੀ ਦੁਸ਼ਮਣ ਜਮਾਤ ਸਮਾਜਵਾਦ ਦਾ ਬੁਰਕਾ ਪਾ ਕੇ ਮੈਦਾਨ ਵਿਚ ਆ ਰਹੀ ਹੈ ਪਰ ਮਜ਼ਦੂਰ ਜਮਾਤ ਹੁਣ ਜਾਗ ਪਈ ਹੈ, ਉਹ ਭੋਲੀ ਨਹੀਂ ਰਹੀ, ਇਹ ਇਨ੍ਹਾਂ ਭੁਲੇਖਿਆਂ ਵਿਚ ਹੁਣ ਨਹੀਂ ਫਸ ਸਕਦੀ।

ਆਪ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਸਾਇੰਸੀ ਸਮਾਜਵਾਦ ਅਰਥਾਤ ਮਾਰਕਸਿਜ਼ਮ ਮਜ਼ਦੂਰ ਦਾ ਸਿਧਾਂਤ ਹੈ। ਇਸ ਨੂੰ ਹੋਰ ਕੋਈ ਜਮਾਤ ਅਪਣਾ ਨਹੀਂ ਸਕਦੀ ਤੇ ਮਜ਼ਦੂਰ ਜਮਾਤ ਮਜ਼ਹਬ, ਕੌਮ, ਮੁਲਕ, ਰੰਗ ਤੇ ਨਸਲ ਆਦਿਕ ਵਿਤਕਰੇ ਭੰਨ ਕੇ ਜਥੇਬੰਦ ਹੁੰਦੀ ਹੈ। ਕੌਮੀ ਤੇ ਕੌਮਾਂਤਰੀ ਏਕਤਾ ਉਸ ਦੀ ਜਥੇਬੰਦੀ ਦੀਆਂ ਨੀਹਾਂ ਹਨ। ਸਮਾਜਵਾਦਕ ਨਿਜ਼ਾਮ ਖੜ੍ਹਾ ਕਰਨਾ ਕੇਵਲ ਮਜ਼ਦੂਰ ਜਮਾਤ ਦਾ ਕਰਤਵ ਹੈ ਤੇ ਕੋਈ ਜਗੀਰਦਾਰ ਜਾਂ ਬੁਰਜ਼ਵਾ ਪ੍ਰਧਾਨ ਮਜ਼ਹਬੀ ਜਾਂ ਕੌਮੀ ਜਥੇਬੰਦੀ ਸਮਾਜਵਾਦਕ ਨਿਜ਼ਾਮ ਲਿਆਉਣ ਦਾ ਦਾਅਵਾ ਕਰੇ ਤਾਂ ਉਸ ਦਾ ਇਹ ਲੱਛਣ ਇਕ ਸਾਂਗ ਤੋਂ ਵੱਧ ਕੁਝ ਵੀ ਨਹੀਂ ਹੁੰਦਾ। ਉਸ ਦੀ ਸ਼ਕਲ ਬਨਾਉਟੀ ਦਾਹੜੀ ਮੁੱਛਾਂ ਵਾਲੇ ਸੁਆਂਗੀ ਵਰਗੀ ਹੀ ਜਾਪੇਗੀ ਤੇ ਮਿਹਨਤੀ ਜਨਤਾ ਉਸ ਨੂੰ ਵੇਖ ਕੇ ਹੱਸੇਗੀ। ਅੱਗੇ ਹਿਟਲਰ ਤੇ ਮੁਸੋਲੀਨੀ ਕੌਮੀ ਸਮਾਜਵਾਦ ਲਿਆਉਣ ਦੇ ਦਾਅਵੇਦਾਰ ਹੋ ਗੁਜ਼ਰੇ ਹਨ। ਜੋ ਹਸ਼ਰ ਉਹਨਾਂ ਦਾ ਹੋਇਆ ਹੈ, ਉਹੋ ਹਸ਼ਰ ਨਵੇਂ ਪਾਖੰਡੀ ਮਜ਼ਹਬੀ ਸਮਾਜਵਾਦੀਆਂ ਦਾ ਹੋਵੇਗਾ।

## ਕਿਵੇਂ ਭਰੀ 'ਦਰੀਆਂ ਵਾਲੀ ਪੇਟੀ'...

# ਰੰਗਾਂ-ਨਮੂਨਿਆਂ ਦੀ ਲੀਲ੍ਹਾ ਸਿਰਜਦੇ ਹੱਥਾਂ ਨੂੰ ਸਿਜਦਾ

***'ਪੰਜਾਬ ਟਾਈਮਜ਼' ਦੇ ਪਿਛਲੇ ਤੋਂ ਪਿਛਲੇ ਅੰਕ ਨੰਬਰ 16 ਵਿਚ ਡਾ. ਜਗਦੀਸ਼ ਕੌਰ ਦੀ ਪੁਸਤਕ 'ਦਰੀਆ ਵਾਲੀ ਪੇਟੀ' ਬਾਰੇ ਉਘੇ ਸ਼ਾਇਰ ਨਵਤੇਜ ਭਾਰਤੀ ਦਾ ਲੇਖ ਛਾਪਿਆ ਗਿਆ ਸੀ। ਪਾਠਕਾਂ ਨੇ ਇਸ ਲੇਖ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਪੰਜਾਬੀ ਸਮਾਜ ਵਿਚ ਦਰੀ ਬੁਣਨਾ ਘਰ ਦੀਆਂ ਸੁਆਣੀਆਂ ਲਈ ਨਿੱਤ ਦੇ ਰੁਝੇਵੇਂ ਦਾ ਹਿੱਸਾ ਹੁੰਦੀ ਸੀ। ਦਰੀ ਧੀ ਦੇ ਦਾਜ ਵਿਚ ਗਹਿਣਿਆਂ ਵਾਂਗ ਦਿੱਤੀ ਜਾਂਦੀ ਜੋ ਕੱਚੇ-ਪੱਕੇ, ਦੋਹਾਂ ਬਿਸਤਰਿਆਂ ਦਾ ਹਿੱਸਾ ਹੁੰਦੀ। ਇਹ ਵਰਤਾਰਾ ਇੱਥੋਂ ਦੀ ਗਰਮ-ਸਰਦ ਰੁੱਤ ਵੱਲ ਵੀ ਸੰਕੇਤ ਕਰਦਾ ਹੈ। ਇਹ ਪੁਸਤਕ ਕਿਵੇਂ ਤਿਆਰ ਹੋਈ, ਇਸ ਬਾਰੇ ਡਾ. ਜਗਦੀਸ਼ ਕੌਰ ਦਾ ਇਹ ਲੇਖ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***

2018-2019 ਵਿਚ ਬੁੱਢੇ ਦਰਿਆ ਦੀ ਪੁਨਰ-ਸੁਰਜੀਤੀ ਲਈ ਮੁਹਿੰਮ ਚੱਲ ਰਹੀ ਸੀ। ਨੇੜੇ ਦੇ ਗੁਰਦੁਆਰਿਆਂ ਵਿਚ ਸੰਗਤ ਦੀ ਸ਼ਮੂਲੀਅਤ ਲਈ ਕੁਝ ਬੈਨਰ ਲਵਾਉਣੇ ਸਨ। ਮੱਥਾ ਟੇਕ ਕੇ ਸਕੱਤਰ ਨੂੰ ਮਿਲਣਾ ਸੀ। ਪੈਰ ਪਾਣੀ 'ਚ ਪਾਏ ਤਾਂ ਦਰੀ ਦੀ ਛੁਹ ਨੇ ਠੰਢੇ ਪਾਣੀ ਵਿਚ ਆਸਰਾ ਦਿੱਤਾ। ਅੱਗੇ ਪੈਰ ਸੁਕਾਉਣ ਲਈ ਫੇਰ ਦਰੀਆਂ ਵਿਛੀਆਂ ਹੋਈਆਂ ਸਨ, ਸੁਹਣੇ-ਸੁਹਣੇ ਨਮੂਨਿਆਂ ਵਾਲੀਆਂ। ਮਨ ਉਸ ਵੇਲੇ ਭਰ ਆਇਆ ਜਦ ਵੱਡੇ ਸਾਰੇ ਚੌਰਸ ਡਸਟਬਿਨ ਵਿਚ ਗਿੱਲੀਆਂ-ਭਿੱਜੀਆਂ ਦਰੀਆਂ ਪਈਆਂ ਦਿਸੀਆਂ। ਸਾਰੀ ਉਮਰ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਦੇ ਖੇਤਰ ਦੀ ਖੋਜਾਰਥਣ ਰਹੀ ਹਾਂ, ਸਮਝ ਸਕਦੀ ਹਾਂ ਕਿ ਲੋਕਾਂ ਕੋਲ ਦਰੀਆਂ, ਪੇਟੀਆਂ ਵਿਚ ਦਹਾਕਿਆਂ ਤੋਂ ਸਾਂਭੀਆਂ ਪਈਆਂ ਨੇ, ਹੁਣ ਜਦੋਂ ਇਨ੍ਹਾਂ ਦੀ ਲੋੜ ਨਹੀਂ ਰਹੀ ਜਾਂ ਸਾਂਭਣ ਵਾਲੇ ਅਗਲੇ ਦੇਸ ਦੀ ਯਾਤਰਾ 'ਤੇ ਹਨ ਤਾਂ ਉਹ ਆਪਣੀਆਂ ਅਤਿ



**ਡਾ. ਜਗਦੀਸ਼ ਕੌਰ**
**ਫੋਨ: +91-92564-46863**

ਪਿਆਰੀਆਂ ਵਸਤਾਂ ਸ਼ਰਧਾ ਨਾਲ ਇਥੇ ਦੇ ਜਾਂਦੇ ਹਨ।

ਮਗਰੋਂ ਪਤਾ ਲੱਗਿਆ ਕਿ ਕਟਾਣਾ ਸਾਹਿਬ ਗੁਰਦੁਆਰੇ ਵਿਚ ਲਗਭਗ ਰੋਜ਼ 15-20 ਦਰੀਆਂ ਚੜ੍ਹਦੀਆਂ ਹਨ ਜਿਨ੍ਹਾਂ ਨੂੰ ਬਾਹਰ ਬੈਠ ਕੇ ਪਾਠ ਕਰਨ ਵਾਲੇ ਸ਼ਰਧਾਲੂ ਹੇਠ ਵਿਛਾ ਲੈਂਦੇ ਹਨ। ਇਹ ਲੋਕਾਂ ਦਾ ਆਪਣੀਆਂ ਕਲਾ ਕ੍ਰਿਤਾਂ ਪ੍ਰਤਿ ਸ਼ਰਧਾ ਵੀ ਹੈ ਕਿ 'ਸੇਵਾ ਥਾਇ ਪਵੇ'। ਗੁਆਚਦੇ ਜਾਂਦੇ ਇਸ ਵਿਰਸੇ ਬਾਰੇ ਸੋਚਦਿਆਂ ਜੀਅ ਕੀਤਾ, ਸਾਰੇ ਘਰਾਂ ਵਿਚੋਂ ਇਹ ਦਰੀਆਂ ਲੈ ਕੇ ਕਿਤੇ ਸਾਂਭ ਲਵਾਂ ਪਰ ਕਿਵੇਂ? ਉਂਝ ਵੀ ਇਹ ਕੱਲੇ-ਕਾਰੇ ਦੇ ਵੱਸ ਦਾ ਕੰਮ ਨਹੀਂ, ਸੰਸਥਾ ਦਾ ਹੈ। ਕਈ ਦਿਨ-ਹਫ਼ਤੇ-ਮਹੀਨੇ ਇਸ ਨਾਲ ਖੌਝਲਦੀ ਰਹੀ। ਫਿਰ ਸੋਚਿਆ, ਹੋਰ ਕੁਝ ਨਹੀਂ ਕਰ ਸਕਦੇ ਤਾਂ ਔਰਤਾਂ ਦੀ ਇਸ ਕਲਾ ਦੇ ਨਮੂਨਿਆਂ ਦਾ ਦਸਤਾਵੇਜ਼ ਤਾਂ ਤਿਆਰ ਕਰ ਸਕਦੇ ਹਾਂ। ਇਸੇ ਵਿਚਾਰ ਨੇ ਦਰੀਆਂ ਦੀ ਇਸ ਕੌਫ਼ੀ ਟੇਬਲ ਬੁੱਕ ਵੱਲ ਤੋਰਿਆ।

ਖੇਤਰੀ ਕਾਰਜ ਕਰਦਿਆਂ ਪਹਿਲੀ ਵਾਰ ਦਰੀਆਂ ਨੂੰ ਹਰ ਕੋਣ ਤੋਂ ਦੇਖਿਆ। ਨਮੂਨੇ, ਜਾਲੀਆਂ, ਬਾਡਰ, ਰੰਗ ਤੇ ਭਾਸ਼ਾ। ਗੱਲਾਂ ਕਰਦੀ ਬਲਬੀਰ ਕੌਰ ਨੇ ਬੱਸ ਕੀਲ ਹੀ ਲਿਆ। ਆਪਣੀ ਦੁੱਖਾਂ ਭਰੀ ਕਹਾਣੀ ਸੁਣਾਉਂਦਿਆਂ ਉਹ ਕਹਿੰਦੀ, "ਜੀ! ਜਿੱਦਣ ਦਰੀ ਉਤਰਦੀ, ਮੈਂ ਤਾਂ ਉੱਡੀ ਈ ਫਿਰਦੀ।" ਲੱਗਿਆ ਮਾਰਾਂ ਦੀ ਝੰਬੀ ਔਰਤ ਨੂੰ ਕਲਾ ਕਿਵੇਂ ਜਿਊਣ ਜੋਗਾ ਕਰੀ ਰੱਖਦੀ ਹੈ, ਇਸ ਦਾ ਪ੍ਰਤੱਖ ਪ੍ਰਮਾਣ ਸਾਹਮਣੇ ਸੀ। ਫਿਰ ਚੱਲ ਸੋ ਚੱਲ। ਦਰੀਆਂ ਦੀ ਭਾਸ਼ਾ ਰਾਹੀਂ ਔਰਤ-ਮਨ ਦੇ ਦਰਸ਼ਨ ਹੋ ਰਹੇ ਸਨ। ਮੈਂ ਕਿਤਾਬ ਦਾ ਦੂਜਾ ਭਾਗ ਸਰੋਤਾਂ ਨਾਲ ਗੱਲਬਾਤ ਦਾ 'ਸਾਡੇ ਸਰੋਤ' ਉਲੀਕ ਲਿਆ ਜਿਸ ਵਿਚ ਘੱਟੋ-ਘੱਟ 100 ਸਰੋਤ ਸ਼ਾਮਲ ਕਰਨੇ ਸਨ। ਇਹ ਕੰਮ ਬਹੁਤ ਵੱਡਾ ਅਤੇ ਫੈਲਿਆ ਹੋਇਆ ਸੀ। ਸੁਰਿੰਦਰ ਜੈਪਾਲ ਜਿਨ੍ਹਾਂ ਸਦਕਾ ਦੋ-ਤਿੰਨ ਸਰੋਤਾਂ ਤੱਕ ਪਹੁੰਚ ਬਣੀ ਸੀ, ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਦੂਜੇ ਭਾਗ ਲਈ ਜੋ ਇੰਟਰਵਿਊ ਕੀਤੀਆਂ ਹਨ, ਉਹ ਲਿਖ ਲੈਣ। ਉਨ੍ਹਾਂ ਦੀ ਸ਼ਮੂਲੀਅਤ ਸਦਕਾ ਮੇਰਾ ਕੁਝ ਭਾਰ ਵੰਡਿਆ ਗਿਆ। 100 ਵਿਚੋਂ ਲਗਭਗ 29 ਉਨ੍ਹਾਂ ਨੇ ਲਿਖੀਆਂ। ਇਸ ਕਿਤਾਬ ਵਿਚ 250 ਤੋਂ ਵੱਧ ਨਮੂਨੇ ਸ਼ਾਮਲ ਕੀਤੇ ਹਨ, ਲਗਭਗ 20-25 ਵਿਲੱਖਣ ਨਮੂਨੇ ਵੀ ਉਨ੍ਹਾਂ ਸਦਕਾ ਸ਼ਾਮਲ ਹੋਏ। ਇਸ ਕਿਤਾਬ ਦੀ ਵਿਉਂਤਬੰਦੀ ਵਿਧੀਵਤ ਰੂਪ-ਰੇਖਾ ਵਰਗ-ਵੰਡ ਅਤੇ ਹੋਰ ਪਹਿਲੂਆਂ ਦਾ ਇੰਟਰ ਯੂਨੀਵਰਸਿਟੀ ਸੈਂਟਰ ਦਿੱਲੀ ਦੀ ਖੋਜ ਸੰਸਥਾ ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀ ਸ਼ਿਮਲਾ ਵਿਖੇ ਦਿੱਤੀਆਂ ਦੋ ਪੇਸ਼ਕਾਰੀਆਂ ਸਦਕਾ ਸੰਭਵ ਹੁੰਦਾ ਗਿਆ।

ਪੰਜਾਬ ਅਜਿਹੀ ਭੂਗੋਲਿਕ ਇਕਾਈ ਹੈ ਜਿਸ ਦੀ ਆਬੋ-ਹਵਾ ਸਦਕਾ ਇਸ ਦਾ ਮਾਲਵਾ ਇਲਾਕਾ ਕਪਾਹ ਪੱਟੀ ਵਜੋਂ ਵਿਕਸਿਤ ਹੋਇਆ। ਨਰਮਾ/ਕਪਾਹ ਬਿਸਤਰਿਆਂ ਲਈ ਮੁੱਢਲੀ ਸਮੱਗਰੀ ਹੈ। ਔਰਤਾਂ ਨੇ ਆਪਣੇ ਸੁਹਜ ਅਤੇ ਕਲਾਕਾਰੀ ਰਾਹੀਂ ਬਿਸਤਰਿਆਂ ਵਿਚ ਆਮ ਦਰੀ ਨੂੰ ਇਉਂ ਰੰਗਲੀ ਬਣਾ ਲਿਆ ਕਿ ਦਾਜ ਅਤੇ ਦਰੀ ਦੀ ਗੂੜ੍ਹੀ ਸਕੀਰੀ ਤੁਰ ਪਈ। ਪੇਂਡੂ ਦਸਤਕਾਰੀ ਦੀ ਸ਼ਾਨਦਾਰ ਪਰੰਪਰਾ ਵਿਚ ਇਹ ਔਰਤ ਹੁਨਰ ਦੀ ਵੱਡੀ ਪਛਾਣ ਬਣ ਗਈ। ਪੰਜਾਬ ਵਿਚ ਦਰੀ ਦਾ ਇਤਿਹਾਸ ਸਹਿਜੇ ਹੀ ਚਰਖੇ ਦੀ ਆਮਦ ਨਾਲ ਜਾ ਜੁੜਦਾ ਹੈ। ਚਰਖੇ ਦਾ ਇਤਿਹਾਸ ਫਰੋਲੀਏ ਤਾਂ ਸਾਡੀ ਲੋਕਧਾਰਾ ਵਿਚ ਚੰਨ 'ਤੇ ਬੈਠੀ ਬੇਬੇ ਚਰਖਾ ਕੱਤਦੀ ਮਿਲ ਪੈਂਦੀ ਹੈ। 'ਇੰਡਸਟ੍ਰੀਅਲ ਆਰਟਸ ਆਫ ਇੰਡੀਆ' ਦਾ ਲੇਖਕ ਜੀ.ਸੀ.ਐੱਮ. ਬਰਡਵੁੱਡ ਦਰੀ (ਜੋ ਭਾਰਤੀ ਕਿਲਿਮ ਵਰਗੀ ਹੈ) ਦੀਆਂ ਪੈੜਾਂ ਦੀ ਨਿਸ਼ਾਨਦੇਹੀ ਪੰਜਵੀਂ ਸਦੀ ਈਸਾ ਪੂਰਵ ਤੱਕ ਕਰਦਾ ਹੈ। 'ਐਗਰੇਰੀਅਨ ਸਿਸਟਮ ਆਫ ਮੁਗਲ ਇੰਡੀਆ' (1556-1707) ਦੇ ਲੇਖਕ ਇਰਫ਼ਾਨ ਹਬੀਬ ਅਨੁਸਾਰ, ਭਾਰਤ ਵਿਚ ਚਰਖਾ ਇਰਾਨ ਵਿਚੋਂ 13ਵੀਂ ਸਦੀ ਵਿਚ ਆਇਆ। ਮਗਰੋਂ ਸਾਡੀ ਕਪਾਹ ਪੱਟੀ ਦਾ ਮੁਖ ਸੰਦ ਹੀ ਨਹੀਂ ਬਣਿਆ ਬਲਕਿ ਮਾਲਵੇ 'ਚ ਰੰਗਲਾ ਚਰਖਾ ਦਾਜ-ਦਹੇਜ ਦੀ ਸ਼ਾਨ ਵੀ ਬਣ ਗਿਆ। ਕਿੱਸਾ, ਸੂਫ਼ੀ, ਗੁਰਮਤਿ ਕਾਵਿ ਵਿਚ ਇਹ ਚਰਖਾ ਜੀਵ-ਆਤਮਾ, ਕਾਰ ਕਮਾਉਂਦੀ ਮਨੁੱਖੀ ਦੇਹ ਦਾ ਪ੍ਰਤੀਕ ਵੀ ਬਣ ਕੇ ਉੱਭਰਿਆ। ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਵਿਚ ਦਰੀਆਂ ਬੁਣਨ ਦੀ ਪਰੰਪਰਾ ਵੀ ਕਈ ਸਦੀਆਂ ਪੁਰਾਣੀ ਹੈ।

ਦਰੀਆਂ ਦੇ ਖੇਤਰੀ ਕਾਰਜ ਦੌਰਾਨ ਸਭ ਤੋਂ ਵੱਧ ਦਰੀਆਂ ਸ਼ਤਰੰਜ/ਸ਼ਤਰੰਜੀਆਂ ਦੀਆਂ ਮਿਲੀਆਂ। ਭਾਈ ਕਾਨ੍ਹ ਸਿੰਘ ਨਾਭਾ ਆਪਣੇ 'ਮਹਾਨ ਕੋਸ਼' ਵਿਚ ਸ਼ਤਰੰਜੀ ਲਈ ਸਮਾਨਾਂਤਰ ਸ਼ਬਦ 'ਦਰੀ' ਦੱਸਦੇ ਹਨ। ਹੋ ਸਕਦਾ, ਪਹਿਲਾਂ ਇਹ ਵਿਸ਼ੇਸ਼ ਰੂਪ ਵਿਚ ਖੇਡਣ ਲਈ ਬੁਣੀ ਜਾਂਦੀ ਹੋਵੇ, ਮਗਰੋਂ ਆਮ ਵਿਛਾਉਣੇ ਵਜੋਂ ਪ੍ਰਚਲਿਤ ਹੋ ਗਈ ਹੋਵੇ। ਇਸ ਹਿਸਾਬ ਨਾਲ ਇਸ ਦੀਆਂ ਪੈੜਾਂ ਮਹਾਂਭਾਰਤ ਤੱਕ ਦੇਖੀਆਂ ਜਾ ਸਕਦੀਆਂ ਹਨ। ਕੁਝ ਵਿਦਵਾਨ 'ਦਰੀ' ਸ਼ਬਦ ਦੀ ਉਤਪਤੀ ਪਰਸ਼ੀਅਨ ਸ਼ਬਦ 'ਦਰ' ਤੋਂ ਮੰਨਦੇ ਹਨ। ਜੇ.ਕੇ. ਮਮਫੋਰਡ ਆਪਣੀ ਪੁਸਤਕ 'ਓਰੀਐਂਟਲ ਰੱਗਜ਼' (1900) ਵਿਚ ਜ਼ਿਕਰ ਕਰਦਾ ਹੈ ਕਿ ਪਰਸ਼ੀਅਨ ਲੋਕ ਦਰ 'ਤੇ ਕਿਲਿਮ ਵਿਛਾਉਂਦੇ ਸਨ ਜਿਨ੍ਹਾਂ ਨੂੰ 'ਦੋਰੂ' ਵੀ ਕਿਹਾ ਜਾਂਦਾ ਸੀ। ਲਾਤੀਨੀ ਭਾਸ਼ਾ ਦਾ ਸ਼ਬਦ 'ਸਤਰਿਮਨ' (ਵਿਛਿਆ ਹੋਇਆ, ਬੈੱਡ, ਕਾਊਚ) ਸੰਸਕ੍ਰਿਤ ਦੇ ਸ਼ਬਦ 'ਸਤਰਿ' ਵਿਚ ਰੂਪਾਂਤਰਿਤ ਹੁੰਦਾ ਹੋਇਆ ਪੰਜਾਬੀ ਵਿਚ 'ਦਰੀ' ਬਣਿਆ ਦਿਸਦਾ ਹੈ। ਲਾਤੀਨੀ ਭਾਸ਼ਾ ਵਿਚ ਇਹਦੇ ਸਮਾਨਾਂਤਰ ਹੋਰ ਸ਼ਬਦ 'ਲਿਟਰ' (ਮੂਲ ਸ਼ਬਦ ਫਰਾਂਸੀਸੀ) ਹੈ ਜਿਸ ਦਾ ਅਰਥ 'ਵਿਛੌਣੇ ਲਈ ਘਾਹ ਫੂਸ' ਆਦਿ ਹੈ। ਪੰਜਾਬ ਵਿਚ ਦਰੀ ਬੁਣਨ ਦੀ ਕਲਾ ਔਰਤਾਂ ਦੇ ਹੱਥਾਂ ਵਿਚ ਵਿਗਸੀ ਹੈ। ਸ਼ਬਦਾਂ ਵਾਂਗ ਔਰਤ ਅਤੇ ਦਰੀ ਦਾ ਸਬੰਧ ਵੀ ਓਨਾ ਹੀ ਗੂੜ੍ਹਾ ਹੈ।

ਪੰਜਾਬੀ ਸਮਾਜ ਵਿਚ ਦਰੀ ਬੁਣਨਾ ਘਰ ਦੀਆਂ ਸੁਆਣੀਆਂ ਲਈ ਨਿੱਤ ਦੇ ਰੁਝੇਵੇਂ ਦਾ ਹਿੱਸਾ ਹੁੰਦੀ ਸੀ। ਦਰੀ ਧੀ ਦੇ ਦਾਜ ਵਿਚ ਗਹਿਣਿਆਂ ਵਾਂਗ ਦਿੱਤੀ ਜਾਂਦੀ ਜੋ ਕੱਚੇ-ਪੱਕੇ, ਦੋਹਾਂ ਬਿਸਤਰਿਆਂ ਦਾ ਹਿੱਸਾ ਹੁੰਦੀ। ਇਹ ਵਰਤਾਰਾ ਇੱਥੋਂ ਦੀ ਗਰਮ-ਸਰਦ ਰੁੱਤ ਵੱਲ ਵੀ ਸੰਕੇਤ ਕਰਦਾ ਹੈ। ਇਸ ਲਈ ਸਦਾ ਲੰਮੀ ਵਿਉਂਤਬੰਦੀ ਤੁਰਦੀ ਰਹਿੰਦੀ। ਕਪਾਹ ਚੁਗਣ ਵੇਲੇ ਮੋਟੀਆਂ ਫੁੱਟੀਆਂ ਇੱਕ ਪਾਸੇ ਰੱਖ ਲਈਆਂ ਜਾਂਦੀਆਂ। ਸਿਆਣੀਆਂ ਔਰਤਾਂ ਬਰੀਕ ਸੂਤ ਕੱਤਦੀਆਂ ਤਾਂ ਕਿ ਬੁਣਾਈ ਵਿਚ ਬਗੌੜ ਨਾ ਰਹੇ। ਰੰਗਾਂ ਦੀ ਆਪਣੀ ਲੀਲ੍ਹਾ ਹੁੰਦੀ। ਘਰਾਂ ਵਿਚ ਵਰਤਣ ਵਾਲੀਆਂ ਦਰੀਆਂ ਲਈ ਔਰਤਾਂ ਕਪਾਹ ਵਿਚ ਖ਼ਾਕੀ ਕਪਾਹ ਦੇ ਬੀਜ ਰਲਾ ਦਿੰਦੀਆਂ ਜਿਸ ਤੋਂ ਬਣੇ ਸੂਤ ਨੂੰ ਰੰਗਣਾ ਨਹੀਂ ਸੀ ਪੈਂਦਾ। ਜੰਡ/ਕਿੱਕਰਾਂ ਦੇ ਸੱਕ ਤੋਂ ਭੂਰਾ ਰੰਗ ਬਣਾ ਲਿਆ ਜਾਂਦਾ। ਸੂਤ ਨੂੰ ਟੀਨੋਪਾਲ ਦੇ ਕੇ ਚਿੱਟਾ ਕਰ ਲਿਆ ਜਾਂਦਾ। ਡੱਬੀ ਵਾਲੇ ਰੰਗ ਲਲਾਰੀਆਂ ਤੋਂ ਮਿਲ ਜਾਂਦੇ ਜਾਂ ਮੰਡੀ ਵਾਲੇ ਬਾਣੀਏ ਤੋਂ। ਸੂਤ ਰੰਗਣ ਮਗਰੋਂ ਸੁਆਹ ਵਿਚ ਦੱਬ ਕੇ ਉਹਦੀ ਸੋਈ (ਛੋਈ) ਕੱਢੀ ਜਾਂਦੀ, ਵਾਧੂ ਰੰਗ ਸੁਆਹ ਚੱਟ ਜਾਂਦੀ।







*'ਦਰੀਆਂ ਵਾਲੀ ਪੇਟੀ' ਦਾ ਮੁਖੜਾ ਅਤੇ (ਸੱਜੇ) 'ਦਰੀਆਂ ਵਾਲੀ ਪੇਟੀ' ਦੀ ਅੰਦਰਲੀ ਝਾਤ*

ਦਰੀ ਤਣਨ-ਬੁਣਨ ਵੇਲੇ ਵਿਚਾਰ ਵੀ ਕਰ ਲਏ ਜਾਂਦੇ। ਕਿਸੇ ਕਾਮੇ ਬੰਦੇ ਦਾ ਪੈੜਾ (ਪੋਖਾ) ਲਿਆ ਜਾਂਦਾ ਜਾਂ ਕਿਸੇ ਗੁਰੂ-ਪੀਰ-ਦੇਵਤੇ ਨੂੰ ਅਰਾਧ ਲਿਆ ਜਾਂਦਾ ਕਿ ਦਰੀ ਸਹੀ ਸਿਰੇ ਚੜ੍ਹੇ। ਕਾਲਾ ਰੰਗ ਮਨ੍ਹਾ ਹੀ ਮੰਨਦੇ। ਦਾਜ ਵਾਲੀ ਦਰੀ ਨੂੰ ਜਾਲੀ ਬੰਨ੍ਹ ਕੇ ਫੁੱਲ ਵੀ ਗੁੰਦੇ ਜਾਂਦੇ। ਦਾਜ ਹੀ ਨਹੀਂ, ਉਨ੍ਹਾਂ ਆਪਣੀਆਂ ਮਾਵਾਂ ਵੀ ਦਿਖਾਉਣੀਆਂ ਹੁੰਦੀਆਂ। ਰੰਗਾਂ ਅਤੇ ਨਮੂਨਿਆਂ ਦੀ ਲੀਲ੍ਹਾ ਰਚਦੀ ਇਸ ਦਰੀ ਦੀ ਦਾਜ ਨਾਲ ਗੂੜ੍ਹੀ ਸਕੀਰੀ ਤੁਰ ਪਈ। ਦਰੀ ਔਰਤ ਦੇ ਸੁਪਨਿਆਂ ਦੀ ਭੇਤਣ ਸੀ। ਦਰੀ ਉਹਦੀ ਹਾਣਣ ਸੀ ਜਿਸ ਦੇ ਅੱਡੇ 'ਤੇ ਉਹਨੇ ਸੁਹਾਗ ਗਾਉਣੇ ਵੀ ਸਿੱਖੇ ਤੇ ਸਿਆਪਾ ਕਰਨਾ ਵੀ ਸਿੱਖਿਆ। ਦਰੀਆਂ ਦਾ ਅੱਡਾ ਕਾਹਦਾ, ਇਹ ਤਾਂ ਇੱਕ ਤਰ੍ਹਾਂ ਦਾ ਸਿਖਲਾਈ ਸੈਂਟਰ ਹੁੰਦਾ ਜਿਥੇ ਪਹਿਲੀ ਪੀੜ੍ਹੀ ਆਪਣੇ ਸਾਰੇ ਗੁਰ ਅਗਲੀ ਪੀੜ੍ਹੀ ਦੇ ਪੱਲੇ ਪਾ ਜਾਂਦੀ ਅਤੇ ਆਪਣਾ ਦੁਖ-ਸੁਖ ਵੀ ਹੋ ਜਾਂਦਾ।

ਲੁਕਣ-ਛਿਪਾਈ ਵਾਂਗ ਨਮੂਨਿਆਂ ਦੇ ਲੈਣ-ਦੇਣ ਦੀ ਆਪਣੀ ਖੇਡ ਹੁੰਦੀ। ਦਾਜ ਲਈ ਹਰ ਜੁਆਨ ਕੁੜੀ ਖ਼ਾਸ ਨਮੂਨੇ ਬੁਣਨਾ ਚਾਹੁੰਦੀ ਜਿਸ ਨੂੰ ਉਹ ਲੁਕੋ-ਲੁਕੋ ਰੱਖਦੀ, ਫਿਰ ਵੀ ਇਹ ਅੱਗੇ ਤੋਂ ਅੱਗੇ ਤੁਰਦੇ ਰਹਿੰਦੇ। ਹੋਰ ਨਵੇਂ ਨਮੂਨੇ ਲੱਭਣ ਲਈ ਨਵੀਂ ਵਿਆਹੀ ਆਈ ਬਹੂ ਦੀ ਖੱਟ ਦੇਖਣ ਜ਼ਰੂਰ ਜਾਂਦੀਆਂ। ਪਿੰਡਾਂ ਵਿਚ ਗੱਲਾਂ ਛਿੜ ਜਾਂਦੀਆਂ ਬਈ ਆਹ ਨਮੂਨਾ ਪਹਿਲੀ ਵਾਰ ਦੇਖਿਐ। ਦਰੀਆਂ ਜੋੜਾ-ਜੋੜਾ ਬੁਣੀਆਂ ਜਾਂਦੀਆਂ। ਕੋਈ ਕਿਸੇ ਦੇਸ ਪਹੁੰਚ ਜਾਂਦੀ, ਕੋਈ ਕਿਸੇ ਦੇਸ। ਇਸ ਪੁਸਤਕ ਵਿਚ ਸ਼ਾਮਲ ਨੂਰ ਆਰਟ ਵਾਲਾ ਜ਼ੋਰਾਵਰ ਸਿੰਘ ਆਖਦਾ ਹੈ, "ਲੋਕ ਗੀਤਾਂ ਵਾਂਗ ਦਰੀਆਂ ਦੇ ਨਮੂਨੇ ਵੀ ਇੱਕ ਥਾਂ ਤੋਂ ਦੂਜੀ ਥਾਂ 'ਤੇ ਯਾਤਰਾ ਕਰਦੇ ਰਹਿੰਦੇ ਨੇ, ਇਹ ਆਪਣੇ ਆਪ ਵਿਚ ਖੋਜ ਦਾ ਵਿਸ਼ਾ ਹੈ। ਨਮੂਨਾ, ਲੋਕ ਗੀਤ, ਫੈਸ਼ਨ ਕਿਵੇਂ ਪ੍ਰਾਪੇਗੇਟ ਕਰਦੈ, ਔਰਤ ਦੀ ਮਾਨਸਿਕਤਾ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਰਲ਼ਦੀ ਐ, ਇਹ ਦੇਖਣ ਲਈ ਨਵੀਂ ਵਿਆਹੀ ਬਹੂ ਨੂੰ ਤੇ ਉਹਦੇ ਦਾਜ ਨੂੰ ਦੇਖਣ ਜਾਣ ਦਾ ਵਰਤਾਰਾ ਦੇਖੋ। ਬਹੂ ਪੇਕਿਆਂ ਤੋਂ 'ਕੱਲਾ ਦਾਜ ਨ੍ਹੀਂ ਲੈ ਕੇ ਆਉਂਦੀ, ਉਹ ਆਪਣੇ ਪਿੰਡ ਦੇ ਲੋਕ ਗੀਤ, ਇਲਾਕੇ ਦੇ ਮੋਟਿਫ ਤੇ ਵਰਤ-ਵਿਹਾਰ ਵੀ ਨਾਲ ਲੈ ਕੇ ਆਉਂਦੀ ਹੈ।" ਰੰਗਾਂ, ਨਮੂਨਿਆਂ ਅਤੇ ਸਮੱਗਰੀ ਦੇ ਨਵੇਂ-ਨਵੇਂ ਤਜਰਬੇ ਹੁੰਦੇ ਰਹਿੰਦੇ। ਸੂਤ ਦੀ ਥਾਵੇਂ ਟੁੱਟ, ਟਸਰ, ਪਸ਼ਮ, ਕੁੱਕੜੀਆਂ ਦੀ ਰੂੰ, ਸ਼ਨੀਲ ਅਤੇ ਲੀਰਾਂ ਵਰਤ ਕੇ ਵੀ ਦਰੀ ਬੁਣਨ ਦਾ ਯਤਨ ਹੁੰਦਾ ਰਹਿੰਦਾ। ਤਾਣੇ ਵਿਚ ਇਕਹਿਰੇ ਪੇਚੇ ਦੀ ਥਾਵੇਂ ਕਈ ਰੱਛ ਭਰ ਕੇ ਗਲੀਚੇ, ਮਜਨੂੰ, ਦੂਹਰੇ ਤਾਣੇ ਵਾਲੇ ਮਜਨੂੰ ਬੁਣਨ ਦੀ ਤਕਨੀਕ ਵੀ ਵਿਕਸਿਤ ਹੋਈ। ਦਰੀ ਬੁਣਨਾ ਕਿਸੇ ਦਾ ਸ਼ੌਕ ਹੁੰਦਾ, ਕਿਸੇ ਦੀ ਘਰੇਲੂ ਲੋੜ ਅਤੇ ਕਿਸੇ ਦਾ ਰੁਜ਼ਗਾਰ ਵੀ ਹੁੰਦਾ। ਭਾਸ਼ਾ ਪੱਖੋਂ ਦਰੀਆਂ ਦੀ ਸ਼ਬਦਾਵਲੀ, ਪੰਜਾਬੀ ਦੇ ਸ਼ਬਦ ਭੰਡਾਰ ਨੂੰ ਹੋਰ ਸਮੱਗਰ ਕਰਦੀ ਨਜ਼ਰ ਆਉਂਦੀ ਹੈ।

ਇਸ ਪੁਸਤਕ ਦੀ ਇੱਕ ਹੋਰ ਸਰੋਤ ਆਖਦੀ ਹੈ, "ਨਮੂਨੇ ਦੇਖਣੇ ਹਨ ਤਾਂ ਪਿੰਡਾਂ ਵਿਚ ਜਾ ਕੇ ਦੇਖੋ।" ਸੱਚਮੁੱਚ ਨਮੂਨੇ ਦੇਖ ਕੇ ਸਮਝ ਸਕਦੇ ਹਾਂ ਕਿ ਇਨ੍ਹਾਂ ਬੁਣਕਰ ਸੁਆਣੀਆਂ ਦੇ ਦਿਮਾਗਾਂ ਵਿਚ ਕੰਪਿਊਟ ਹੀ ਹੁੰਦਾ ਹੋਵੇਗਾ। ਇਹੀ ਪੇਂਡੂ ਸੁਆਣੀ ਦੀ ਵਿੱਦਿਆ ਸੀ ਜਿਸ ਦੀ ਪਰਖ ਦਾ ਪੈਮਾਨਾ ਉਸ ਦਾ ਸੁਹਜ ਅਤੇ ਵਰਤੋਂ ਵਿਹਾਰ ਸੀ। ਆਪਣੇ ਨਮੂਨੇ ਵਿਉਂਤਣ ਲਈ ਉਨ੍ਹਾਂ ਨੇ ਜ਼ਿੰਦਗੀ ਦੇ ਹਰ ਖੇਤਰ ਵਿਚੋਂ ਮੋਟਿਫ ਵਿਉਂਤੇ ਹਨ। ਦਿਸਦੇ ਵਸਤ-ਵਰਤਾਰਿਆਂ ਤੋਂ ਅੱਗੇ ਇਤਿਹਾਸ-ਮਿਥਿਹਾਸ-ਲੋਕਧਾਰਾ ਦੇ ਪਾਤਰਾਂ ਨੂੰ ਵੀ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਹ ਮੋਟਿਫ ਕਿਸੇ ਸਮਾਜ ਦੇ ਤਕਨੀਕੀ ਵਿਕਾਸ ਦੀ ਕਥਾ ਵੀ ਕਹਿੰਦੇ ਦਿਸਦੇ ਹਨ। ਦੀਵੇ ਟਿਊਬਾਂ ਤੱਕ, ਸਾਇਕਲ ਤੋਂ ਹਵਾਈ ਜਹਾਜ਼ ਤਕ ਹਰ ਨਮੂਨਾ ਇੱਕ ਯੁੱਗ ਦੇ ਇਤਿਹਾਸ ਦਾ ਵਰਕਾ ਜਾਪਦਾ ਹੈ। ਇਸ ਪੁਸਤਕ ਵਿਚ ਮੋਟੇ ਤੌਰ 'ਤੇ ਅਜਿਹੇ 15 ਵਰਗਾਂ ਦੀ ਨਿਸ਼ਾਨਦੇਹੀ ਕਰ ਕੇ ਨਮੂਨੇ ਵਿਉਂਤਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਕੁਦਰਤ, ਜੀਵ-ਜੰਤੂ, ਖੇਤੀਬਾੜੀ, ਪਾਣੀ, ਰੋਸ਼ਨੀ, ਇਤਿਹਾਸ-ਮਿਥਿਹਾਸ, ਗੀਤ ਸੰਗੀਤ ਆਦਿ ਸ਼ਾਮਲ ਹਨ। ਰਕਾਨਾਂ ਨਾਲ ਗੱਲਾਂ ਕਰਦਿਆਂ ਅਜਿਹੇ ਨਮੂਨਿਆਂ ਦੀ ਵੀ ਦੱਸ ਪਈ ਜੋ ਮਿਲ ਨਹੀਂ ਸਕੇ ਜਿਵੇਂ ਚਿੜੀਆਘਰ, ਦੁੱਖ ਭੰਜਨੀ ਬੇਰੀ, ਵਾਟਰ ਵਰਕਸ, ਭੰਗੜੇ ਦੀ, ਰੁਬੀਆ ਵੈਲ ਦੀ, ਕਿਸੇ ਗਾਉਣ ਵਾਲੀ ਜੋੜੀ ਦੀ ਆਦਿ। ਅਜਿਹੇ ਹੋਰ ਨਮੂਨੇ ਲੱਭਣ ਦਾ ਯਤਨ ਜਾਰੀ ਰਹੇਗਾ, ਜੇ ਕਿਤੋਂ ਮਿਲ ਗਏ ਤਾਂ ਪੁਸਤਕ ਦੇ ਅਗਲੇ ਐਡੀਸ਼ਨ ਵਿਚ ਸ਼ਾਮਲ ਕਰ ਲਏ ਜਾਣਗੇ। ਦਰੀ ਦੇ ਸੰਦ-ਸਾਧਨ-ਸਮੱਗਰੀ ਅਤੇ ਕਾਰ-ਵਿਹਾਰ ਵਿਚੋਂ ਪੰਜਾਬੀ ਸਮਾਜ ਦੀਆਂ ਜਾਤਾਂ ਦਾ ਸਹਿਚਾਰੀ ਰੂਪ ਵੀ ਦੇਖਣ ਨੂੰ ਮਿਲੇਗਾ ਜਿਥੇ ਪਿੰਡ 'ਚ ਜੁਲਾਹੇ ਤਾਣੀ ਕੱਤ ਦਿੰਦੇ, ਤਰਖਾਣ ਅੱਡਾ ਬਣਾ ਜਾਂਦੇ, ਚੁਗਾਵੀਆਂ ਮੋਟੀ ਕਪਾਹ ਅੱਡ ਚੁਗ ਦਿੰਦੀਆਂ ਅਤੇ ਸੀਰੀ ਕਿੱਕਰਾਂ/ਜੰਡਾਂ ਦਾ ਸੱਕ ਲਿਆ ਦਿੰਦੇ ਰੰਗ ਲਈ। ਔਰਤਾਂ ਵਿੜੀ ਨਾਲ ਦਰੀ ਵੀ ਬਣਵਾ ਦਿੰਦੀਆਂ।

ਦਰੀਆਂ ਦੇ ਜਿਸ ਸ਼ਾਨਦਾਰ ਦ੍ਰਿਸ਼ ਦੀ ਇਥੇ ਅਸੀਂ ਗੱਲ ਕਰ ਰਹੇ ਹਾਂ, ਉਹਦਾ ਕੈਨਵਸ 'ਵੱਡੇ ਪੰਜਾਬ' ਦਾ ਹੈ ਅਤੇ ਉਹਦੇ ਨਾਲ ਲਗਦੇ ਕੁਝ ਸਰਹੱਦੀ ਇਲਾਕੇ ਰਾਜਸਥਾਨ ਦਾ ਹੈ ਜਿਸ ਨੂੰ ਮਸ਼ੀਨੀਕਰਨ ਅਤੇ ਮੰਡੀ ਨੇ ਹਾਲੇ ਆਪਣੀ ਗ੍ਰਿਫ਼ਤ ਵਿਚ ਨਹੀਂ ਸੀ ਲਿਆ। ਇੱਕੀਵੀਂ ਸਦੀ ਦੇ ਚੜ੍ਹਨ ਤੱਕ ਇਹ ਦੌਰ ਲਗਭਗ ਸਮਾਪਤ ਹੋ ਜਾਂਦਾ ਹੈ। ਮਾਲਵੇ ਦੇ ਪਿੰਡਾਂ ਵਿਚ ਹਾਲੇ ਵੀ ਕਿਧਰੇ ਦਰੀਆਂ ਬੁਣਦੀਆਂ ਔਰਤਾਂ ਦਿਸ ਪੈਂਦੀਆਂ ਹਨ ਕਿਉਂਕਿ ਹਾਲੇ ਬੈਡ ਅਤੇ ਏ.ਸੀ. ਉਨ੍ਹਾਂ ਘਰਾਂ ਵਿਚ ਨਹੀਂ ਆਏ। ਉਂਝ, ਦਾਜ ਵਿਚ ਦਰੀ ਦੇਣ ਦੀ ਪਰੰਪਰਾ ਕਿਤੇ-ਕਿਤੇ ਬਚੀ ਹੋਈ ਹੈ ਜੋ ਬਾਜ਼ਾਰੋਂ ਖਰੀਦ

**(ਬਾਕੀ ਅਗਲੇ ਸਫੇ 'ਤੇ)**





*ਲੁਧਿਆਣਾ ਵਿਚ 'ਦਰੀਆਂ ਵਾਲੀ ਪੇਟੀ' ਰਿਲੀਜ਼ ਕਰਨ ਦੀ ਝਲਕ।*

***ਦਰੀਆਂ ਦੇ ਜਿਸ ਸ਼ਾਨਦਾਰ ਦ੍ਰਿਸ਼ ਦੀ ਇਥੇ ਅਸੀਂ ਗੱਲ ਕਰ ਰਹੇ ਹਾਂ, ਉਹਦਾ ਕੈਨਵਸ 'ਵੱਡੇ ਪੰਜਾਬ' ਦਾ ਹੈ ਅਤੇ ਉਹਦੇ ਨਾਲ ਲਗਦੇ ਕੁਝ ਸਰਹੱਦੀ ਇਲਾਕੇ ਰਾਜਸਥਾਨ ਦਾ ਹੈ ਜਿਸ ਨੂੰ ਮਸ਼ੀਨੀਕਰਨ ਅਤੇ ਮੰਡੀ ਨੇ ਹਾਲੇ ਆਪਣੀ ਗ੍ਰਿਫ਼ਤ ਵਿਚ ਨਹੀਂ ਸੀ ਲਿਆ। ਇੱਕੀਵੀਂ ਸਦੀ ਦੇ ਚੜ੍ਹਨ ਤੱਕ ਇਹ ਦੌਰ ਲਗਭਗ ਸਮਾਪਤ ਹੋ ਜਾਂਦਾ ਹੈ। ਮਾਲਵੇ ਦੇ ਪਿੰਡਾਂ ਵਿਚ ਹਾਲੇ ਵੀ ਕਿਧਰੇ ਦਰੀਆਂ ਬੁਣਦੀਆਂ ਔਰਤਾਂ ਦਿਸ ਪੈਂਦੀਆਂ ਹਨ ਕਿਉਂਕਿ ਹਾਲੇ ਬੈਂਡ ਅਤੇ ਏ.ਸੀ. ਉਨ੍ਹਾਂ ਘਰਾਂ ਵਿਚ ਨਹੀਂ ਆਏ।***

# ਭਾਰਤ ਵਿਚ ਅਕਾਦਮਿਕ ਆਜ਼ਾਦੀ ਦੇ ਮਸਲੇ

ਯੂਨੀਵਰਸਿਟੀ ਵਿਚ ਆਉਣ ਤੋਂ ਪਹਿਲਾਂ ਇਸ ਦੇ ਮਾਹੌਲ 'ਚ ਵਿਚਰਨ ਨੂੰ ਲੈ ਕੇ ਬੜਾ ਆਸਵੰਦ ਸੀ। ਮੇਰੇ ਲਈ ਯੂਨੀਵਰਸਿਟੀ ਦਾ ਖਿਆਲ ਅਜਿਹੀ ਸੰਸਥਾ ਦਾ ਖਿਆਲ ਸੀ ਜਿੱਥੇ ਵਿਚਾਰਾਂ ਦੇ ਪੁੰਗਰਨ ਦਾ ਸਭ ਤੋਂ ਢੁੱਕਵਾਂ ਮਾਹੌਲ ਹੋਵੇ, ਜਿੱਥੇ ਜਮਹੂਰੀ ਪ੍ਰਗਟਾਵੇ 'ਤੇ ਕੋਈ ਰੋਕ ਨਾ ਹੋਵੇ ਤੇ ਸਮਾਜ ਦੇ ਹਰ ਮਸਲੇ 'ਤੇ ਸੁਆਲ ਉਠਾਉਣ ਦੀ ਸਹੂਲਤ ਮਿਲੇ ਪਰ ਯੂਨੀਵਰਸਿਟੀ ਵਿਚ ਆ ਕੇ ਜਿਵੇਂ ਮੇਰੀ ਪਰਿਭਾਸ਼ਾ ਦੇ ਖੰਭ ਕੁਤਰੇ ਗਏ। ਸਮਾਜ ਦੇ ਚਿੰਤਨ ਯੋਗ ਮਸਲਿਆਂ 'ਤੇ ਬਹਿਸ ਮੁਬਾਹਿਸਿਆਂ, ਸੈਮੀਨਾਰਾਂ ਦੀ ਥਾਂ ਪਿਛਾਂਹਖਿੱਚੂ ਵਿਚਾਰਾਂ ਨੂੰ ਪ੍ਰਚਾਰਦੇ ਪ੍ਰੋਗਰਾਮ ਕਰਵਾਏ ਜਾ ਰਹੇ ਸਨ। ਭਗਵੇਂਕਰਨ ਨੇ ਯੂਨੀਵਰਸਿਟੀ ਨੂੰ ਜਕੜਿਆ ਹੋਇਆ ਸੀ ਜਿਸ ਤੋਂ ਕੀ ਵਿਦਿਆਰਥੀ ਤੇ ਕੀ ਪ੍ਰੋਫੈਸਰ, ਪੂਰੀ ਯੂਨੀਵਰਸਿਟੀ ਬਚੀ ਹੋਈ ਨਹੀਂ ਸੀ। ਅੱਜ ਇਹ ਕਿਸੇ ਇੱਕ ਯੂਨੀਵਰਸਿਟੀ ਦੀ ਕਹਾਣੀ ਨਹੀਂ ਸਗੋਂ ਭਾਰਤ ਦੇ ਕੁੱਲ ਵਿੱਦਿਅਕ ਅਦਾਰਿਆਂ ਦੀ ਦਾਸਤਾਨ ਹੈ।

**ਜੋਬਨਪ੍ਰੀਤ**
ਫੋਨ: +91-89689-29372


2023 ਦੇ ਵੀ-ਡੈਮ ਅਕਾਦਮਿਕ ਆਜ਼ਾਦੀ ਸੂਚਕ ਅਨੁਸਾਰ ਭਾਰਤ ਸੰਸਾਰ ਦੇ ਹੇਠਲੇ 20-30% ਦੇਸ਼ਾਂ 'ਚ ਆਉਂਦਾ ਹੈ ਜੋ ਲੀਬੀਆ, ਪਾਕਿਸਤਾਨ, ਇਥੋਪੀਆ, ਭੂਟਾਨ, ਯੂਕਰੇਨ ਅਤੇ ਫਲਸਤੀਨ ਤੋਂ ਵੀ ਥੱਲੇ ਹੈ: ਭਾਵ, ਇਨ੍ਹਾਂ ਦੇਸ਼ਾਂ ਵਿਚ ਵੀ ਅਕਾਦਮਿਕ ਆਜ਼ਾਦੀ ਭਾਰਤ ਨਾਲੋਂ ਵੱਧ ਹੈ। 2024 ਦੀ ਨਵੀਂ ਰਿਪੋਰਟ ਮੁਤਾਬਕ ਭਾਰਤ ਹੁਣ ਹੋਰ ਥੱਲੇ ਡਿੱਗ ਕੇ ਹੇਠਲੇ 10-20% ਦੇਸ਼ਾਂ ਵਿਚ ਸ਼ੁਮਾਰ ਹੋ ਗਿਆ ਹੈ। ਅਕਾਦਮਿਕ ਆਜ਼ਾਦੀ ਸੂਚਕ ਦੇਸ਼ ਅੰਦਰ ਬਚੀ-ਖੁਚੀ ਜਮਹੂਰੀਅਤ ਦੀ ਸਿਹਤਯਾਬੀ ਦਾ ਪੈਮਾਨਾ ਹੁੰਦਾ ਹੈ। ਅਸਲ 'ਚ ਪਿਛਲੇ ਕੁਝ ਸਾਲਾਂ ਅੰਦਰ ਇਨ੍ਹਾਂ ਅਦਾਰਿਆਂ ਵਿਚ ਜਮਹੂਰੀਅਤ ਦਾ ਘੇਰਾ ਕਾਫੀ ਭੀੜਾ ਹੋ ਗਿਆ ਹੈ। ਅਕਾਦਮਿਕ ਆਜ਼ਾਦੀ ਤੋਂ ਭਾਵ ਹੈ ਬਿਨਾਂ ਕਿਸੇ ਰੁਕਾਵਟ ਤੋਂ ਪੜ੍ਹਾਉਣ, ਖੋਜ ਕਰਨ ਅਤੇ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਆਜ਼ਾਦੀ। ਇਸ ਵਿਚ ਮੌਜੂਦਾ ਸਮਾਜਿਕ, ਆਰਥਿਕ ਤੇ ਸਿਆਸੀ ਹਾਲਾਤ ਦਾ ਵਿਸ਼ਲੇਸ਼ਣ ਜਾਂ ਰਾਇ ਰੱਖਣਾ ਵੀ ਸ਼ਾਮਿਲ ਹੁੰਦਾ ਹੈ।

ਪੜ੍ਹਾਉਣ ਅਤੇ ਪੜ੍ਹਨ ਵਾਲਿਆਂ, ਦੋਹਾਂ ਲਈ ਇਹ ਕਾਲਾ ਦੌਰ ਸਾਬਿਤ ਹੋ ਰਿਹਾ ਹੈ। ਯੂਜੀਸੀ ਦੁਆਰਾ ਆਏ ਦਿਨ ਸਿਲੇਬਸ 'ਚੋਂ ਮਿੱਥ ਕੇ ਕਿਤਾਬਾਂ ਤੇ ਰਿਪੋਰਟਾਂ ਹਟਾਈਆਂ ਜਾ ਰਹੀਆਂ ਹਨ। ਜਿਸ ਕਿਤਾਬ 'ਤੇ ਹਿੰਦੂਤਵੀ ਸੰਗਠਨ ਉਂਗਲ ਕਰਦੇ ਹਨ, ਉਹ ਜਲਦ ਹੀ ਸਿਲੇਬਸ 'ਚੋਂ ਲੋਪ ਹੋ ਜਾਂਦੀ ਹੈ। ਇਸ ਵਿਚ ਆਰ.ਐੱਸ.ਐੱਸ. ਦੁਆਰਾ ਸੰਚਾਲਿਤ ਕੌਮੀ ਜਮਹੂਰੀ ਅਧਿਆਪਕ ਫਰੰਟ ਖਾਸ ਤੌਰ 'ਤੇ ਸ਼ਾਮਿਲ ਹੈ ਜਿਸ ਦੀਆਂ ਸਿਫਾਰਸ਼ਾਂ 'ਤੇ ਕਈ ਫੇਰਬਦਲ ਕੀਤੇ ਗਏ ਹਨ। ਹਟਾਉਣ ਦੇ ਕਾਰਨ ਇਹ ਦਿੱਤੇ ਜਾਂਦੇ ਹਨ ਕਿ ਕਿਤਾਬ ਹਿੰਦੂ ਵਿਰੋਧੀ ਹੈ, ਨਕਸਲਾਂ ਦੇ ਪੱਖ ਵਿਚ ਖੜ੍ਹਦੀ ਹੈ ਜਾਂ ਸਰਕਾਰ ਵਿਰੋਧੀ ਹੈ।

ਮੰਨੇ-ਪ੍ਰਮੰਨੇ ਪੁਰਾਣੇ ਪ੍ਰੋਫੈਸਰਾਂ ਦਾ ਆਪਣੇ ਵਿਦਿਆਰਥੀਆਂ ਲਈ ਸਿਲੇਬਸ ਦੀ ਚੋਣ ਕਰਨ ਦਾ ਹੱਕ ਵੀ ਖੋਹ ਲਿਆ ਹੈ। ਖੋਜਾਰਥੀਆਂ ਲਈ ਪੀਐੱਚਡੀ ਦੇ ਵਿਸ਼ਿਆਂ ਦੀ ਆਜ਼ਾਦਾਨਾ ਚੋਣ ਹੁਣ ਖਾਲਾ ਜੀ ਦਾ ਵਾੜਾ ਨਹੀਂ ਰਿਹਾ। ਭਾਰਤੀ ਇਤਿਹਾਸਕ ਖੋਜ ਕੌਂਸਲ ਅਤੇ ਭਾਰਤੀ ਸਮਾਜਿਕ ਵਿਗਿਆਨ ਖੋਜ ਕੌਂਸਲ ਜੋ ਭਾਰਤ ਦੇ ਸਮਾਜ ਵਿਗਿਆਨ ਦੇ ਪ੍ਰਮੁੱਖ ਅਦਾਰੇ ਹਨ, ਦੇ ਖੋਜਾਰਥੀਆਂ ਦਾ ਕਹਿਣਾ ਹੈ, "ਸਾਡੇ ਖੋਜ ਪ੍ਰਾਜੈਕਟਾਂ 'ਤੇ ਲਗਾਤਾਰ ਇਤਰਾਜ਼ ਜਤਾਇਆ ਜਾਂਦਾ ਹੈ। ਕੁਝ ਖਾਸ ਵਿਸ਼ਿਆਂ 'ਤੇ ਖਾਸ ਨਜ਼ਰੀਏ ਨਾਲ ਖੋਜ ਕਰਨ ਲਈ ਕਿਹਾ ਜਾਂਦਾ ਹੈ।"

ਸਿਰਫ ਸਿਲੇਬਸ ਹੀ ਨਹੀਂ, ਕਲਾਸਾਂ ਵਿਚ ਅਧਿਆਪਕ ਕੀ ਤੇ ਕਿਵੇਂ ਪੜ੍ਹਾ ਰਹੇ ਹਨ, ਇਹ ਸੁਤੰਤਰਤਾ ਵੀ ਖੋਹੀ ਜਾ ਰਹੀ ਹੈ। ਸਿੰਬੋਇਸਿਸ ਇੰਸਟੀਟਿਊਟ ਪੂਨੇ ਦੇ ਅਧਿਆਪਕ ਅਸ਼ੋਕ ਸੋਪਨ ਢੋਲੇ ਨੂੰ ਉਸ ਦੇ ਲੈਕਚਰਾਂ ਲਈ ਬਰਖਾਸਤ ਕਰ ਕੇ ਜੇਲ੍ਹ ਡੱਕ ਦਿੱਤਾ ਗਿਆ। ਉਸ ਦਾ 'ਜੁਰਮ' ਸੀ ਕਿ ਕਲਾਸ 'ਚ ਉਹ ਸਾਰੇ ਧਰਮਾਂ ਦੀ ਬਰਾਬਰੀ 'ਤੇ ਗੱਲ ਕਰਦਾ ਸੀ। ਕੋਹਲਾਪੁਰ ਦੀ ਪ੍ਰੋਫੈਸਰ ਡਾ. ਤੇਜਸਵਿਨੀ ਦੇਸਾਈ ਨੂੰ ਕਲਾਸ ਵਿਚ ਬਿਆਨ ਦੇਣ ਕਰ ਕੇ ਜਬਰਨ ਛੁੱਟੀ 'ਤੇ ਭੇਜ ਦਿੱਤਾ। ਬਿਆਨ ਸੀ, "ਬਲਾਤਕਾਰੀ ਕਿਸੇ ਵੀ ਧਰਮ ਤੋਂ ਹੋ ਸਕਦੇ ਹਨ। ਇਹ ਕਹਿਣਾ ਗਲਤ ਹੈ ਕਿ ਖਾਸ ਧਰਮ ਜਾਂ ਫਿਰਕੇ ਦੇ ਲੋਕ ਬਲਾਤਕਾਰੀ ਹੁੰਦੇ ਹਨ।" ਉਸ ਖਿਲਾਫ ਪੁਲਿਸ ਸ਼ਿਕਾਇਤ ਵੀ ਦਰਜ ਕੀਤੀ ਗਈ। ਕੇਰਲਾ ਕੇਂਦਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਗਿਲਬਰਟ ਸਬੈਸਟੀਅਨ ਨੂੰ ਫਾਸ਼ੀਵਾਦ 'ਤੇ ਕਲਾਸ ਲੈਣ ਕਾਰਨ ਬਰਖਾਸਤ ਕਰ ਦਿੱਤਾ। ਜੋਧਪੁਰ ਯੂਨੀਵਰਸਿਟੀ ਦੇ ਡਾਕਟਰ ਰਾਜਸ਼੍ਰੀ ਰਾਣਾਵਤ ਨੂੰ ਸੈਮੀਨਾਰ ਕਰਵਾਉਣ ਲਈ ਨੌਕਰੀ ਤੋਂ ਕੱਢ ਦਿੱਤਾ। ਸਤੰਬਰ 2023 ਤੱਕ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ 48 ਅਧਿਆਪਕ ਪਿਛਲੇ ਚਾਰ ਸਾਲਾਂ 'ਤੋਂ ਪ੍ਰਸ਼ਾਸਨਿਕ ਕਾਰਵਾਈਆਂ ਦਾ ਸਾਹਮਣਾ ਕਰ ਰਹੇ ਸਨ। ਕਈ ਤਾਂ ਆਪਣੀਆਂ ਤਨਖਾਹਾਂ, ਫੈਲੋਸ਼ਿਪ ਲਈ ਅਦਾਲਤਾਂ ਵਿਚ ਅਜੇ ਤੱਕ ਕੇਸ ਲੜ ਰਹੇ ਹਨ।

ਇਉਂ ਯੂਨੀਵਰਸਿਟੀਆਂ, ਕਾਲਜਾਂ ਵਿਚ ਕਿਤਾਬਾਂ ਦੀ ਸਮੱਗਰੀ ਕੀ ਹੋਵੇਗੀ, ਅਧਿਆਪਕ ਕੀ ਪੜ੍ਹਾਵੇਗਾ, ਕਿਤੇ ਵੀ ਕੋਈ ਗੁੰਜਾਇਸ਼ ਨਹੀਂ ਛੱਡੀ ਜਾਂਦੀ ਕਿ ਵਿਦਿਆਰਥੀਆਂ ਵਿਚ ਪਿਛਾਖੜੀ ਵਿਚਾਰਾਂ ਦਾ ਖੰਡਨ ਕਰਨ ਅਤੇ ਹਰ ਵਿਚਾਰ ਨੂੰ ਤਰਕ ਦੀ ਕਸਵੱਟੀ 'ਤੇ ਰੱਖ ਕੇ ਪਰਖਣ ਦੀ ਯੋਗਤਾ ਆ ਸਕੇ। ਗੱਲ ਸਿਰਫ ਇੱਥੇ ਹੀ ਨਹੀਂ ਰੁਕਦੀ। ਬੁੱਧੀਜੀਵੀ ਦਾ ਆਪਣੇ ਵਿਦਿਆਰਥੀਆਂ ਤੋਂ ਛੁੱਟ ਆਪਣੇ ਸਮਾਜ ਪ੍ਰਤੀ ਵੀ ਫਰਜ਼ ਹੁੰਦਾ ਹੈ। ਉਹ ਵਿਗਿਆਨ ਦੇ ਆਧਾਰ 'ਤੇ ਮੌਜੂਦਾ ਸਮਾਜਿਕ, ਆਰਥਿਕ ਤੇ ਸਿਆਸੀ ਹਾਲਾਤਾਂ ਦਾ ਸਹੀ ਵਿਸ਼ਲੇਸ਼ਣ ਕਰਦਾ ਹੈ ਤੇ ਇਨ੍ਹਾਂ ਵਿਚਾਰਾਂ ਨੂੰ ਲੋਕਾਂ ਅਤੇ ਸਮਾਜ ਵਿਚ ਲੈ ਕੇ ਜਾਂਦਾ ਹੈ। ਇਹ ਕੰਮ ਉਹ ਜਨਤਕ ਲੇਖਾਂ, ਬਲਾਗ, ਸੈਮੀਨਾਰਾਂ ਅਤੇ ਲੈਕਚਰਾਂ ਰਾਹੀਂ ਕਰਦਾ ਹੈ। ਮੌਜੂਦਾ ਆਰ.ਐੱਸ.ਐੱਸ.-ਭਾਜਪਾ ਨਿਜ਼ਾਮ ਨੂੰ ਇਹ ਗਵਾਰਾ ਨਹੀਂ ਕਿ ਸਹੀ ਸੋਚਣ ਵਿਚਾਰਨ ਵਾਲਾ ਅਜਿਹਾ ਲੋਕ ਪੱਖੀ ਬੁੱਧੀਜੀਵੀ ਤਬਕਾ ਬਚਿਆ ਰਹੇ। ਇਸ ਦੀ ਮਿਸਾਲ ਸਾਨੂੰ ਅਸ਼ੋਕਾ ਯੂਨੀਵਰਸਿਟੀ ਵਿਚ ਦੇਖਣ ਨੂੰ ਮਿਲਦੀ ਹੈ। ਇਸ ਯੂਨੀਵਰਸਿਟੀ ਦੇ ਬੋਰਡ ਨੇ ਉੱਪ ਕੁਲਪਤੀ ਪ੍ਰਤਾਪ ਭਾਨੂੰ ਮਹਿਤਾ ਨੂੰ ਅਹੁਦੇ ਤੋਂ ਲਾਹ ਦਿੱਤਾ। ਬੋਰਡ ਮੁਤਾਬਕ ਉਸ ਦੀ ਸਰਕਾਰ ਵਿਰੋਧੀ ਜਨਤਕ ਲੇਖਣੀ ਯੂਨੀਵਰਸਿਟੀ ਨੂੰ ਨੁਕਸਾਨ ਪਹੁੰਚਾ ਰਹੀ ਸੀ। ਇਸੇ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਤੇ ਪ੍ਰੋਫੈਸਰ ਸਭਿਆਸਾਚੀ ਦਾਸ ਨੂੰ ਖੋਜ ਪੱਤਰ ਲਿਖਣ ਕਾਰਨ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ। ਪ੍ਰੋਫੈਸਰ ਜੀਐੱਨ ਸਾਈਬਾਬਾ ਨੂੰ ਸਰਕਾਰੀ ਜਬਰ ਖਿਲਾਫ ਆਵਾਜ਼ ਬੁਲੰਦ ਕਰਨ ਲਈ 10 ਸਾਲ ਕੈਦ ਕੱਟਣੀ ਪਈ; ਉਸ ਦਾ 90% ਸਰੀਰ ਅਪੰਗ ਹੋ ਚੁੱਕਿਆ ਸੀ। ਪਿੱਛੇ ਜਿਹੇ ਲਵਲੀ ਯੂਨੀਵਰਸਿਟੀ ਨੇ ਪ੍ਰੋਫੈਸਰ ਅਤੇ ਪੱਤਰਕਾਰ ਮੁਕੇਸ਼ ਕੁਮਾਰ ਨੂੰ ਉਸ ਦੀ ਪੱਤਰਕਾਰੀ ਕਰ ਕੇ ਬਾਹਰ ਦਾ ਰਾਹ ਦਿਖਾ ਦਿੱਤਾ। ਨਿੱਜੀ ਯੂਨੀਵਰਸਿਟੀਆਂ ਵਿਚ ਉੱਠਦੀ



ਆਲੋਚਨਾ 'ਤੇ ਜਿੰਦੇ ਮੜ੍ਹਨੇ ਸਰਕਾਰ ਲਈ ਹੋਰ ਸੌਖਾ ਕੰਮ ਹੈ; ਜ਼ਿਆਦਾਤਰ ਨਿੱਜੀ ਯੂਨੀਵਰਸਿਟੀਆਂ ਧਨਾਢ ਵਪਾਰੀਆਂ ਅਤੇ ਸਰਮਾਏਦਾਰਾਂ ਦੁਆਰਾ ਚਲਾਈਆਂ ਜਾ ਰਹੀਆਂ ਹਨ। ਇਉਂ ਜੋ ਬੁੱਧੀਜੀਵੀ, ਪ੍ਰੋਫੈਸਰ ਅਤੇ ਅਧਿਆਪਕ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੀ ਜੁਰਅਤ ਕਰਦੇ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਦਬਾਇਆ ਜਾ ਰਿਹਾ ਹੈ।

ਹੁਣ ਬਚਦੇ ਹਨ ਵਿਦਿਆਰਥੀ ਅਤੇ ਉਨ੍ਹਾਂ ਦੀ ਜਮਹੂਰੀ ਪਹਿਲਕਦਮੀ। ਉਨ੍ਹਾਂ ਨੂੰ ਵੀ ਦਬਾਉਣ ਲਈ ਅੱਡ-ਅੱਡ ਹੱਥਕੰਡੇ ਅਪਣਾਏ ਜਾ ਰਹੇ ਹਨ। ਵਿਦਿਆਰਥੀ ਆਪਣੇ ਬਲਬੂਤੇ ਸੈਮੀਨਾਰ ਜਾਂ ਲੈਕਚਰ ਰਖਵਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਸੈਮੀਨਾਰਾਂ ਲਈ ਪਹਿਲਾਂ ਤਾਂ ਪ੍ਰਸ਼ਾਸਨ ਦੀ ਮਨਜ਼ੂਰੀ ਹੀ ਨਹੀਂ ਮਿਲਦੀ। ਜੇ ਮਿਲ ਵੀ ਜਾਵੇ ਤਾਂ ਆਰ.ਐੱਸ.ਐੱਸ.-ਭਾਜਪਾ ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਜਾਂ ਹੋਰ ਹਿੰਦੂਤਵੀ ਜਥੇਬੰਦੀਆਂ ਹਮਲੇ ਕਰ ਕੇ ਸੈਮੀਨਾਰ ਭੰਗ ਕਰ ਦਿੰਦੀਆਂ ਹਨ। ਪਿਛਲੇ ਸਮੇਂ ਵਿਚ ਵਿਦਿਆਰਥੀਆਂ ਦੇ ਪ੍ਰੋਗਰਾਮਾਂ, ਸੈਮੀਨਾਰਾਂ 'ਚੋਂ ਕੁਝ ਦੇ ਵਿਸ਼ੇ ਇਸ ਤਰ੍ਹਾਂ ਸਨ ਜਿਨ੍ਹਾਂ ਵਿਚ ਇਨ੍ਹਾਂ ਹਿੰਦੂਤਵੀ ਫਿਰਕੂ ਅਨਸਰਾਂ ਨੇ ਵਿਘਨ ਪਾਇਆ: ਵਿਰੋਧ ਅਤੇ ਜਮਹੂਰੀਅਤ, ਮੁਜ਼ਾਹਰਿਆਂ ਦਾ ਸਭਿਆਚਾਰ, ਨੁੱਕੜ ਨਾਟਕ, ਯੂਨੀਵਰਸਿਟੀਆਂ ਵਿਚ ਸੁੰਗੜਦਾ ਜਮਹੂਰੀ ਘੇਰਾ, ਅਣਖ ਖਾਤਿਰ ਕਤਲ ਦੀ ਰਵਾਇਤ ਉੱਤੇ ਸੱਟ ਮਾਰਦੀ 'ਇੱਜ਼ਤਨਗਰੀ ਕੀ ਅਸੱਭਿਆ ਬੇਟੀਆਂ' ਫਿਲਮ ਦੀ ਪੇਸ਼ਕਾਰੀ, ਐੱਨ.ਐੱਸ.ਡੀ. ਵਿਚ 'ਤਮਸ' ਨਾਟਕ ਦੀ ਪੇਸ਼ਕਾਰੀ, 'ਰਾਮ ਕੇ ਨਾਮ' ਫਿਲਮ ਦੀ ਪੇਸ਼ਕਾਰੀ, ਸੀ.ਏ.ਏ.-ਐੱਨ.ਆਰ.ਸੀ. ਉੱਤੇ ਚਰਚਾ ਆਦਿ। ਵਿਸ਼ਿਆਂ ਤੋਂ ਸਾਫ ਹੈ ਕਿ ਇਨ੍ਹਾਂ ਸੈਮੀਨਾਰਾਂ ਨੂੰ ਕਿਉਂ ਨਹੀਂ ਹੋਣ ਦਿੱਤਾ ਗਿਆ। ਕਈ ਸੈਮੀਨਾਰਾਂ ਨੂੰ ਪੁਲਿਸ ਨੇ ਇਹ ਕਹਿ ਕੇ ਬੰਦ ਕਰਵਾ ਦਿੱਤਾ ਕਿ ਇੱਥੇ ਹਿੰਦੂਤਵੀ ਜਥੇਬੰਦੀਆਂ ਦਾ ਹਮਲਾ ਹੋ ਸਕਦਾ ਹੈ ਅਤੇ ਕਈਆਂ 'ਤੇ ਹਿੰਦੂਤਵੀਆਂ ਜਿਵੇਂ ਏ.ਬੀ.ਵੀ.ਪੀ. ਨੇ ਹਮਲਾ ਕਰ ਦਿੱਤਾ। ਪੁਲਿਸ ਆਪਣੀ ਜਿੰਮੇਵਾਰੀ ਛੱਡ ਕੇ ਹਿੰਦੂਤਵੀ ਜਥੇਬੰਦੀਆਂ ਦੇ ਹਮਲਿਆਂ ਦੀ ਸੰਭਾਵਨਾ ਤੋਂ ਤੈਅ ਕਰ ਰਹੀ ਹੈ ਕਿ ਯੂਨੀਵਰਸਿਟੀ ਵਿਚ ਅਕਾਦਮਿਕ ਆਜ਼ਾਦੀ ਹੋਵੇ ਕਿ ਨਾ ਹੋਵੇ।

ਹਾਲ ਹੀ ਵਿਚ ਵੱਖ-ਵੱਖ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਨੇ ਗੁਜਰਾਤ ਦੰਗਿਆਂ ਵਿਚ ਨਰਿੰਦਰ ਮੋਦੀ ਦੀ ਭੂਮਿਕਾ ਉਜਾਗਰ ਕਰਦੀ ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ ਦਿਖਾਈ ਜਾ ਰਹੀ ਸੀ ਜਿਸ ਉੱਤੇ ਏ.ਬੀ.ਵੀ.ਪੀ. ਨੇ ਪਥਰਾਓ ਕੀਤਾ ਅਤੇ ਦਿੱਲੀ ਯੂਨੀਵਰਸਿਟੀ ਤੇ ਜਾਮੀਆ ਮਿਲੀਆ ਇਸਲਾਮੀਆ ਵਿਚ ਪੁਲਿਸ ਨੇ ਫਿਲਮ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਹੀ ਗ੍ਰਿਫਤਾਰ ਕਰ ਲਿਆ। ਵਿਦਿਆਰਥੀ ਜੇ ਜਥੇਬੰਦ ਹੋ ਕੇ ਇਸ ਨਿੱਘਰਦੀ ਅਕਾਦਮਿਕ ਆਜ਼ਾਦੀ ਵਿਰੁੱਧ ਆਵਾਜ਼ ਉਠਾ ਰਹੇ ਹਨ ਤਾਂ ਉਨ੍ਹਾਂ 'ਤੇ ਪ੍ਰਸ਼ਾਸਨ, ਹਿੰਦੂਤਵੀ ਜਥੇਬੰਦੀਆਂ ਅਤੇ ਪੁਲਿਸ ਦੀ ਜੁੰਡੀ ਲਗਾਤਾਰ ਹਮਲੇ ਕਰ ਰਹੀ ਹੈ। 2019 ਵਿਚ ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਬੋਲਣ 'ਤੇ ਦਿੱਲੀ ਦੇ ਵਿਦਿਆਰਥੀਆਂ ਉੱਤੇ ਭਾਜਪਾ-ਆਰ.ਐੱਸ.ਐੱਸ. ਨੇ ਪੁਲਿਸ ਦੀ ਸ਼ਹਿ ਨਾਲ ਕੁੜੀਆਂ ਦੇ ਹੋਸਟਲਾਂ ਤੱਕ ਜਾ ਕੇ ਉਨ੍ਹਾਂ 'ਤੇ ਹਮਲੇ ਕੀਤੇ। ਦਿੱਲੀ ਪੁਲਿਸ ਨੇ ਖੁਦ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਦੀ ਉਨ੍ਹਾਂ ਦੀਆਂ ਲਾਈਬ੍ਰੇਰੀਆਂ ਵਿਚ ਜਾ ਕੇ ਕੁੱਟਮਾਰ ਕੀਤੀ।

22 ਜਨਵਰੀ ਨੂੰ ਰਾਮ ਮੰਦਿਰ ਦੇ ਉਦਘਾਟਨ ਮੌਕੇ ਪੂਣੇ ਦੀ ਫਿਲਮ ਤੇ ਟੈਲੀਵਿਜ਼ਨ ਸੰਸਥਾ ਦੇ ਵਿਦਿਆਰਥੀਆਂ ਨੇ ਰਾਮ ਜਨਮਭੂਮੀ ਲਹਿਰ ਦੀ ਫਿਰਕਾਪ੍ਰਸਤੀ ਉੱਤੇ ਚੋਟ ਕਰਦੀ ਦਸਤਾਵੇਜ਼ੀ ਫਿਲਮ 'ਰਾਮ ਕੇ ਨਾਮ' ਦੀ ਪੇਸ਼ਕਾਰੀ ਕੀਤੀ ਪਰ ਉੱਥੇ ਹਿੰਦੂਤਵੀਆਂ ਨੇ ਹਮਲਾ ਕਰ ਦਿੱਤਾ ਗਿਆ ਅਤੇ ਪੁਲਿਸ ਨੇ ਹਮਲੇ ਦੇ ਪੀੜਤ ਵਿਦਿਆਰਥੀਆਂ ਉੱਤੇ ਹੀ ਪਰਚਾ ਦਰਜ ਕਰ ਦਿੱਤਾ। ਅਜਿਹਾ ਹੀ ਹਮਲਾ ਐੱਨ.ਆਈ.ਟੀ. ਕਾਲੀਕਟ ਵਿਚ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ ਵਿਦਿਆਰਥੀਆਂ ਉੱਤੇ ਕੀਤਾ ਗਿਆ। ਫਰਵਰੀ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੇ ਇਰਾਦੇ ਨਾਲ ਵਿਦਿਆਰਥੀਆਂ 'ਤੇ ਹਮਲੇ ਕੀਤੇ। ਇਸ ਭੀੜ ਨੂੰ ਕਦੋਂ ਅਤੇ ਕਿਤੇ ਵੀ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ 'ਤੇ ਹਮਲੇ ਕਰਨ ਦਾ ਲਾਇਸੈਂਸ ਮਿਲ ਚੁੱਕਾ ਹੈ।

ਇੱਕ ਪਾਸੇ ਅਸੀਂ ਦੇਖਿਆ ਕਿ ਕਿਵੇਂ ਪ੍ਰੋਫੈਸਰਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦੀ ਆਵਾਜ਼ ਦਬਾਈ ਜਾ ਰਹੀ ਹੈ, ਦੂਜੇ ਪਾਸੇ ਅਜਿਹਾ 'ਬੁੱਧੀਜੀਵੀ' ਵੀ ਤਿਆਰ ਕੀਤਾ ਜਾ ਰਿਹਾ ਹੈ ਜੋ ਜਮੂਰੇ ਵਾਂਗ ਕੰਮ ਕਰੇ ਤੇ ਸਰਕਾਰ ਦੀ ਜੀ ਹਜ਼ੂਰੀ ਕਰੇ। ਏ.ਬੀ.ਵੀ.ਪੀ. ਅਤੇ ਹੋਰ ਫਾਸ਼ੀਵਾਦੀ ਜਥੇਬੰਦੀਆਂ ਨੂੰ ਹਰ ਘਿਨਾਉਣੀ ਕਾਰਵਾਈ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। ਯੂ.ਜੀ.ਸੀ., ਸੀ.ਬੀ.ਐੱਸ.ਈ. ਵਰਗੀਆਂ ਸੰਸਥਾਵਾਂ ਭਾਜਪਾ-ਆਰ.ਐੱਸ.ਐੱਸ. ਪੱਖੀ ਪ੍ਰੋਗਰਾਮ ਕਰਵਾਉਣ ਦੇ ਨੋਟਿਸ ਜਾਰੀ ਕਰ ਰਹੀਆਂ ਹਨ। ਯੂ.ਜੀ.ਸੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਦਾ ਪ੍ਰਸਾਰਨ ਉੱਚ ਵਿੱਦਿਅਕ ਅਦਾਰਿਆਂ ਵਿਚ ਕਰਨ ਦਾ ਹੁਕਮ ਦਿੱਤਾ ਸੀ ਤੇ ਇਸ ਦੇ ਪੋਸਟਰ 'ਵਿਕਸਿਤ ਭਾਰਤ' ਦੇ ਨਾਮ ਹੇਠ ਮੋਦੀ ਦੀ ਫੋਟੋ ਨਾਲ ਲਾਉਣ ਲਈ ਕਿਹਾ ਸੀ। ਪਿਛਲੇ ਸਾਲ ਹੀ ਮੋਦੀ ਸੈਲਫੀ ਪੁਆਇੰਟ ਲਗਾਉਣ ਦਾ ਨੋਟਿਸ ਵੀ ਨਿੱਕਲਿਆ ਸੀ। ਹੱਦ ਤਾਂ ਉਦੋਂ ਹੋ ਗਈ ਜਦੋਂ ਯੂਜੀਸੀ ਨੇ ਮਹਾਰਾਸ਼ਟਰ ਦੇ ਸਾਰੇ ਉੱਚ ਵਿੱਦਿਅਕ ਅਦਾਰਿਆਂ 'ਚ ਆਰ.ਐੱਸ.ਐੱਸ. ਆਗੂ ਦੀ ਵਰ੍ਹੇਗੰਢ ਮਨਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਨ ਦਾ ਨੋਟਿਸ ਕੱਢ ਦਿੱਤਾ। ਸੀ.ਬੀ.ਐੱਸ.ਈ. ਨੇ ਸਕੂਲਾਂ ਨੂੰ 'ਪ੍ਰੀਖਿਆ 'ਤੇ ਚਰਚਾ' ਨਾਮ ਦੇ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਦਾ ਪ੍ਰਸਾਰਨ ਨਾ ਕਰਨ ਦੀ ਸੂਰਤ ਵਿਚ ਮਾਨਤਾ ਰੱਦ ਕਰ ਦੇਣ ਦੀ ਧਮਕੀ ਦਿੱਤੀ। ਮੁੰਬਈ ਦੇ ਇੱਕ ਕਾਲਜ ਵਿਚ ਵਿਦਿਆਰਥੀਆਂ ਦੇ ਪਛਾਣ ਕਾਰਡ ਜਬਰਨ ਰੱਖ ਕੇ ਸਰਕਾਰ ਪੱਖੀ ਸੈਮੀਨਾਰ ਵਿਚ ਬਿਠਾਇਆ ਗਿਆ ਜਿਸ ਦਾ ਵਿਸ਼ਾ ਪਹਿਲੀ ਵਾਰ ਵੋਟਰ ਬਣੇ ਵਿਦਿਆਰਥੀਆਂ ਵਿਚ 'ਜਾਗਰੂਕਤਾ' ਫੈਲਾਉਣੀ ਸੀ। ਕਾਲਜ ਦੇ ਇਸ 'ਸਮਰਪਣ' ਦਾ ਇੱਕੋ ਕਾਰਨ ਮੁੱਖ ਮਹਿਮਾਨ ਸੀ ਜੋ ਕੇਂਦਰੀ ਮੰਤਰੀ ਪਿਊਸ਼ ਗੋਇਲ ਦਾ ਮੁੰਡਾ ਧਰੁਵ ਗੋਇਲ ਸੀ।

ਭਗਵੇਂਕਰਨ ਦਾ ਇਹ ਕੁਹਾੜਾ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਦੇ ਕੋਰਸਾਂ ਤੱਕ ਫਿਰਿਆ ਜਾ ਰਿਹਾ ਹੈ ਤਾਂ ਕਿ ਭਾਰਤ ਵਿਚ ਸਰਕਾਰ ਦੀਆਂ ਮੌਜੂਦਾ ਫਿਰਕੂ ਨੀਤੀਆਂ ਵਿਰੁੱਧ ਕੋਈ ਆਵਾਜ਼ ਉਠਾਉਣ ਵਾਲਾ ਨਾ ਹੋਵੇ। ਯੂਨੀਵਰਸਿਟੀ ਵਿਚ ਇਹ ਖਾਸ ਤੌਰ 'ਤੇ ਹੋ ਰਿਹਾ ਹੈ। ਸਾਡੇ ਸਾਹਮਣੇ ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਯੂਨੀਵਰਸਿਟੀਆਂ, ਕਾਲਜਾਂ 'ਚੋਂ ਉੱਠੀ ਲਹਿਰ ਜਿਊਂਦੀ ਜਾਗਦੀ ਉਦਾਹਰਨ ਹੈ ਕਿ ਕਿਵੇਂ ਲੋਕ ਪੱਖੀ ਵਿਦਿਆਰਥੀ ਲਹਿਰਾਂ, ਜਨਤਕ ਲਹਿਰਾਂ ਵਿਚ ਤਬਦੀਲ ਹੁੰਦੀਆਂ ਰਹੀਆਂ ਹਨ। ਵਿਦਿਆਰਥੀਆਂ ਕੋਲ ਸਮਾਜ ਦੀਆਂ ਸਮੱਸਿਆਵਾਂ ਬਾਰੇ ਚਿੰਤਨ ਕਰਨ ਲਈ ਲੋੜੀਂਦਾ ਸਮਾਂ ਅਤੇ ਵਸੀਲੇ ਹੁੰਦੇ ਹਨ। ਅਜਿਹਾ ਚਿੰਤਨ ਜੋ ਉਨ੍ਹਾਂ ਨੂੰ ਲੁੱਟ ਤੇ ਜਬਰ ਖਿਲਾਫ ਬੋਲਣ ਲਈ ਵੀ ਪ੍ਰੇਰ ਸਕਦਾ ਹੈ। ਇਸ ਸੱਚ ਤੋਂ ਡਰਦਿਆਂ ਯੂਨੀਵਰਸਿਟੀਆਂ ਨੂੰ ਅਜਿਹੀ ਸੰਸਥਾ ਦੀ ਰੰਗਤ ਦਿੱਤੀ ਜਾ ਰਹੀ ਹੈ ਜੋ ਸਿਰਫ ਅਜਿਹੇ ਨੌਕਰ ਪੈਦਾ ਕਰੇ ਜੋ ਸਰਕਾਰ ਦੀਆਂ ਨੀਤੀਆਂ ਦਾ ਘੋਟਾ ਲਵਾਉਣ; ਅਜਿਹੀ ਭੀੜ ਪੈਦਾ ਕਰੇ ਜੋ ਇਨ੍ਹਾਂ ਨੀਤੀਆਂ ਵਿਰੁੱਧ ਉੱਠਦੀ ਹਰ ਆਵਾਜ਼ ਕੁਚਲ ਦੇਵੇ; ਅਜਿਹੀ ਭੂਤਰੀ ਭੀੜ ਜੋ ਧਰਮ, ਜਾਤ ਦੀ ਫੁੱਟਪਾਊ ਸਿਆਸਤ ਕਰੇ। ਅਜਿਹੀ ਸੰਸਥਾ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਉੱਤੇ ਸਵਾਲ, ਤਰਕ ਤੇ ਵਿਰੋਧ ਕਰਨ ਵਾਲੇ ਲੋਕ ਪੈਦਾ ਕਰੇ, ਇਸ ਢਾਂਚੇ ਨੂੰ ਗਵਾਰਾ ਨਹੀਂ। ਅੱਜ ਜਮਹੂਰੀਅਤ ਪਸੰਦ ਵਿਦਿਆਰਥੀਆਂ ਅਤੇ ਅਧਿਆਪਕਾਂ ਸਿਰ ਇਹ ਲੜਾਈ ਹੈ ਕਿ ਉਹ ਅਜਿਹੀ ਲਹਿਰ ਜਥੇਬੰਦ ਕਰਨ ਜੋ ਯੂਨੀਵਰਸਿਟੀ ਅੰਦਰ ਜਮਹੂਰੀ ਘੇਰਾ ਬਚਾਅ ਕੇ ਰੱਖ ਸਕੇ, ਜੋ ਅਕਾਦਮਿਕ ਆਜ਼ਾਦੀ ਦੇ ਮਿਆਰ ਨੂੰ ਮੋੜਾ ਦੇ ਕੇ ਹੇਠਾਂ ਡਿੱਗਣੋਂ ਬਚਾ ਸਕੇ।

## ਰੰਗਾਂ-ਨਮੂਨਿਆਂ ਦੀ ਲੀਲ੍ਹਾ ਸਿਰਜਦੇ ਹੱਥਾਂ ਨੂੰ ਸਿਜਦਾ

**(ਪਿਛਲੇ ਸਫੇ ਦੀ ਬਾਕੀ)**

ਲਈ ਜਾਂਦੀ ਹੈ ਅਤੇ ਆਮ ਕਰ ਕੇ ਮਸ਼ੀਨੀ ਹੁੰਦੀ ਹੈ ਜਾਂ ਨਾਨੀਆਂ, ਮਾਸੀਆਂ, ਮਾਮੀਆਂ, ਮਾਵਾਂ ਆਪਣੀਆਂ ਅਣਲੱਗ ਦਰੀਆਂ ਤੋਹਫੇ ਵਜੋਂ ਦੇ ਦਿੰਦੀਆਂ ਹਨ।

'ਸਾਡੇ ਸਰੋਤ' ਇਸ ਪੁਸਤਕ ਦਾ ਦੂਜਾ ਭਾਗ ਹੈ ਜਿਸ ਵਿਚ ਲਗਭਗ ਉਨ੍ਹਾਂ 100 ਰਕਾਨਾਂ ਨਾਲ ਦਰੀ ਦੇ ਸੁਨਹਿਰੀ ਯੁੱਗ ਦਾ ਚੇਤਾ ਚਿਤਾਰਿਆ ਹੈ ਜਿਨ੍ਹਾਂ ਨੇ ਇਹ ਵਿਰਾਸਤ ਸਿਰਜੀ ਹੈ ਜਾਂ ਜਿਨ੍ਹਾਂ ਨੇ ਹਾਲੇ ਵੀ ਇਹ ਸੰਭਾਲ ਰੱਖੀਆਂ ਹਨ। ਦਰੀ ਬਾਰੇ ਗੱਲ ਕਰਦਿਆਂ ਹਰ ਔਰਤ ਕਹਾਣੀ ਕਹਿੰਦੀ ਹੈ, ਰੰਗਾਂ-ਨਮੂਨਿਆਂ ਦੀ, ਰੀਝਾਂ-ਵਲਵਲਿਆਂ ਦੀ, ਦੁੱਖਾਂ-ਦਰਦਾਂ ਦੀ, ਯਾਦਾਂ-ਹੇਰਵਿਆਂ ਦੀ। ਹਰ ਕਹਾਣੀ ਤੁਹਾਨੂੰ, ਦਰੀ ਦੀ ਕਹਾਣੀ ਦੀ ਤੰਦ ਬੁਣਦੀ ਦਿਸੇਗੀ। ਬਹੁਤ ਸਰਲ ਦਿਸਦੀ ਦਰੀ ਦੀ ਇਹ ਕਹਾਣੀ ਔਰਤ ਦੇ ਸੁਹਜ, ਸੁਪਨਿਆਂ, ਹੇਰਵਿਆਂ ਅਤੇ ਸੰਘਰਸ਼ ਦੀ ਕਥਾ ਬਣ ਜਾਂਦੀ ਹੈ। ਉਮੀਦ ਹੈ, ਤੁਸੀਂ ਇਨ੍ਹਾਂ ਛੋਟੀਆਂ-ਛੋਟੀਆਂ ਪਰ ਵੱਡੀਆਂ ਕਹਾਣੀਆਂ ਨੂੰ ਆਪਣੇ ਵਿਚਦੀ ਲੰਘਦਿਆਂ ਮਹਿਸੂਸ ਕਰ ਸਕੋਗੇ। ਕੁਝ ਅਜਿਹੇ ਬੰਦੇ ਵੀ ਮਿਲੇ ਜੋ ਦਰੀਆਂ ਬੁਣਦੇ ਰਹੇ ਜਾਂ ਸਹਾਇਕ ਵਜੋਂ ਹਾਜ਼ਰ ਰਹੇ। ਬਿਸ਼ਨੰਦੀ ਵਾਲੇ ਕਰਨੈਲ ਸਿੰਘ ਜੋ ਆਪਣੀ ਨਕਸ਼ੇ ਵਾਲੀ ਦਰੀ ਬੁਣ ਕੇ ਮੇਲਿਆਂ ਵਿਚ ਨਾਮਣਾ ਖੱਟਦੇ ਰਹੇ, 2019 ਵਿਚ ਚੱਲ ਵੱਸੇ। ਉਨ੍ਹਾਂ ਦੀ ਕਹਾਣੀ, ਉਨ੍ਹਾਂ ਦੀਆਂ ਭੈਣਾਂ-ਭਤੀਜੀਆਂ ਦੀ ਜ਼ਬਾਨੀ ਇਸ ਪੁਸਤਕ ਵਿਚ ਸ਼ਾਮਲ ਹੋਈ ਹੈ। ਜ਼ੋਰਾਵਰ ਜੋ ਕੁੜੀਆਂ ਦੇ ਗਿੱਧੇ ਦੇ ਖੇਤਰ ਵਿਚ ਨਾਮਣਾ ਖੱਟ ਰਿਹਾ ਹੈ, ਉਹ ਆਪਣੇ ਅੰਦਰ ਬੈਠੀ ਔਰਤ ਨੂੰ ਸਮਝਦਾ ਹੈ ਜਿਸ ਸਦਕਾ ਉਹ ਆਪ-ਮੁਹਾਰੇ ਦਰੀਆਂ ਬੁਣਨ ਵੱਲ ਖਿੱਚਿਆ ਜਾਂਦਾ ਸੀ ਅਤੇ ਆਪਣੀ ਗੱਲ ਰੱਖਦਿਆਂ ਉਹ ਸਮਾਜ ਦੇ ਲਿੰਗ ਆਧਾਰਿਤ ਚੌਖਟਿਆਂ ਨੂੰ ਨਕਾਰਦਾ ਵੀ ਹੈ। ਦਰੀਆਂ ਦੇ ਉਸ ਸੁਨਹਿਰੇ ਦੌਰ ਦੀਆਂ (ਲਗਭਗ ਆਖਰੀ ਪੀੜ੍ਹੀ ਦੀਆਂ) ਅਜਿਹੀਆਂ ਗਵਾਹ ਔਰਤਾਂ ਅਜੇ ਵੀ ਸਾਡੇ ਕੋਲ ਹਨ ਜਿਨ੍ਹਾਂ ਨੇ ਇਹ ਦਰੀਆਂ ਬੁਣੀਆਂ ਹਨ, ਉਹ ਉਸ ਸੁਨਹਿਰੇ ਯੁੱਗ ਨੂੰ ਯਾਦ ਕਰ ਕੇ ਅਜੇ ਵੀ ਅੱਖਾਂ ਭਰ ਲੈਂਦੀਆਂ ਹਨ। ਕੁਝ ਔਰਤਾਂ ਅਜਿਹੀਆਂ ਵੀ ਸਨ ਜੋ ਉਜਾੜੇ ਵੇਲੇ ਉਹ ਦਰੀ ਸਿਰ 'ਤੇ ਧਰ ਲਿਆਈਆਂ ਜੋ ਉਨ੍ਹਾਂ ਨੇ ਉਸੇ ਆਥਣ ਉਤਾਰੀ ਸੀ। ਵੰਡ ਮਗਰੋਂ ਮਜੀਦਣ ਬੇਗਮ ਆਪਣੇ ਪੇਕੇ ਪਾਕਿਸਤਾਨ ਜਾਂਦੀ ਹੈ ਤਾਂ ਸੁਹਣੇ-ਸੁਹਣੇ ਨਮੂਨਿਆਂ ਵਾਲੀਆਂ ਦਰੀਆਂ ਤੋਹਫੇ ਵਿਚ ਦੇ ਕੇ ਆਉਂਦੀ ਹੈ। ਕਈਆਂ ਨੂੰ ਦਰੀਆਂ ਵਿਚੋਂ ਮਾਂ ਦੀ ਖ਼ੁਸ਼ਬੂ ਆਉਂਦੀ ਹੈ। ਕਈਆਂ ਨੇ ਨਾਨੀ ਦੀ ਮਾਂ ਦੀ ਦਰੀ ਵੀ ਸੰਭਾਲ ਰੱਖੀ ਹੈ। ਕਈਆਂ ਦੀਆਂ ਦਰੀਆਂ ਵਿਦੇਸ਼ ਬੈਠੇ ਬੱਚਿਆਂ ਦੇ ਘਰਾਂ ਦਾ ਸ਼ਿੰਗਾਰ ਨੇ। ਕਈਆਂ ਨੇ ਸ਼ਰਧਾ ਵੱਸ ਗੁਰੂ ਘਰ ਨੂੰ ਦੇ ਦਿੱਤੀਆਂ ਨੇ। ਕੋਈ ਹਾਲੇ ਵੀ ਦਰੀਆਂ ਨੂੰ ਖੇਸਾਂ ਦੀ ਤਹਿ ਵਿਚ ਲੁਕੋ ਕੇ ਰਖਦੀ ਹੈ, ਹਰ ਸਾਲ ਧੁੱਪ ਲੁਆਉਂਦੀ ਹੈ ਤਾਂ ਕਿ ਵਡਾਰੂਆਂ ਦੀ ਇਹ ਵਿਰਾਸਤ ਗੁਆਚ ਨਾ ਜਾਏ ਅਤੇ ਕਦਰਦਾਨ ਹੱਥਾਂ ਵਿਚ ਪਹੁੰਚ ਸਕੇ। ਪੁਸਤਕ ਦਾ ਤੀਜਾ ਭਾਗ ਵਿਹਾਰਕ ਸਮੀਖਿਆ ਦਾ ਹੈ ਇਸ ਵਿਚ ਦਰੀ ਨੂੰ ਸਭਿਆਚਾਰਕ ਟੈਕਸਟ ਵਜੋਂ ਵਿਚਾਰਦਿਆਂ ਪੰਜਾਬੀ ਰਹਿਤਲ ਵਿਚ ਇਸ ਨਾਲ ਜੁੜੇ ਕਾਰ-ਵਿਹਾਰ ਅਤੇ ਔਰਤ ਦੇ ਸੁਹਜ ਅਤੇ ਸੰਘਰਸ਼ ਦਾ ਪਾਠ ਤਿਆਰ ਕੀਤਾ ਗਿਆ ਹੈ।

ਇਉਂ ਇਸ ਪੁਸਤਕ ਰਾਹੀਂ ਪੰਜਾਬ ਦੀ ਸੁਨਹਿਰੀ ਤੇ ਰਕਾਨ ਔਰਤ ਦੀ ਦਰੀਆਂ ਵਾਲੀ ਪੇਟੀ ਫਰੋਲਣ ਦਾ ਯਥਾ ਸੰਭਵ ਯਤਨ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਇਹ ਦਰੀ ਰੋਜ਼ਾਨਾ ਵਰਤੋਂ ਦੀ ਇੱਕ ਵਸਤ ਹੀ ਨਹੀਂ ਰਹੀ ਬਲਕਿ ਆਪਣੇ ਆਪ ਵਿਚ ਅਜਿਹੀ ਸਭਿਆਚਾਰਕ ਟੈਕਸਟ ਵੀ ਹੈ ਜੋ ਇੱਕ ਯੁੱਗ ਦੀ ਅਮੀਰ ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਿਕ ਸਰੋਕਾਰਾਂ ਦੀ ਬਾਤ ਪਾਉਂਦੀ ਹੈ। ਇਹ ਕਾਰਜ ਦਰੀਆਂ ਦੀ ਇਸ ਸ਼ਾਨਦਾਰ ਵਿਰਾਸਤ, ਪਰੰਪਰਾ ਅਤੇ ਔਰਤ ਦੇ ਸੁਹਜ ਸੰਘਰਸ਼ ਨੂੰ ਸਲਾਮ ਕਰਨ ਦਾ ਨਿੱਕਾ ਜਿਹਾ ਯਤਨ ਹੈ ਜਿਸ ਵਿਚ ਦਰੀ, ਔਰਤ ਦਾ ਹੀ ਪ੍ਰਤੀਕ ਬਣ ਗਈ ਹੈ।

# ਇਜ਼ਰਾਈਲੀ ਜ਼ੁਲਮ: ਕੌਮਾਂਤਰੀ ਭਾਈਚਾਰੇ ਦੀ ਜ਼ਮੀਰ ਨੂੰ ਚੁਣੌਤੀ

## ਇਜ਼ਰਾਈਲ ਦੇ ਰਾਸ਼ਟਰਪਤੀ ਨੇਤਨਯਾਹੂ ਦੇ ਨਾਂ ਡਾ. ਸੁਖਪਾਲ ਦੀ ਖੁੱਲ੍ਹੀ ਚਿੱਠੀ

*ਟੋਰਾਂਟੋ ਦੇ ਨੇੜਲੇ ਸ਼ਹਿਰ ਗੁਆਲਫ ਵਿਚ ਰਹਿੰਦੇ ਡਾ. ਸੁਖਪਾਲ ਨੇ ਫਲਸਤੀਨ ਦੇ ਗਾਜ਼ਾ ਖੇਤਰ ਅੰਦਰ ਨਿੱਹਥੇ ਫਲਸਤੀਨੀਆਂ ਨੂੰ ਸਬਕ ਸਿਖਾਉਣ ਲਈ ਇਜ਼ਰਾਈਲ ਸਰਕਾਰ ਵਲੋਂ ਪਿਛਲੇ ਕਈ ਮਹੀਨਿਆਂ ਤੋਂ ਕੀਤੇ ਜਾ ਰਹੇ ਜ਼ੁਲਮਾਂ ਤੋਂ ਜਾਣੂ ਕਰਵਾਉਣ ਵਾਸਤੇ ਰਾਸ਼ਟਰਪਤੀ ਨੇਤਨਯਾਹੂ ਦੇ ਨਾਂ ਇਕ ਖੁਲ੍ਹੀ ਚਿਠੀ ਲਿਖੀ ਹੈ, ਜੋ ਅਸੀਂ ਪੰਜਾਬ ਟਾਈਮਜ਼ ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੋ ਕੁ ਦਿਨ ਪਹਿਲਾਂ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਅਧਿਕਾਰੀਆਂ ਵਲੋਂ ਇਨ੍ਹਾਂ ਜ਼ੁਲਮਾਂ ਵਿਰੁਧ ਪ੍ਰਦਰਸ਼ਨ ਕਰ ਰਹੇ 16 ਨੇਤਾਵਾਂ ਨੂੰ ਕੈਂਪਸ ਤੋਂ ਬਰਤਰਫ ਕਰ ਦਿਤਾ ਗਿਆ। ਇਸ 'ਤੇ ਨੌਜਵਾਨਾਂ ਦਾ ਰੋਹ ਹੋਰ ਵੀ ਭੜਕ ਉਠਿਆ ਅਤੇ ਰੋਸ ਵਿਦਰੋਹੀ ਇਹ ਜਵਾਲਾ ਪੱਛਮ ਦੀਆਂ ਕਈ ਹੋਰ ਯੂਨੀਵਰਸਿਟੀਆਂ ਵਿਚ ਫੈਲ ਗਈ ਹੈ। ਲਗਦੈ ਇਹ ਕਹਾਣੀ ਅਜ ਤੋਂ ਅੱਧੀ ਸਦੀ ਪਹਿਲਾਂ ਅਮਰੀਕਾ ਅੰਦਰ ਵੀਯਤਨਾਮੀ ਜੰਗ ਵਿਰੁਧ ਉਠੇ ਵਿਦਰੋਹ ਵਾਲੀ ਬਣਦੀ ਜਾ ਰਹੀ ਹੈ, ਜਿਸਨੇ ਅਮਰੀਕਾ ਵਿਚ ਅਖੀਰ ਨਿਕਸਨ ਅਤੇ ਕੁਸਿੰਗਰ ਜੋੜੀ ਨੂੰ ਪਿਛਾਂਹ ਹਟਣ ਲਈ ਮਜਬੂਰ ਕਰ ਦਿਤਾ ਸੀ।*




*ਇਜ਼ਰਾਈਲ ਦੇ ਜ਼ੁਲਮ ਖ਼ਿਲਾਫ ਪ੍ਰਦਰਸ਼ਨ ਕਰ ਰਹੇ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ।*

ਇਜ਼ਰਾਈਲ ਪ੍ਰਧਾਨ ਨੇਤਨਯਾਹੂ ਜੀ,

ਤੁਸੀਂ ਜੋ ਕੁਝ ਵੀ ਕੀਤਾ ਹੈ, ਉਸਦੇ ਬਾਵਜੂਦ ਇਹ ਖ਼ਤ ਤੁਹਾਨੂੰ 'ਜੀ' ਦੇ ਸੰਬੋਧਨ ਨਾਲ ਆਰੰਭ ਹੁੰਦਾ ਹੈ।

ਏਸ ਲਈ ਕਿ ਹਰ ਮਨੁੱਖ ਦਾ (ਇਕ) ਆਦਰ ਹੁੰਦਾ ਹੈ। ਜਿਉਂਦੇ ਹੋਣਾ, ਤੇ ਫਿਰ ਮਨੁੱਖ ਹੋਣਾ-ਹੀ ਆਦਰਯੋਗ ਗੱਲ ਹੈ। ਬੁਰੇ ਤੋਂ ਬੁਰੇ ਅਤੇ ਦੁਸ਼ਮਣ ਦਾ ਵੀ (ਇਕ) ਆਦਰ ਹੁੰਦਾ ਹੈ, ਜਿਹੜਾ ਉਸ ਦਾ ਸਾਮ੍ਹਣਾ ਕਰਨ ਵੇਲੇ ਉਹਨੂੰ ਦੇਣਾ ਹੀ ਹੁੰਦਾ ਹੈ। ਇਹ ਆਦਰ ਸਾਡੇ ਗੁੱਸੇ-ਗਿਲਿਆਂ ਦੇ ਬਾਵਜੂਦ ਸਾਨੂੰ ਸਦਾ ਲਈ ਵਿੱਛੜ ਜਾਣ ਤੋਂ ਰੋਕਦਾ ਹੈ। ਇਹ ਆਦਰ ਉਸ ਥਾਂ ਨੂੰ ਸੰਭਾਲ ਕੇ ਰਖਦਾ ਹੈ ਜਿਸ ਤੇ ਖੜੇ ਹੋ ਕੇ- ਦੋ ਜਣਿਆਂ ਦਰਮਿਆਨ ਗੱਲ ਹੁੰਦੀ ਹੈ, ਫ਼ਾਸਲਾ ਘਟਦਾ ਹੈ, ਦੁੱਖ ਮੁਕਦਾ ਹੈ, ਅਤੇ ਤਬਦੀਲੀ ਸੰਭਵ ਹੁੰਦੀ ਹੈ।



ਮੇਰਾ ਮਿੱਤਰ ਤੇ ਉਹਦੀ ਪਤਨੀ

**ਡਾ. ਸੁਖਪਾਲ ਸਿੰਘ**
**ਫੋਨ: 365-777-1111**

ਆਪਣੀ ਦੋ ਸਾਲ ਦੀ ਬੇਟੀ ਨੂੰ 'ਸੋਹਣੀ ਜੀ' ਅਤੇ ਚਾਰ ਸਾਲ ਦੇ ਬੇਟੇ ਨੂੰ 'ਜੁਗਾਦਿ ਜੀ' ਕਹਿ ਕੇ ਬੁਲਾਉਂਦੇ ਹਨ। ਮੈਂ ਕਾਰਣ ਪੁੱਛਿਆ ਤਾਂ ਬੋਲੇ: 'ਸਾਡਾ ਜੀਵਨ ਬਹੁਤ ਖਰ੍ਹਵਾ ਸੀ। ਚਾਹੁੰਦੇ ਸਾਂ- ਏਹ ਬੱਚੇ ਜਦੋਂ ਸੰਸਾਰ ਵਿਚ ਪੈਰ ਧਰਨ ਤਾਂ ਦੁਨੀਆਂ ਇਨ੍ਹਾਂ ਨੂੰ ਕੋਮਲ ਜਾਪੇ, ਵਰਨਾ ਇਨ੍ਹਾਂ ਦਾ ਜੀਣ ਤੋਂ ਜੀਅ ਛੇਤੀ ਚੁੱਕਿਆ ਜਾਵੇਗਾ। ਪਰ ਇਨ੍ਹਾਂ ਦਾ ਸੰਸਾਰ ਤਾਂ ਸਾਡੇ ਦੋਹਾਂ ਤੋਂ ਆਰੰਭ ਹੁੰਦਾ ਹੈ- ਇਸ ਲਈ ...'

ਉਹ 1200 ਇਜ਼ਰਾਇਲੀ ਜੋ ਹਮਸ ਦੇ ਹਮਲੇ ਵਿਚ ਮਾਰੇ ਗਏ ਤੇ ਉਹ 240 ਜੋ ਹਮਸ ਹੱਥੋਂ ਕੈਦ ਹੋਏ, ਉਹ ਵੀ 'ਜੀ' ਕਹਾਉਣ ਦੇ ਹੱਕਦਾਰ ਸਨ। ਉਹ 33 ਹਜ਼ਾਰ ਫ਼ਲਸਤੀਨੀ ਜੋ ਮਾਰੇ ਗਏ ਤੇ ਗਿਣੇ ਗਏ, ਤੇ ਏਦੂੰ ਲਗਭਗ ਦੁੱਗਣੇ ਜੋ ਹਾਲੇ ਮਲਬੇ ਦੇ ਢੇਰ ਹੇਠਾਂ ਅਣਗਿਣੇ ਪਏ ਹਨ, ਤੇ ਲਗਭਗ 5 ਲੱਖ ਫ਼ਲਸਤੀਨੀ- ਜਿਨ੍ਹਾਂ ਦਾ (ਯੂਨਾਈਟਡ ਨੇਸ਼ਨਜ਼ ਅਨੁਸਾਰ) ਏਸ ਵਰ੍ਹੇ ਦੇ ਅੰਤ ਤਕ ਭੁੱਖ ਨਾਲ ਮਾਰੇ ਜਾਣ ਦਾ ਖ਼ਤਰਾ ਹੈ - ਸਭੇ 'ਜੀ' ਕਹਾਉਣ ਦੇ ਹੱਕਦਾਰ ਸਨ ਤੇ ਹਨ, ਨੇਤਨਯਾਹੂ ਜੀ ...।

*

ਯੂ ਐਨ ਓ ਬਾਰ ਬਾਰ ਕਹਿ ਰਹੀ ਹੈ- ਤੁਸੀਂ ਭੁੱਖਮਰੀ ਨੂੰ ਜੰਗ ਦੇ ਹਥਿਆਰ ਵਜੋਂ ਵਰਤ ਰਹੇ ਹੋ। ਗਾਜ਼ਾ ਵਿਚ 'ਕਾਲ' ਦੇ ਨਿਸ਼ਾਨ ਬੱਚਿਆਂ ਦੇ ਜਿਸਮਾਂ 'ਤੇ ਪ੍ਰਗਟ ਹੋ ਚੁੱਕੇ ਹਨ। ਕੋਈ ਵਿਰਲਾ ਵਸਨੀਕ ਹੈ ਜਿਸਨੂੰ ਦੋ ਦਿਨਾਂ ਵਿਚ ਦੂਜੀ ਵਾਰੀ ਭੋਜਨ ਮਿਲ ਜਾਵੇ। ਗਾਜ਼ਾ ਵਿਚ ਅੱਜ ਭੋਜਨ ਦਾ ਅਰਥ ਹੈ- 1 ਪਿਆਜ਼, ਜਾਂ 2 ਟੋਟੇ ਡਬਲਰੋਟੀ, ਅਤੇ ਸਾਰੇ ਦਿਨ ਵਿਚ 4 ਘੁੱਟ ਪਾਣੀ। ਅਰਥਾਤ- ਇਕ ਦਿਨ ਲਈ ਲੋੜੀਂਦੇ ਭੋਜਨ ਦਾ 10ਵਾਂ ਹਿੱਸਾ। ਵੱਡੀ ਗਿਣਤੀ ਘਾਹ ਅਤੇ ਮੈਲੋ (ਪੱਤਿਆਂ ਵਾਲਾ ਨਦੀਨ) ਖਾ ਕੇ ਜੀਅ ਰਹੀ ਹੈ ਜਾਂ ਜਿਹੜਾ ਵੀ ਬੂਟਾ ਖਾਧਾ ਜਾ ਸਕੇ। ਗਾਜ਼ਾਂ ਦੇ ਬਾਜ਼ਾਰਾਂ ਵਿਚ ਅੱਜ ਜੰਗਲੀ ਬੂਟੇ ਮਹਿੰਗੇ ਮੁੱਲ ਵਿਕ ਰਹੇ ਹਨ। ਸੁਣਿਆ ਹੈ- ਰਾਸ਼ਨ ਲਈ 50 ਕਿਲੋਮੀਟਰ ਲੰਮੀਆਂ ਕਤਾਰਾਂ ਲੱਗੀਆਂ ਹਨ। ਇਜ਼ਰਾਈਲ ਨੂੰ ਹੁਣ ਵੀ ਬੰਬ ਤੇ ਜਹਾਜ਼ ਬੇਰੋਕ ਸਪਲਾਈ ਕਰੀ ਜਾਣ ਵਾਲੇ ਅਮਰੀਕਾ ਤੇ ਇੰਗਲੈਂਡ ਆਪਣਾ ਚਿਹਰਾ ਚਿੱਟਾ ਰੱਖੀ ਰੱਖਣ ਵਾਸਤੇ ਭੋਜਨ ਦੇ ਪੈਕਟ ਪੈਰਾਸ਼ੂਟਾਂ ਰਾਹੀਂ ਫ਼ਲਸਤੀਨ ਵਿਚ ਜਦੋਂ ਸੁਟਦੇ ਹਨ ਤਾਂ ਉਸਨੂੰ ਚੁੱਕਣ ਵਾਸਤੇ ਭੁੱਖ ਨਾਲ ਹਿੰਸਕ ਹੋ ਚੁੱਕੇ ਫ਼ਲਸਤੀਨੀ ਹੁਣ ਚਾਕੂ ਪਿਸਤੌਲ ਨਾਲ ਇਕ ਦੂਜੇ ਨੂੰ ਹੀ ਵੱਢ ਦੇਂਦੇ ਹਨ। ਕਿਹਾ ਅਲੋਕਾਰ ਢੰਗ ਹੈ ਕਿ ਦੁਸ਼ਮਣਾਂ ਨੂੰ ਚੁਣ ਚੁਣ ਕੇ ਮਾਰਣ ਦੀ ਥਾਂ ਅਜਿਹੇ ਹਾਲਾਤ ਪੈਦਾ ਕਰ ਦਿਉ ਕਿ ਉਹ ਆਪ ਹੀ ਇਕ ਦੂਜੇ ਨੂੰ ਮਾਰ ਦੇਣ! ਭੋਜਨ ਦੀ ਵੱਡੀ ਪੰਡ ਵਾਲਾ ਪੈਰਾਸ਼ੂਟ ਖੁਲ੍ਹ ਨਾ ਸਕਿਆ ਤਾਂ ਪੰਡ ਬੋਚਣ ਲਈ ਭੱਜੇ 12 ਫ਼ਲਸਤੀਨੀ ਉਹਦੇ ਹੇਠਾਂ ਆ ਕੇ ਮਰ ਗਏ। ਤੁਹਾਡੀ ਫੌਜ ਨੇ ਭੁੱਖ ਨਾਲ ਹਾਬੜੇ ਭੋਜਨ ਲਈ ਇਕ ਦੂਜੇ ਨਾਲ ਲੜਦੇ 112 ਫ਼ਲਸਤੀਨੀ ਗੋਲੀਆਂ ਨਾਲ ਏਹ ਕਹਿ ਕੇ ਭੁੰਨ ਦਿੱਤੇ ਕਿ ਉਨ੍ਹਾਂ ਦੀ ਹਿਲਜੁਲ ਤੋਂ ਸਾਨੂੰ 'ਖ਼ਤਰਾ' ਮਹਿਸੂਸ ਹੋਇਆ ਸੀ। ਸਾਡੇ ਦੇਸ ਵਿਚ ਲੋਕ ਵਿਆਹ ਸਮੇਂ ਨੱਚਣ ਵਾਲੇ ਬੁਲਾਉਂਦੇ ਹਨ। ਤੁਸੀਂ ਜੰਗ ਦੀ ਜੰਞ ਵਿਚ ਭੁੱਖ ਨੂੰ ਨੱਚਣ ਲਈ ਬੁਲਾ ਲਿਆ...

ਫ਼ਲਸਤੀਨ ਵਿਚ 'ਕਾਲ ਦੀ ਖ਼ਬਰ ਪੜ੍ਹੀ ਤਾਂ ਹੋਰ ਕਈ ਹਜ਼ਾਰਾਂ ਲੋਕਾਂ ਤਰ੍ਹਾਂ ਮੈਂ ਵੀ 'ਯੂਨਾਈਟਡ ਨੇਸ਼ਨਜ਼ ਰਿਫ਼ਿਊਜੀ ਵਰਕ ਏਜੰਸੀ' ਨੂੰ ਮਦਦ ਲਈ ਪੈਸੇ ਭੇਜੇ- ਇਹ ਜਾਣਦਿਆਂ ਕਿ ਅੱਧਾ ਧਨ ਰਾਹ ਵਿਚ ਉਨ੍ਹਾਂ ਦੇ ਦਫ਼ਤਰ ਚਲਾਉਣ ਅਤੇ ਅਫ਼ਸਰਾਂ ਦੀਆਂ ਹਵਾਈ ਟਿਕਟਾਂ ਵਿਚ ਖ਼ਰਚ ਹੋ ਜਾਂਦਾ ਹੈ। ਰੋਜ਼ ਦੀਆਂ ਖ਼ਬਰਾਂ ਤੋਂ ਉਦਾਸ ਹੋ ਕੇ ਮੈਂ ਆਪਣੇ ਪਾਕਿਸਤਾਨੀ ਮਿੱਤਰ ਤਾਹਿਰ ਨੂੰ ਪੁੱਛਿਆ: ਫ਼ਲਸਤੀਨ ਨੂੰ ਮਦਦ ਵਾਸਤੇ ਪੈਸੇ ਸਿੱਧਿਆਂ ਭੇਜਣ ਦਾ ਕੋਈ ਤਰੀਕਾ ਹੈ? ਪਹਿਲਾਂ ਉਸ ਨਾਂਹ ਵਿਚ ਸਿਰ ਹਿਲਾਇਆ, ਫ਼ਿਰ ਅਗਲੇ ਦਿਨ ਦੱਸਿਆ: 'ਪ੍ਰਬੰਧ ਹੋ ਗਿਆ ਹੈ, ਇਕ ਫ਼ਲਸਤੀਨੀ ਵਿਦਿਆਰਥੀ ਹੈ, ਉਸ ਰਾਹੀਂ ਭੇਜਾਂਗੇ, ਮਦਦ ਠੀਕ ਥਾਵੇਂ ਜਾਵੇਗੀ। ਜਿੰਨੇ ਪੈਸੇ ਮੈਂ ਦਿੱਤੇ, ਓਨੇ ਤਾਹਿਰ ਨੇ ਵੀ ਪੱਲਿਓਂ ਪਾਏ। ਪੈਸੇ ਫ਼ੜਾ ਕੇ ਤੁਰਨ ਵੇਲੇ ਸਰਸਰੀ ਪੁੱਛਿਆ: 'ਇਨ੍ਹਾਂ ਪੈਸਿਆਂ ਨਾਲ ਮਦਦ ਕਿਵੇਂ ਕਰੋਗੇ?' ਉਸ ਦੱਸਿਆ: 'ਸਭ ਤੋਂ ਵੱਡੀ ਲੋੜ ਭੋਜਨ ਦੀ ਹੈ, ਪਰ ਬਾਹਰੋਂ ਪੁਚਾਉਣਾ ਔਖਾ ਹੈ। ਉਸ ਇਲਾਕੇ ਵਿਚ ਇਕ ਯਹੂਦੀ ਦੀ ਫ਼ੈਕਟਰੀ ਹੈ - ਖਰਗੋਸ਼ਾਂ ਦੀ ਫ਼ੀਡ ਬਣਾਉਣ ਦੀ। ਉਸ ਵਿਚ ਮੱਕੀ ਪੈਂਦੀ ਹੈ। ਉਹ ਖ਼ਰੀਦ ਕੇ ਭੇਜਾਂਗੇ'

ਮੇਰੇ ਪੈਰ ਧਰਤੀ ਤੇ ਗੱਡੇ ਰਹਿ ਗਏ। ਜ਼ਿੰਦਗੀ ਵਿਚ ਪਹਿਲੀ ਵਾਰੀ ਮੈਂ ਜਿਉਂਦੇ ਜਾਗਦੇ ਬੰਦਿਆਂ ਨੂੰ ਪਸ਼ੂਆਂ ਦਾ ਭੋਜਨ ਖੁਆਉਣ ਦਾ ਭਾਗੀਦਾਰ ਬਣਿਆ। ਮੈਨੂੰ ਅਹਿਸਾਸ ਹੋਇਆ ਤੇ ਬਾਰ ਬਾਰ ਹੋਇਆ ਕਿ ਇਸ ਤ੍ਰਾਸਦੀ ਵਿਚ ਮੈਂ ਕੁਝ ਵੀ ਕਰਨ ਜੋਗਾ ਨਹੀਂ, ਤਦ ਬਾਰ-ਬਾਰ ਮੇਰੇ ਅੰਦਰੋਂ 'ਵਾਜ ਪਈ- 'ਤਾਂ ਫਿਰ ਤੂੰ ਉਨ੍ਹਾਂ (ਫਲਸਤੀਨੀਆਂ) ਦੀ ਭੁੱਖ ਨੂੰ ਹੀ ਮਹਿਸੂਸ ਕਰ, ਜਿਸ ਵਿਚੋਂ ਉਹ ਲੰਘ ਰਹੇ ਹਨ! ਉਨ੍ਹਾਂ ਦੀ ਭੁੱਖ ਵਿਚ ਉਨ੍ਹਾਂ ਦੇ ਨਾਲ ਭੁੱਖਾ ਰਹਿ!'

ਨੇਤਨਯਾਹੂ ਜੀ, ਮੁਸਲਮਾਨ ਨਾ ਹੁੰਦਿਆਂ ਵੀ ਮੈਂ ਜ਼ਿੰਦਗੀ ਵਿਚ ਪਹਿਲੀ ਵਾਰੀ ਰੋਜ਼ੇ ਰੱਖੇ ਜੋ ਕਿਸੇ ਧਰਮ ਦੀ ਪਾਲਣਾ ਲਈ ਨਹੀਂ। ਮੈਂ ਕਮਜ਼ੋਰ ਬੰਦਾ ਹਾਂ, ਮੈਨੂੰ ਯਕੀਨ ਨਹੀਂ ਸੀ ਕਿ ਮੈਂ 30 ਦਿਨ ਲਗਾਤਾਰ ਰੋਜ਼ 12 ਘੰਟੇ ਭੁੱਖ ਤੇ ਪਿਆਸ ਜਰ ਸਕਾਂਗਾ; ਤਾਂ ਮੇਰੀ ਪਤਨੀ ਅਤੇ ਮੇਰੇ 14 ਸਾਲਾਂ ਦੇ ਬੇਟੇ ਨੇ ਵੀ ਮੇਰੇ ਨਾਲ ਰੋਜ਼ੇ ਰੱਖੇ। ਪਰ ਮੈਂ- ਜਿਹੜਾ ਹਰ ਦੋ ਘੰਟੇ ਬਾਅਦ ਕੁਝ ਖਾਣ ਵਾਲਾ ਤੇ ਦਿਨ ਵਿਚ 8 ਲਿਟਰ ਪਾਣੀ ਪੀਣ ਵਾਲਾ ਬੰਦਾ ਹਾਂ- ਰੋਜ਼ੇ ਰੱਖ ਕੇ ਵੀ ਉਨ੍ਹਾਂ ਅਭਾਗੇ ਫ਼ਲਸਤੀਨੀਆਂ ਦੀ ਭੁੱਖ ਤੇ ਪਿਆਸ ਨੂੰ ਪੂਰੀ ਤਰ੍ਹਾਂ ਅਨੁਭਵ ਨਹੀਂ ਕਰ ਸਕਿਆ। ਰੋਜ਼ਿਆਂ ਦੇ ਦਸਵੇਂ ਦਿਨ ਮੈਨੂੰ ਸ਼ਾਮ ਤਕ ਭੁੱਖ ਤੇ ਪਿਆਸ ਲੱਗਣੋਂ ਹਟ ਗਈ, ਪਰ ਅਜਿਹਾ ਕੁਝ ਫ਼ਲਸਤੀਨੀ ਬੱਚਿਆਂ ਨੂੰ ਨਹੀਂ ਵਾਪਰਦਾ ਹੋਣੈ, ਕਿਉਂਕਿ ਉਨ੍ਹਾਂ ਕੋਲ ਸ਼ਾਮ ਨੂੰ ਰੋਟੀ ਮਿਲ ਜਾਣ ਵਰਗਾ ਉਹ ਯਕੀਨੀ ਅਹਿਸਾਸ ਨਹੀਂ ਜੋ ਮੇਰੇ ਕੋਲ ਹੈ। ਉਨ੍ਹਾਂ ਕੋਲ ਹੁਣ ਸਿਰਫ਼ ਮਾਰੇ ਜਾਣ ਦਾ ਹੀ ਯਕੀਨੀ ਅਹਿਸਾਸ ਬਚਿਆ ਹੈ...।

ਜੇ ਮੈਂ ਈਮਾਨਦਾਰ ਹੁੰਦਾ, ਸੱਚਮੁਚ ਹੀ ਉਨ੍ਹਾਂ ਦੀ ਭੁੱਖ ਨੂੰ ਮਹਿਸੂਸ ਕਰਨਾ ਚਾਹੁੰਦਾ, ਤਾਂ ਮੈਂ ਹਰ ਦੋ ਦਿਨਾਂ ਵਿਚ 1 ਪਿਆਜ਼ ਤੇ 2 ਘੁੱਟ ਪਾਣੀ 'ਤੇ ਗੁਜ਼ਾਰਾ ਕਰਦਾ। ਸੰਭਵ ਹੈ- ਮੈਂ ਬੇਈਮਾਨ ਲੇਖਕ ਹੋਵਾਂ ਜਿਹੜਾ ਅਜਿਹਾ ਖ਼ਤ ਲਿਖ ਕੇ ਦੁਨੀਆਂ ਨੂੰ ਮਹਿਜ਼ ਨਸ਼ਰ ਕਰਨਾ ਚਾਹੁੰਦਾ ਹਾਂ ਕਿ ਮੇਰੇ ਵਿਚ ਕਿੰਨੀ 'ਹਮਦਰਦੀ' ਹੈ, ਤੇ ਤੁਸੀਂ ਉਹ 'ਇਮਾਨਦਾਰ' ਸ਼ਾਸਕ ਹੋਵੋ ਜਿਹੜਾ ਆਪਣੇ 'ਦੁਸ਼ਮਣਾਂ' ਨੂੰ ਸਾਫ਼ ਕਰ ਦੇਣ ਦਾ ਐਲਾਨ ਸਾਫ਼-ਸਾਫ਼ ਕਰਦਾ ਹੈ। ਪਰ ਇਸ ਵੇਲੇ ਸੁਆਲ ਮੇਰੀ ਜਾਂ ਤੁਹਾਡੀ ਜ਼ਾਤ ਦਾ ਨਹੀਂ, ਬਲਕਿ ਉਨ੍ਹਾਂ ਲੋਕਾਂ ਦੇ ਬਚੇ ਰਹਿਣ ਦਾ ਹੈ, ਜਿਨ੍ਹਾਂ ਦੀ ਜ਼ਾਤ ਨਾ ਮੁਸਲਮਾਨ ਹੈ, ਨਾ ਫ਼ਲਸਤੀਨੀ ਹੈ। ਉਨ੍ਹਾਂ ਦੀ ਜ਼ਾਤ ਐਸ ਵੇਲੇ ਸਿਰਫ਼ 'ਨਿਰਦੋਸ਼' ਹੈ...।

*

ਮੈਂ ਉਦਾਸ ਹਾਂ ਕਿ ਮੇਰਾ ਦੇਸ਼- ਜਿੱਥੇ 100 ਸਾਲ ਪਹਿਲਾਂ ਪਾਰਕਾਂ 'ਤੇ ਉਹ ਤਖ਼ਤੇ ਲਟਕਦੇ ਸਨ- 'ਇਥੇ ਹਿੰਦੁਸਤਾਨੀਆਂ ਅਤੇ ਕੁੱਤਿਆਂ ਦਾ ਸੈਰ ਕਰਨਾ ਮਨ੍ਹਾ ਹੈ' - ਉਸ ਦੀ ਸਰਕਾਰ ਵੀ ਤੁਹਾਡਾ ਹੱਥ ਫ਼ੜਣ ਲਈ ਨਹੀਂ ਉਠੀ, ਬਾਵਜੂਦ ਇਸਦੇ ਕਿ ਇਤਿਹਾਸਕ ਤੌਰ 'ਤੇ ਅਸੀਂ ਫ਼ਲਸਤੀਨ ਦੇਸ਼ ਦੀ ਸੁਤੰਤਰ ਹੋਂਦ ਨੂੰ ਹੁਣ ਤਕ ਸਵੀਕਾਰਣ ਵਾਲੇ ਪਹਿਲੇ ਮੁਲਕਾਂ ਵਿਚੋਂ ਇਕ ਹਾਂ।

ਮੇਰਾ ਸਿਰ ਸ਼ਰਮ ਨਾਲ ਝੁਕਿਆ ਜਦ ਮੇਰੀ ਜੰਮਣ-ਭੋਇੰ ਦੀ ਸਰਕਾਰ ਦੇ ਮੁਖੀ ਨੇ ਤੁਹਾਨੂੰ ਕਿਹਾ: 'ਸਾਡੇ ਦੇਸ਼ ਦੇ 140 ਕਰੋੜ ਲੋਕ ਤੁਹਾਡੇ ਨਾਲ ਹਨ'। ਮੇਰਾ ਸਿਰ ਓਦੋਂ ਵੀ ਝੁਕਿਆ ਜਦ ਮੇਰੀ ਰਹਿਣ-ਭੋਇੰ ਦੇ ਮੁਖੀ ਨੇ ਤੁਹਾਨੂੰ ਇਹ ਵਿਸ਼ਵਾਸ ਕਨੇਡਾ ਦੇ ਸਾਢੇ 3 ਕਰੋੜ ਲੋਕਾਂ ਵੱਲੋਂ ਵੀ ਦਿਵਾਇਆ।

ਨੇਤਨਯਾਹੂ ਜੀ, ਮੈਂ ਇਹ ਖ਼ਤ ਸਿਰਫ ਇਹੀ ਕਹਿਣ ਲਈ ਲਿਖਿਆ ਹੈ- ਨਾ ਮੈਂ ਉਨ੍ਹਾਂ 140 ਕਰੋੜ ਵਿਚ ਸ਼ਾਮਲ ਹਾਂ, ਨਾ ਸਾਢੇ 3 ਕਰੋੜ ਵਿਚ। ਮੈਂ ਤੁਹਾਡੇ ਨਾਲ ਨਹੀਂ ਖੜਾ ਤੇ ਮੈਨੂੰ ਯਕੀਨ ਹੈ ਜਿਹੜੇ ਇਨ੍ਹਾਂ ਦੇਸਾਂ ਵਿਚ ਤੁਹਾਡੇ ਨਾਲ ਨਹੀਂ ਖੜ੍ਹੇ- ਉਨ੍ਹਾਂ ਦੀ ਗਿਣਤੀ ਕੁਝ ਕਰੋੜਾਂ ਵਿਚ ਹੈ ਕਿਉਂਕਿ ਜਿਹੜੇ ਸ਼ਾਸਕ 35% ਵੋਟ ਲੈ ਕੇ ਗੱਦੀ ਤੇ ਕਾਬਜ਼ ਹੋਏ ਹੋਣ, ਉਹ ਸਾਡੀ ਸਾਰਿਆਂ ਦੀ ਪ੍ਰਤੀਨਿਧਤਾ ਕਦੀ ਨਹੀਂ ਕਰਦੇ। ਅਸੀਂ ਆਪਣੀ ਵੋਟ ਉਨ੍ਹਾਂ ਨੂੰ ਦਿੱਤੀ/ਨਾ ਦਿੱਤੀ ਹੋਏਗੀ, ਪਰ ਅਸੀਂ ਆਪਣੀ ਮਰਜ਼ੀ ਉਨ੍ਹਾਂ ਨੂੰ ਨਹੀਂ ਦਿੱਤੀ। ਇਹ ਸਦਾ ਸਾਡੀ ਰਹੇਗੀ...।

ਮੇਰੇ ਦੇਸ਼ ਦੇ ਆਦਰਯੋਗ (ਮਰਹੂਮ) ਲੇਖਕ ਡਾ. ਮਹੀਪ ਸਿੰਘ ਨੇ 35 ਵਰ੍ਹੇ ਪਹਿਲਾਂ ਇਕ ਲੇਖ ਲਿਖਦਿਆਂ ਕਿਹਾ ਸੀ:

'ਇਹ ਕਹਿਣਾ ਬਹੁਤ ਸੌਖਾ ਹੈ ਕਿ ਮੈਂ ਗਰੀਬ ਅਤੇ ਮਾੜੀ ਧਿਰ ਦੇ ਨਾਲ ਖੜਾ ਹਾਂ। ਹਰ ਦੇਸ਼ ਦਾ ਹਰ ਨੇਤਾ ਇਹੀ ਕਹਿੰਦਾ ਹੈ। ਇੰਜ ਕਹਿਣਾ ਸੁਰੱਖਿਅਤ ਹੈ ਕਿਉਂਕਿ ਇਹ ਆਖਦਿਆਂ ਲੁਕਵੇਂ ਤਰੀਕੇ ਨਾਲ ਤੁਸੀਂ ਅਮੀਰ ਅਤੇ ਤਾਕਤਵਾਰ ਨਾਲ ਵੀ ਖੜੇ ਰਹਿ ਸਕਦੇ ਹੋ। ਪਰ ਕੋਈ ਵਿਰਲਾ ਹੈ ਜਿਹੜਾ ਸਪਸ਼ਟ ਐਲਾਨ ਕਰਦਾ ਹੈ ਕਿ ਉਹ ਅਮੀਰ ਜਾਂ ਡਾਢੇ ਨਾਲ ਕਦਾਚਿਤ ਨਹੀਂ ਖੜਾ। ਅਜਿਹਾ ਇਕ ਵਿਅਕਤੀ – ਨਾਨਕ – ਇਸ ਧਰਤੀ 'ਤੇ ਸਾਢੇ 500 ਸਾਲ ਪਹਿਲਾਂ ਹੋਇਆ ਸੀ, ਜਿਸਨੇ ਅਮੀਰ ਦੇ ਘਰ ਰੋਟੀ ਖਾਣ ਤੋਂ ਨਾਂਹ ਕਰ ਦਿੱਤੀ ਸੀ, ਰਾਜਿਆਂ ਨੂੰ ਸ਼ੀਂਹ ਤੇ ਅਹਿਲਕਾਰਾਂ ਨੂੰ ਕੁੱਤੇ ਕਿਹਾ ਸੀ...।

ਕਿੰਨੀ ਹੈਰਾਨਕੁਨ ਅਤੇ ਦੁਖ਼ਦਾਈ ਗੱਲ ਹੈ ਕਿ ਇਹ ਸੰਸਾਰ ਜਿਸ ਵਿਚ 8 ਅਰਬ ਲੋਕ ਹਨ, ਏਨੇ ਹਥਿਆਰ ਹਨ, ਏਨੀਆਂ ਸਰਕਾਰਾਂ, ਅਖ਼ਬਾਰ, ਅਦਾਲਤਾਂ, ਅਤੇ ਰਾਵਾਂ – ਪਰ 6 ਮਹੀਨੇ ਹੋ ਗਏ, ਕੋਈ ਵੀ ਤੁਹਾਡਾ ਹੱਥ ਫ਼ੜਨ ਲਈ ਨਹੀਂ ਉੱਠਿਆ। ਇਹੀ ਕੁਝ ਵੀਅਤਨਾਮ, ਕੰਬੋਡੀਆ, ਲਾਓਸ, ਹਿੰਦ-ਪਾਕ, ਯੂਕ੍ਰੇਨ, ਇਰਾਕ, ਇਰਾਨ, ਲੀਬੀਆ, ਰਵਾਂਡਾ ਤੇ ਯਮਨ ਦੀਆਂ ਜੰਗਾਂ ਵਿਚ ਹੋਇਆ ਸੀ। ਮਨੁਖਤਾ ਦੇ ਇਸ ਮਹਾਂਸਾਗਰ ਵਿਚ ਮਨੁੱਖ ਘੋਰ ਇਕੱਲੇ ਹਨ।

ਤੁਹਾਨੂੰ ਰੋਕਣ ਲਈ ਆਖ਼ਰ ਦੱਖਣੀ ਅਫ਼ਰੀਕਾ ਦੇ ਕਾਲੇ ਲੋਕ ਹੀ ਉੱਠੇ ਜੋ ਨਸਲਕੁਸ਼ੀ ਦੇ ਦੋਸ਼ ਵਿਚ ਤੁਹਾਨੂੰ ਘਸੀਟ ਕੇ ਅੰਤਰ-ਰਾਸ਼ਟਰੀ ਅਦਾਲਤ ਵਿਚ ਲੈ ਗਏ। ਫ਼ਲਸਤੀਨ ਵਾਸਤੇ ਨਿਆਂ ਦੀ ਮੰਗ ਕਰਨ ਲਈ ਨਿੱਕੇ ਨਿੱਕੇ ਤੇ ਗ਼ਰੀਬ ਦੇਸ਼ ਉਠੇ- ਚਾਡ, ਚਿੱਲੀ, ਹੌਂਡੂਰਾ, ਕੋਲੰਬੀਆ, ਬਿਲੀਜ਼, ਆਇਰਲੈਂਡ ਅਤੇ ਸਪੇਨ ਵਰਗੇ- ਜਿਨ੍ਹਾਂ ਵਿਖਾਇਆ ਕਿ ਵਿਸ਼ਵਗੁਰੂ ਹੋਣ ਦਾ ਭਰਮ ਪਾਲਣ ਨਾਲੋਂ, ਸਾਢੇ 8% ਜੀ.ਡੀ.ਪੀ. ਸਾਲਾਨਾ ਵਾਧੇ ਦੀ ਸ਼ੇਖ਼ੀ ਮਾਰਣ ਨਾਲੋਂ- ਸੰਸਾਰ ਦੀ ਸਭ ਤੋਂ ਵੱਡੀ ਤਾਕਤ ਅਮਰੀਕਾ ਅੱਗੇ ਛਾਤੀ ਡਾਹ ਕੇ ਖੜੇ ਹੋਣਾ; ਤੁਹਾਡੇ ਕੋਲ ਜਮ੍ਹਾਂ ਕੀਤੇ 90, ਬ੍ਰਿਟੇਨ ਦੇ 225 ਤੇ ਅਮਰੀਕਾ ਦੇ 5240 ਐਟਮ ਬੰਬਾਂ ਦੀ ਪਰਵਾਹ ਨਾ ਕਰਦਿਆਂ ਸੰਕਟ ਦੀ ਘੜੀ ਵਿਚ ਨਿਥਾਵਿਆਂ, ਨਿਤਾਣਿਆਂ ਨਿਆਸਰਿਆਂ ਦੀ ਆਵਾਜ਼ ਬਣਨਾ- ਵਧ ਜ਼ਰੂਰੀ ਅਤੇ ਵੱਡੀ ਮਨੁੱਖੀ ਪ੍ਰਾਪਤੀ ਹੈ...।

*

ਸੰਸਾਰ ਵਿਚ ਏਨਾ ਤਰਕ-ਸ਼ਾਸਤਰ ਲਿਖਿਆ ਗਿਆ ਹੈ ਕਿ ਇਕ ਬੰਦਾ ਸਾਰੀ ਉਮਰ ਵਿਚ ਪੂਰਾ ਪੜ੍ਹ ਵੀ ਨਾ ਸਕੇ। ਪਰ ਉਹ ਸਾਰਾ ਹੀ ਤਰਕ ਰਲ ਕੇ ਵੀ ਮਨੁੱਖਾਂ ਨੂੰ ਏਨੀ ਗੱਲ ਸਮਝਾਉਣ ਵਿਚ ਸਫ਼ਲ ਨਹੀਂ ਹੋਇਆ ਕਿ ਬਦਲਾ ਓਸ ਤੋਂ ਲੈਣਾ ਹੁੰਦਾ ਹੈ ਜਿਸਨੇ ਜ਼ੁਲਮ ਕੀਤਾ ਹੋਵੇ, ਨਾ ਕਿ ਉਸਦੇ ਪਰਿਵਾਰ, ਕਬੀਲੇ ਜਾਂ ਮਜ਼ਹਬ ਦੇ ਹੋਰ ਨਿਰਦੋਸ਼ ਲੋਕਾਂ ਤੋਂ।

ਇਸ ਬਦਲੇ ਦੀ ਅਨੁਪਾਤ ਤੁਸੀਂ ਹੁਕਮਰਾਨ ਕਿਵੇਂ ਤਹਿ ਕਰਦੇ ਹੋ- ਇਹ ਸਾਡੇ ਜਿਹੇ ਸਾਧਾਰਣ ਲੋਕਾਂ ਦੀ ਸਮਝ ਤੋਂ ਬਾਹਰ ਹੈ। ਤੁਸੀਂ ਆਪਣੇ 1200 ਬੰਦਿਆਂ ਦੀ ਮੌਤ ਦਾ ਬਦਲਾ ਲੈਣ ਲਈ ਲਗਭਗ 1 ਲੱਖ ਬੰਦਾ ਮਾਰ ਦਿੱਤਾ ਹੈ, 20 ਲੱਖ ਨੂੰ ਉਜਾੜ ਦਿੱਤਾ ਹੈ। ਜਿਸ ਸ਼ਖ਼ਸ ਨੇ ਤੁਹਾਨੂੰ 140 ਕਰੋੜ ਲੋਕਾਂ ਦੀ ਮਦਦ ਦਾ ਵਿਸ਼ਵਾਸ ਦੁਆਇਆ ਹੈ, 22 ਸਾਲ ਪਹਿਲਾਂ ਉਸਨੇ ਮੁੱਖ ਮੰਤਰੀ ਹੁੰਦਿਆਂ ਆਪਣੇ ਸੂਬੇ ਦੀ ਰਾਜਧਾਨੀ ਵਿਚ ਆਪਣੇ ਫ਼ਿਰਕੇ ਦੇ 69 ਬੰਦਿਆਂ ਦਾ ਬਦਲਾ ਲੈਣ ਲਈ ਲਗਭਗ 2500 ਘੱਟ-ਗਿਣਤੀ ਬੰਦਿਆਂ ਦੀ ਨਸਲਕੁਸ਼ੀ ਕਰਵਾਈ ਸੀ। ਹੁਣ ਵਰਗੀ ਬੇਬਸੀ ਵਿਚ ਹੀ ਮੈਥੋਂ ਗੁਜਰਾਤ ਦੰਗਿਆਂ ਬਾਰੇ ਕਵਿਤਾ ਲਿਖੀ ਗਈ ਸੀ:

'ਲਾਸ਼ਾਂ ਦਾ ਢੇਰ ਹੋ ਗਿਆ ਹੈ
ਸੋਮਨਾਥ ਦੇ ਕਲਸ਼ ਜਿੰਨਾ ਉੱਚਾ।
ਲੁੱਟ ਅਤੇ ਬੇਪਤੀ ਹੋ ਗਈ ਹੈ
ਮਹਿਮੂਦ ਗਜ਼ਨਵੀ ਜਿੰਨੀ।
ਬਹੁਤ ਬਹਾਨੇ ਹਨ ਮੇਰੇ ਕੋਲ
ਚੁਪ ਰਹਿਣ ਲਈ।
ਮੈਂ ਹਥਿਆਰ ਨਹੀਂ ਚੁੱਕ ਸਕਦਾ
ਇਹ ਗ਼ੈਰ-ਕਾਨੂੰਨੀ ਹੈ
ਮਾਵਾਂ ਦੇ ਹੰਝੂ ਨਹੀਂ ਪੂੰਝ ਸਕਦਾ
ਮੈਂ ਬਹੁਤ ਦੂਰ ਹਾਂ
ਸ਼ਾਂਤੀ ਦੀ ਅਪੀਲ ਦਾ ਕੋਈ ਲਾਭ ਨਹੀਂ
ਮਾਰਨ ਵਾਲਾ ਏਸਨੂੰ ਨਹੀਂ ਸੁਣਦਾ
ਨਾ ਮੇਰੇ ਕੋਲ ਪੈਸਾ ਹੈ
ਰਫ਼ਿਊਜੀ ਫ਼ੰਡ ਲਈ
ਬਗਾਵਤ ਕਰਨੋਂ ਡਰਦਾ ਹਾਂ
ਮੈਂ ਪਰਿਵਾਰ ਪਾਲਣਾ ਹੈ
ਪਰ ਮੈਂ ਲਲਕਾਰ ਕੇ
ਏਹ ਤਾਂ ਕਹਿ ਸਕਦਾ ਹਾਂ
ਏਹ ਤਾਂ ਕਹਾਂ ...
'ਮਾਰਣ ਵਾਲਿਓ !
ਮੈਨੂੰ ਆਪਣੇ ਵਿਚ ਸ਼ਾਮਲ ਨਾ ਸਮਝਿਓ!'

ਅਸੀਂ ਇਹ ਕਿਉਂ ਲਿਖ਼ ਰਹੇ ਹਾਂ ਜਦ ਕਿ ਜਾਣਦੇ ਹਾਂ- ਸਾਡੀ ਆਵਾਜ਼ ਵੀ ਸ਼ਾਇਦ ਤੁਹਾਡੇ ਤਕ ਨਾ ਪਹੁੰਚੇ। ਪਹੁੰਚ ਵੀ ਜਾਵੇ ਤਾਂ ਸੁਣੀ ਨਹੀਂ ਜਾਵੇਗੀ, ਸੁਣੀ ਜਾਵੇ ਤਾਂ ਮੰਨੀ ਨਹੀਂ ਜਾਵੇਗੀ...।

ਅਸੀਂ ਏਸ ਲਈ ਲਿਖ਼ ਰਹੇ ਹਾਂ ਕਿ- ਤੁਹਾਡੇ ਹਥਿਆਰਾਂ ਨੇ ਜੋ ਘੋਰ ਘਿਰਣਾ, ਪੀੜ ਅਤੇ ਨਿਰਾਸਤਾ ਇਸ ਧਰਤੀ ਅੰਬਰ 'ਤੇ ਪਸਾਰ ਦਿੱਤੀ ਹੈ, ਉਸ ਨਾਲ ਲੜਣ ਲਈ ਤੇ ਆਪਣਾ ਸਾਹ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਚਲਦਾ ਰੱਖਣ ਲਈ- ਸਾਡੇ ਕੋਲ ਇਸ ਅਨੰਤ ਖ਼ਲਾਅ ਵਿਚ ਕੂਕਣ ਬੋਲਣ ਤੇ ਲਿਖ਼ਣ ਤੋਂ ਸਿਵਾਏ ਐਸ ਵੇਲੇ ਹੋਰ ਕੁਝ ਨਹੀਂ ਬਚਿਆ।

ਅਸੀਂ ਏਸ ਲਈ ਵੀ ਬੋਲ ਰਹੇ ਹਾਂ ਕਿ ਤੁਹਾਨੂੰ ਕਿਧਰੇ ਇਹ ਭਰੋਸਾ ਨਾ ਹੋ ਜਾਵੇ ਕਿ- ਤੁਸੀਂ 'ਠੀਕ' ਹੋ। ਹਰ ਜਾਬਰ ਅੰਦਰੋਂ ਜਾਣਦਾ ਹੈ ਕਿ ਉਹ ਗ਼ਲਤ ਹੈ, ਪਰ ਆਪਣੇ ਅੰਦਰੋਂ ਉਠਦਾ ਮਨਾਹੀ ਦਾ ਹੱਥ ਝਟਕ ਦਿੰਦਾ ਹੈ ਤੇ ਧੱਕਾ ਕਰਦਾ ਰਹਿੰਦਾ ਹੈ। ਜਿਸ ਦਿਨ ਬਾਹਰੋਂ ਉਠਦਾ ਅਜਿਹਾ ਹੱਥ ਜਾਂ ਵਜਦੀ ਕੂਕ ਵੀ ਅਲੋਪ ਹੋ ਜਾਵੇ- ਉਸਨੂੰ ਆਪਣੇ 'ਸਹੀ' ਹੋਣ ਦਾ ਭਰੋਸਾ ਆ ਜਾਂਦਾ ਹੈ ਤੇ ਉਸ ਦਿਨ ਉਹਦੇ ਜ਼ੁਲਮ ਦੀ ਸਿਖਰ ਵੱਡੀ ਹੋਣ ਲਗਦੀ ਹੈ।

ਅਸੀਂ ਤੁਹਾਡੇ ਵੱਲੋਂ ਉਸਾਰਿਆ ਦੁੱਖ ਦਾ ਪਹਾੜ ਉਸਰਨੋਂ ਨਹੀਂ ਰੋਕ ਸਕੇ, ਪਰ ਅਸੀਂ ਉਹਦੀ ਸਿਖ਼ਰ ਨੂੰ ਉੱਚਾ ਹੋਣੋਂ ਰੋਕਣ ਦੀ ਕੋਸ਼ਿਸ਼ ਵਿਚ ਅਜੇ ਵੀ ਹਾਂ...।

ਮਾਰੇ ਜਾ ਰਹੇ ਬੰਦੇ ਦਾ ਆਖ਼ਰੀ ਕਰਮ ਉਹਦੀ ਚੀਕ ਹੁੰਦੀ ਹੈ। ਮਰਨ ਨਾਲ ਉਹਦਾ ਸਰੀਰ ਸਮਾਪਤ ਹੋ ਜਾਂਦਾ ਹੈ, ਪਰ ਉਹਦੀ ਕੂਕ ਜਨਮ ਲੈਂਦੀ ਹੈ, ਆਰੰਭ ਹੁੰਦੀ ਹੈ, ਅੱਗੇ ਤੁਰਨ ਲਗਦੀ ਹੈ। ਫਿਰ ਉਹ ਕੂਕ ਕੀ ਕਰਦੀ ਹੈ, ਕਿੱਥੇ ਤਕ ਜਾਂਦੀ ਹੈ, ਉਸ ਕੂਕ ਸਦਕਾ ਕੀ ਕੀ ਵਾਪਰਦਾ ਹੈ- ਏਹਦਾ ਨਿਰਣਾ ਇਤਿਹਾਸ ਨਹੀਂ, ਭਵਿੱਖ ਕਰਦਾ ਹੈ। ਭਵਿੱਖ ਸਾਡੇ ਹੱਥ ਵਿਚ ਨਹੀਂ। ਸਾਡੇ ਹੱਥ ਵਿਚ ਐਸ ਵਰਤਮਾਨ ਵਿਚ ਤੁਹਾਡੇ ਜ਼ੁਲਮ ਵਿਰੁੱਧ ਕੂਕ ਮਾਰਨਾ ਹੀ ਹੈ ...

*

ਸੁਣਿਆ ਹੈ- 'ਹਮਸ' ਤੁਹਾਡੀ ਹੀ ਪੈਦਾਵਾਰ ਹੈ ਜੋ ਤੁਸਾਂ 30-40 ਸਾਲ ਪਹਿਲਾਂ ਖੜੀ ਕੀਤੀ ਸੀ- ਪ੍ਰਸਿਧ ਅਤੇ ਮਕਬੂਲ ਫ਼ਲਸਤੀਨੀ ਨੇਤਾ ਯਾਸਰ ਅਰਾਫ਼ਾਤ ਨੂੰ ਸਿਆਸੀ ਤੌਰ ਅਤੇ ਹਿੰਸਾ, ਦੋਹਾਂ ਤਰੀਕਿਆਂ ਨਾਲ ਖ਼ਤਮ ਕਰਨ ਲਈ- ਤਾਂ ਕਿ ਫ਼ਲਸਤੀਨ ਲਈ ਗੱਲਬਾਤ ਦੇ ਮੇਜ਼ 'ਤੇ ਕੋਈ ਸਤਿਕਾਰੀ ਤੇ ਕੱਦਾਵਰ ਸ਼ਖਸੀਅਤ ਨਾ ਬਚੇ। ਜੇ 'ਹਮਸ' ਫ਼ਲਸਤੀਨ ਦੀ ਆਜ਼ਾਦੀ ਦੀ ਮੰਗ ਕਰੇ ਤਾਂ ਉਸ ਗੱਲ ਨੂੰ ਉਸੇ ਦਲੀਲ ਨਾਲ ਸਹਿਜੇ ਹੀ ਠੁਕਰਾਇਆ ਜਾ ਸਕੇ ਜਿਹੜੀ ਕਨੇਡਾ ਦਾ ਸਭ ਤੋਂ ਵੱਡਾ ਅਖ਼ਬਾਰ The Globe & Mail ਅੱਜ ਦੇਂਦਾ ਹੈ ਕਿ -

'ਜੋ ਹੋ ਰਿਹਾ ਹੈ- ਉਹ ਅਫ਼ਸੋਸਨਾਕ ਹੈ, ਪਰ ਇਹ ਵੇਲਾ ਫ਼ਲਸਤੀਨ ਨੂੰ ਦੇਸ਼ ਵਜੋਂ ਸਵੀਕਾਰਣ ਦਾ ਨਹੀਂ ਕਿਉਂਕਿ ਏਸ ਨਾਲ ਇਹ ਸਾਬਤ ਹੋ ਜਾਵੇਗਾ ਕਿ ਅੱਤਵਾਦ ਰਾਹੀਂ ਕੁਝ ਲੋਕ 'ਹਮਸ' ਮਨ-ਮਰਜ਼ੀ ਨਾਲ ਕੁਝ ਵੀ ਹਾਸਲ ਕਰ ਸਕਦੇ ਹਨ, ਸੁਤੰਤਰ ਦੇਸ਼ ਵੀ। ਪਹਿਲਾਂ ਉਨ੍ਹਾਂ ਦਾ ਇਹ ਭਰਮ ਤੋੜਣਾ ਚਾਹੀਦਾ ਹੈ।'

ਅਖ਼ਬਾਰ ਨੇ ਇਹ ਨਹੀਂ ਦੱਸਿਆ ਕਿ ਜਦ ਸੰਨ 1993 ਵਿਚ ਫ਼ਲਸਤੀਨੀ ਨੇਤਾ ਯਾਸਰ ਅਰਾਫ਼ਾਤ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਯਿਤਜ਼ਾਕ ਰੇਬਿਨ ਅਤੇ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨਾਲ ਰਲ ਕੇ ਏਹ ਸਮਝੌਤਾ ਸਵੀਕਾਰ ਕੀਤਾ ਸੀ ਕਿ ਅਸੀ ਹੁਣ ਹਥਿਆਰ ਤਿਆਗਦੇ ਹਾਂ ਤੇ ਗੱਲਬਾਤ ਰਾਹੀਂ ਆਪਣਾ ਦੇਸ਼ ਸਥਾਪਤ ਕਰਾਂਗੇ- ਤਾਂ 30 ਬੇਹਥਿਆਰੇ ਸਾਲਾਂ ਵਿਚ ਵੀ ਫ਼ਲਸਤੀਨ ਮੁਲਕ ਕਿਉਂ ਨਾ ਬਣਾਇਆ ਗਿਆ? ਜੇ ਉਹ ਨਿਆਂ ਕੀਤਾ ਗਿਆ ਹੁੰਦਾ ਤਾਂ ਉਹ 1200 ਨਿਰਦੋਸ਼ ਇਜ਼ਰਾਈਲੀ ਵੀ 'ਹਮਸ' ਦੇ ਘਾਤਕ ਅਤੇ ਨਿੰਦਣਯੋਗ ਹਮਲੇ ਵਿਚ ਨਹੀਂ ਮਰਦੇ, ਜਿਨ੍ਹਾਂ ਨੂੰ ਬਹਾਨਾ ਬਣਾ ਕੇ ਤੁਸੀਂ ਇਹ ਕਹਿਰ ਵਰਤਾਇਆ ਹੈ, ਜੋ ਤੁਹਾਡੀ ਸੈਂਸਰਸ਼ਿਪ ਕਰਕੇ ਇਜ਼ਰਾਈਲੀਆਂ ਨੂੰ ਹਾਲੇ ਤਕ ਵੀ ਪਤਾ ਨਹੀਂ ਲੱਗਾ। ਇਜ਼ਰਾਇਲੀ ਤਾਂ ਆਪਣੇ ਕ੍ਰੋਧ ਵਿਚ ਹੁਣ ਏਹੀ ਕਹੀ ਜਾ ਰਹੇ ਹਨ: 'ਕੋਈ ਫ਼ਲਸਤੀਨੀ ਹੁਣ ਨਿਰਦੋਸ਼ ਨਹੀਂ...!'

ਤੁਹਾਡਾ ਮਿੱਤਰ ਅਮਰੀਕਾ ਜਿਹੜੇ ਦਿਨ ਸਾਰੀ ਦੁਨੀਆਂ ਦੇ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਫ਼ੋਟੋਆਂ ਅਗਾਊਂ ਹੀ ਛਾਪ-ਛਾਪ ਫ਼ਲਸਤੀਨ ਵਿਚ ਭੋਜਨ ਦੀਆਂ ਹਵਾਈ ਪੰਡਾਂ ਸੁੱਟਦਾ ਹੈ, ਉਹ ਓਸੇ ਦਿਨ ਇਜ਼ਰਾਈਲ ਨੂੰ 18 ਬਿਲੀਅਨ ਡਾਲਰ ਦੇ ਬੰਬ ਅਤੇ ਉਨ੍ਹਾਂ ਬੰਬਾਂ ਨੂੰ ਸੁੱਟਣ ਲਈ ਹਵਾਈ ਜਹਾਜ਼ ਦੇਂਦਾ ਹੈ! ਇਜ਼ਰਾਈਲ ਨੂੰ ਮਿਲੇ ਹਰ 3 ਹਥਿਆਰਾਂ ਵਿਚੋਂ 2 ਅਮਰੀਕਨ ਅਤੇ 1 ਜਰਮਨ ਹੁੰਦਾ ਹੈ। ਤੁਹਾਡਾ ਝੂਠ ਹੋਰ ਵੀ ਨੰਗਾ ਹੋ ਜਾਂਦਾ ਹੈ ਜਦ ਅਮਰੀਕਾ ਦੇ ਐਸ ਨਵੰਬਰ ਵਿਚ ਚੁਣੇ ਜਾਣ ਵਾਲੇ ਸੰਭਾਵੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਯਹੂਦੀ ਜਵਾਈ ਜੈਰੇਡ ਕੁਸ਼ਨਰ ਇਹ ਬਿਆਨ ਦਿੰਦਾ ਹੈ ਕਿ - 'ਗਾਜ਼ਾ ਪੱਟੀ ਨਾਲ ਲਗਦੇ ਸਮੁੰਦਰ ਦੀਆਂ ਬੀਚਾਂ ਨੂੰ Tourist Spot ਵਜੋਂ Develop ਕਰਨ ਦੀਆਂ ਅਨੰਤ ਅਤੇ ਦਿਲਚਸਪ ਸੰਭਾਵਨਾਵਾਂ ਹਨ'। ਅਸਾਂ ਸੁਣਿਆ ਹੈ ਕਿ ਮਨੁੱਖ ਜੋ ਕੁਝ ਦੋ ਅੱਖਾਂ ਨਾਲ ਨਹੀਂ ਵੇਖ਼ ਸਕਦਾ, ਉਹ ਤੀਜੀ ਅੱਖ ਖੁਲ੍ਹਣ 'ਤੇ ਦਿਸਣ ਲਗਦਾ ਹੈ। ਪਰ ਇਹ ਕੋਈ ਚੌਥੀ ਕਿਸਮ ਦੀ ਅੱਖ ਹੋਵੇਗੀ ਜਿਹੜੀ ਸਮੁੰਦਰ ਵਿਚ ਤਰਦੀਆਂ ਲਾਸ਼ਾਂ ਹੇਠੋਂ ਵੀ ਇਕ ਖ਼ੁਸ਼ਹਾਲ ਟੂਰਿਸਟ ਸਪੌਟ ਵੇਖ਼ ਸਕਦੀ ਹੈ। ਇਹ ਬੀਚਾਂ ਇਜ਼ਰਾਇਲੀਆਂ ਤੋਂ ਇਲਾਵਾ ਉਨ੍ਹਾਂ 5 ਲੱਖ ਹਥਿਆਰਬੰਦ ਅਮਰੀਕਨਾਂ ਨੂੰ ਆਪਣੀ ਥਕਾਵਟ ਲਾਹੁਣ ਲਈ ਚਾਹੀਦੀਆਂ ਹਨ ਜਿਹੜੇ (ਅੰਤਰ-ਰਾਸ਼ਟਰੀ ਸਹਿਮਤੀ ਅਤੇ ਸਮਝੌਤਿਆਂ ਦੇ ਵਿਰੁੱਧ) ਨਿਰੰਤਰ ਫ਼ਲਸਤੀਨੀਆਂ ਦੇ ਪਿੰਡਾਂ, ਖੇਤਾਂ 'ਤੇ ਕਬਜ਼ਾ ਕਰਦਿਆਂ ਤੇ ਵਧਾਉਂਦਿਆਂ ਹੋਇਆਂ ਇਜ਼ਰਾਈਲ ਨੂੰ ਖੇਤਰਫ਼ਲ ਵਿਚ 'ਵੱਡਾ' ਕਰ ਰਹੇ ਹਨ।

*

ਨੇਤਨਯਾਹੂ ਜੀ, ਗਾਜ਼ਾ ਵਿਚ ਸਿਰਫ਼ ਫ਼ਲਸਤੀਨੀ ਹੀ ਨਹੀਂ ਮਰੇ, ਮਾਵਾਂ ਹੀ ਨਹੀਂ ਔਤਰੀਆਂ ਹੋਈਆਂ, ਇਕ ਖ਼ੂਬਸੂਰਤ ਪਰ ਗਰੀਬ ਦੇਸ਼ ਹੀ ਨੇਸਤੋ-ਨਾਬੂਦ ਨਹੀਂ ਹੋਇਆ, ਤੇ ਅਗਲੀਆਂ ਪੁਸ਼ਤਾਂ ਹੀ ਨਹੀਂ ਮੁੱਕੀਆਂ- ਕੁੱਲ ਧਰਤੀ 'ਤੇ ਵਸਦੇ ਮਨੁੱਖਾਂ ਕੋਲ ਦੋ ਵੱਡੀਆਂ ਕੀਮਤੀ ਕੀਮਤਾਂ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਹੈ:

ਪਹਿਲੀ- ਤੁਹਾਡਾ ਕੀਤਾ ਇਹ ਕਰਮ - ਡੈਮੋਕ੍ਰੇਸੀ ਵਿਚ ਸਾਡੇ ਵਿਸ਼ਵਾਸ ਨੂੰ ਭੰਨ ਰਿਹਾ ਹੈ ...

ਤੁਹਾਡਾ ਦੇਸ਼ ਡੈਮੋਕ੍ਰੇਸੀ ਹੈ, ਤੁਹਾਡਾ ਮਿੱਤਰ ਅਮਰੀਕਾ ਸੰਸਾਰ ਦੀ ਸਭ ਤੋਂ ਵਧ ਤਾਕਤਵਰ ਡੈਮੋਕ੍ਰੇਸੀ, ਅਤੇ ਬ੍ਰਿਟੇਨ ਪੁਰਾਣੀਆਂ ਡੈਮੋਕ੍ਰੇਸੀਆਂ ਵਿਚੋਂ ਇਕ ਹੈ। ਡੈਮੋਕ੍ਰੇਸੀਆਂ ਤਾਂ ਅਨਿਆਂ ਨੂੰ ਰੋਕਣ ਲਈ ਬਣੀਆਂ ਸਨ। ਮੇਰੇ ਦੇਸ਼ ਵਿਚ ਮਸਾਂ ਇਕ ਤਿਹਾਈ ਵੋਟਾਂ ਲੈ ਕੇ ਬਣੀ ਸਰਕਾਰ ਇਕ ਫ਼ਿਰਕੇ ਨੂੰ ਛੱਡ ਬਾਕੀਆਂ ਦੀ ਨਸਲਕੁਸ਼ੀ ਵਲ ਜਾਂਦੇ ਕਾਨੂੰਨ ਅਤੇ ਹਾਲਾਤ ਨਿਰੰਤਰ ਉਸਾਰੀ ਜਾ ਰਹੀ ਹੈ ਅਤੇ ਅਦਾਲਤਾਂ, ਟੈਕਸ, ਚੋਣ-ਕਮਿਸ਼ਨ, ਪੁਲਿਸ, ਵਿਦਿਆ, ਇਤਿਹਾਸ- ਸਭ ਕੀਮਤੀ ਸੰਸਥਾਵਾਂ ਗੋਡਿਆਂ ਪਰਨੇ ਕਰੀ ਜਾ ਰਹੀ ਹੈ, ਕਿਉਂਕਿ ਉਸ ਪਾਰਟੀ ਅੰਦਰ ਕੱਟੜ ਲੋਕਾਂ ਦਾ ਬੋਲਬਾਲਾ ਹੈ। ਤੁਸੀਂ ਜੋ ਕਰ ਰਹੇ ਹੋ ਉਹ ਵੀ ਮਾਤਰ ਇਕ MP ਜਿੰਨੀ ਬਹੁਗਿਣਤੀ ਨਾਲ ਆਪਣੀ ਗੱਦੀ ਬਚਾਉਣ ਲਈ ਕੱਟੜ ਪਾਰਟੀਆਂ ਦੀ ਲਈ ਸਹਾਇਤਾ ਅਤੇ ਉਨ੍ਹਾਂ ਨੂੰ ਖ਼ੁਸ਼ ਕਰਨ, ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਵੱਡਾ ਨਤੀਜਾ ਹੈ। ਮੇਰੇ ਸੂਬੇ ਵਿਚ ਇਕ ਕੱਟੜ ਬੰਦੇ ਨੇ ਹਥਿਆਰ ਚੁੱਕਣ ਬਦਲਾ ਲੈਣ ਦਾ ਨਾਅਰਾ ਮਾਰਿਆ। ਇਕ ਸਰਵੇਅ ਅਨੁਸਾਰ ਉਹਦੀ ਸਿਖ਼ਰ ਸਮੇਂ ਸਿਰਫ਼ ਸਾਢੇ 3% ਲੋਕ ਉਹਦੇ ਨਾਲ ਸਨ ਪਰ ਉਹ ਆਪਣਾ ਬਿਰਤਾਂਤ- ਕੱਟੜਤਾ ਅਤੇ ਹਥਿਆਰਬੱਧਤਾ ਸਦਕਾ ਸਾਡੇ ਸਾਰਿਆਂ ਉਪਰ ਪੁਸ਼ਤਾਂ ਵਾਸਤੇ ਲੱਦ ਗਿਆ। ਚਾਲ੍ਹੀ ਸਾਲ ਬੀਤਣ ਮਗਰੋਂ ਉਹਦੇ ਕੰਡੇ ਸਾਥੋਂ ਅਜੇ ਇਕ-ਚੌਥਾਈ ਵੀ ਨਹੀਂ ਚੁਗੇ ਗਏ।

ਜੇ ਸਦੀਆਂ ਦੇ ਸਮੇਂ, ਸੈਂਕੜੇ ਉੱਦਮਾਂ ਅਤੇ ਹਜ਼ਾਰਾਂ ਵਿਚਾਰਾਂ ਨਾਲ ਉਸਾਰੀ ਡੈਮੋਕ੍ਰੇਸੀ ਵੀ ਏਨੀ ਸੁਖਿਆਈ ਅਤੇ ਲੈਣ-ਦੇਣ ਦੇ ਤਾਣੇ-ਬਾਣੇ ਨਾਲ ਕੱਟੜ ਲੋਕਾਂ ਦੀ ਰਖੇਲ ਬਣਾਈ ਜਾ ਸਕਦੀ ਹੈ- ਤਾਂ ਸਾਡੇ ਵਰਗੇ ਸਾਧਾਰਣ ਪਰ ਗ਼ੈਰ-ਕੱਟੜ ਲੋਕਾਂ ਕੋਲ ਜ਼ਿੰਦਗੀ ਨੂੰ ਜੀਣ, ਨਿਆਂ ਹਾਸਲ ਕਰਨ, ਅਤੇ ਸਮਾਜ ਜਾਂ ਸਟੇਟ ਨੂੰ ਚਲਦਾ ਰੱਖਣ ਵਾਸਤੇ ਫਿਰ ਕਿਹੜਾ ਪੁਲਿਟੀਕਲ ਸਿਸਟਮ ਬਚਦਾ ਹੈ? ਜੇ ਪੰਜ ਪਿਆਰੇ ਹੀ ਕੱਟੜ ਹੋ ਜਾਣ ਤਾਂ ਫਿਰ ਉਨ੍ਹਾਂ ਲਈ ਕੋਈ ਸਾਧਾਰਣ ਜਨ ਪਿਆਰਾ ਨਹੀਂ ਰਹਿ ਜਾਂਦਾ!

ਸਾਡੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੈ ਕਿ ਜਦ ਲੋਕਾਂ ਨੂੰ ਡੈਮੋਕ੍ਰੇਸੀ ਹਾਸਲ ਹੀ ਨਾ ਹੋ ਸਕੇ, ਜਾਂ ਡੈਮੋਕ੍ਰੇਸੀ ਉਨ੍ਹਾਂ ਨੂੰ ਆਪਣੇ ਦੁੱਖ ਹੱਲ ਕਰਨ ਦਾ ਰਾਹ ਨਾ ਦੇਵੇ, ਜਾਂ ਉਨ੍ਹਾਂ ਦਾ ਡੈਮੋਕ੍ਰੇਸੀ ਵਿਚ ਵਿਸ਼ਵਾਸ ਮੁੱਕ ਜਾਵੇ- ਤਾਂ ਉਹ ਆਪਣੇ 'ਤੇ ਰਾਜ ਕਰਨ ਲਈ ਤੁਹਾਡੇ ਵਰਗੇ ਲੋਕਾਂ ਨੂੰ ਚੁਣਨ ਲਗਦੇ ਹਨ, ਜਿਹੜੇ ਪਰਤ ਕੇ ਉਨ੍ਹਾਂ ਦੇ ਦੁੱਖ ਦੇ ਕਾਰਣਾਂ ਨੂੰ ਹੀ Exponentially ਜ਼ਰਬਾਂ ਦੇਂਦੇ ਹਨ ! ਇਹ ਸੱਚ ਤੁਹਾਨੂੰ ਪਤਾ ਹੈ, ਏਸੇ ਲਈ ਤੁਸੀਂ ਜੋ ਕਰ ਰਹੇ ਹੋ ਸੋ ਕਰ ਰਹੇ ਹੋ...

ਦੂਜਾ ਵੱਡਾ ਨੁਕਸਾਨ

ਪਿਛਲੇ 90 ਸਾਲਾਂ ਵਿਚ ਯਹੂਦੀਆਂ ਨੇ ਕਿਤਾਬਾਂ ਲਿਖ਼-ਲਿਖ਼, ਫ਼ਿਲਮਾਂ ਬਣਾ-ਬਣਾ, ਕਥਾਵਾਂ ਕਹਿ-ਕਹਿ- ਕੁੱਲ ਸੰਸਾਰ ਨੂੰ- ਹਰ ਰੋਜ਼, 100 ਵਾਰੀ ਹਰ ਰੋਜ਼- ਇਹ ਚੇਤਾ ਕਰਵਾਇਆ ਕਿ ਤੁਹਾਡੀ ਕੌਮ ਨਾਲ ਹਿਟਲਰ ਨੇ ਕੀ ਧੱਕਾ ਕੀਤਾ। ਤੇ ਸੰਸਾਰ ਨੇ ਯਹੂਦੀਆਂ ਦੇ ਏਸ ਤਰਲੇ ਦਾ ਸਦਾ ਯਕੀਨ ਕੀਤਾ ਹੈ। ਕਨੇਡਾ ਅਮਰੀਕਾ ਯੂਰਪ ਵਿਚ ਕੋਈ ਬੰਦਾ ਜੇ ਕਿਸੇ ਯਹੂਦੀ ਦੇ ਖ਼ਿਲਾਫ਼ ਕੋਈ ਸਹੀ ਗੱਲ ਵੀ ਕਹਿ ਦੇਵੇ ਤਾਂ ਦੂਜੀ ਗੱਲ ਪੁੱਛੇ ਬਿਨਾ ਹੀ ਉਸਤੇ Anti-Semitism ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

ਪਰ ਜੇ ਕਿਧਰੇ ਤੁਸੀਂ ਆਪਣੀ ਗੱਦੀ ਕਾਇਮ ਰੱਖਣ ਲਈ ਆਪਣਾ ਅੰਨ੍ਹਾ ਜਨੂੰਨ ਜਾਰੀ ਰੱਖਿਆ, ਤੇ ਏਸ ਵਰ੍ਹੇ ਦੇ ਅੰਤ ਤਕ 5 ਲਖ ਫ਼ਲਸਤੀਨੀ ਸੱਚੀ-ਮੁੱਚੀਂ ਮਾਰੇ ਹੀ ਗਏ ਤਾਂ ਕਿਤੇ ਏਹ ਨਾ ਹੋਵੇ- ਅੱਧਾ ਸੰਸਾਰ ਮੰਨਣ ਲੱਗ ਪਵੇ ਕਿ ਹਿਟਲਰ ਨੇ ਜੋ ਕੀਤਾ ਸੀ- 'ਸਹੀ' ਕੀਤਾ ਸੀ! ਉਹ ਇਸ ਧਰਤੀ ਦਾ ਵੱਡਾ ਅਭਾਗਾ ਦਿਨ ਹੋਵੇਗਾ। ਉਸ ਦਿਨ ਸਭ ਹਿਟਲਰ ਜਿਹੇ ਅਤੇ ਮੇਰੀ ਧਰਤੀ ਵਾਂਗ ਸਭ ਦੇਸਾਂ ਅਤੇ ਸਭ ਮਜ਼ਹਬਾਂ ਵਿਚ ਤੁਰੇ-ਫਿਰਦੇ ਸਭ ਨਸਲਕੁਸ਼ਾਂ ਨੂੰ ਆਪਣੇ 'ਠੀਕ' ਹੋਣ ਦਾ ਨੈਤਿਕ ਲਸੰਸ ਮਿਲ ਜਾਵੇਗਾ...

ਇਹ ਡਰ ਮੈਨੂੰ ਅੱਜ ਸਵੇਰੇ ਹੀ ਲੱਗਿਆ ਜਦੋਂ ਦੇਸ਼ ਦੀ ਸਿਆਸੀ ਹਾਲਤ ਬਾਰੇ ਗੱਲ ਕਰਦਿਆਂ ਹਿੰਦੁਸਤਾਨ ਵਿਚ ਸਰਕਾਰੀ ਨੌਕਰੀ ਕਰਦਾ ਮੇਰਾ 20 ਸਾਲਾ ਰਿਸ਼ਤੇਦਾਰ ਮੁੰਡਾ ਮੈਨੂੰ ਪੁੱਛਣ ਲੱਗਾ: 'ਕੀ ਮੁਸਲਮਾਨਾਂ ਦਾ ਹੋਣਾ ਜਾਂ ਰਹਿਣਾ ਭਾਰਤ ਲਈ ਬਹੁਤ ਜ਼ਰੂਰੀ ਹੈ?' (ਮੈਂ ਜਾਣਦਾ ਹਾਂ- ਇਹੀ ਸੁਆਲ ਤੁਹਾਡੇ ਦੇਸ਼ ਦੇ ਕੱਟੜ ਯਹੂਦੀ ਵੀ ਫ਼ਲਸਤੀਨੀਆਂ ਬਾਰੇ ਪੁੱਛ ਰਹੇ ਹੋਣਗੇ) ਮੈਂ ਉਹਨੂੰ ਕਿਹਾ: 'ਜੇ ਕੋਈ ਸੁਆਲ ਕਰੇ ਕਿ ਸਿੱਖਾਂ ਦਾ ਹੋਣਾ ਤੇ ਰਹਿਣਾ ਕੀ ਭਾਰਤ ਲਈ ਜ਼ਰੂਰੀ ਹੈ? ਤਾਂ ਤੂੰ- ਦਿੱਲੀ ਰਹਿੰਦਾ ਸਾਬਤ-ਸੂਰਤ ਨੌਜੁਆਨ ਏਹਦਾ ਜੋ ਜੁਆਬ ਦੇਵੇਂਗਾ- ਉਹੀ ਤੇਰੇ ਸੁਆਲ ਦਾ ਜੁਆਬ ਹੈ!'

ਮੈਂ ਆਸ ਕਰਦਾ ਹਾਂ- ਅਜਿਹਾ ਸੁਆਲ ਤੁਹਾਡੇ ਕਰਮਾਂ ਸਕਦਾ ਸੰਸਾਰ ਵਿਚ ਯਹੂਦੀਆਂ ਲਈ ਕਦੀ ਦੁਬਾਰਾ ਨਾ ਉੱਠੇ ! ਮੇਰੀ ਭਾਸ਼ਾ ਦੇ ਕਵੀ ਓਂਕਾਰਪ੍ਰੀਤ ਦੀ ਗੱਲ ਸੁਣੋ :

'ਹਿਟਲਰ ਖ਼ੁਦਕਸ਼ੀ ਕਰਕੇ ਵੀ ਨਾ ਮਰਿਆ
ਯਹੂਦੀਆਂ ਉਸਦੀ ਨਫ਼ਰਤ ਨੂੰ ਜ਼ਿੰਦਾ ਰਖਿਆ
ਉਸਦੇ ਗੈਸ-ਚੈਬਰਾਂ ਦਾ ਸਾਹ-ਪੀਓ
ਆਪਣੇ ਸਾਹਾਂ 'ਚ ਪਾ ਲਿਆ
ਉਸਦੀਆਂ ਭੱਠੀਆਂ ਦਾ ਆਦਮ-ਬੋਅ ਸੇਕ
ਆਪਣੇ ਤਨ-ਮਨ ਢਾਲ ਲਿਆ
ਉਸਦੇ ਭੈਅ ਦਾ ਬੀਜ
ਆਪਣੇ ਸੀਨੇ-ਕੁੱਖੀਂ ਸੰਭਾਲ ਲਿਆ
ਕਿ ਰੋਮਨ ਕੈਥੋਲਿਕ ਹਿਟਲਰ
ਹੁਣ ਸ਼ੁੱਧ ਯਹੂਦੀ ਹੋ ਗਿਆ ਹੈ
ਤੇ ...
ਸੱਠ ਲੱਖ ਲੋਕਾਂ ਦੇ ਕਾਤਲ ਸਾਹਵੇਂ
ਹਾਲੇ ਮਹਿਜ਼ ਤੀਹ ਕੁ ਹਜ਼ਾਰ
ਫ਼ਲਸਤੀਨੀ ਲਾਸ਼ਾਂ ਚੀਜ਼ ਹੀ ਕਿਆ ਹੈ...?'

ਇੰਗਲੈਂਡ ਦੇ ਵੱਡੇ ਅਖ਼ਬਾਰ 'The Guardian' ਦੇ ਪੱਤਰ-ਪ੍ਰੇਰਕ ਜੋਨਾਥਨ ਫ਼੍ਰੀਡਲੈਂਡ ਦੇ ਸ਼ਬਦ ਸੁਣੋ: 'ਇਜ਼ਰਾਈਲ ਨੇ ਸੰਸਾਰ ਦਾ ਚਾਨਣ ਹੋਣਾ ਸੀ, ਪਰ ਅੱਜ ਉਹ ਸੰਸਾਰ ਦਾ ਕੋਹੜੀ ਹੋ ਗਿਆ ਹੈ'। ਯਹੂਦੀ ਵਾਕਈ ਸੰਸਾਰ ਦਾ ਚਾਨਣ ਸਨ। ਸੰਸਾਰ ਦੀ ਕੁੱਲ ਆਬਾਦੀ ਦਾ ਸਿਰਫ਼ 0.2% ਹੁੰਦਿਆਂ ਵੀ ਉਨ੍ਹਾਂ 20% ਨੋਬਲ ਇਨਾਮ ਜਿੱਤੇ (975 ਵਿਚੋਂ 200)

ਅੱਜ ਜਦੋਂ ਹਿਟਲਰ ਦਾ ਨਾਂ ਕੋਈ ਉਚਾਰਦਾ ਹੈ ਤਾਂ ਪਹਿਲਾ ਖ਼ਿਆਲ ਏਹੀ ਆਉਂਦਾ ਹੈ- 'ਏਹ ਓਹ ਬੰਦਾ ਸੀ ਜਿਸ 60 ਲੱਖ ਯਹੂਦੀ ਮਾਰੇ!' ਪਰ ਆਉਣ ਵਾਲੇ ਸਮੇਂ ਵਿਚ ਯਹੂਦੀਆਂ ਦੀਆਂ ਸਭ ਪ੍ਰਾਪਤੀਆਂ ਦੇ ਬਾਵਜੂਦ ਇਤਿਹਾਸ ਨੇ ਕਿਸੇ ਵੀ ਮਨੁੱਖ ਵੱਲੋਂ 'ਯਹੂਦੀ' ਸ਼ਬਦ ਉਚਾਰਣ ਉਤੇ ਪਹਿਲਾ ਵਾਕ ਜੇ ਏਹੀ ਬੋਲਣਾ ਹੈ- 'ਏਹ ਕਈ ਲੱਖ ਫ਼ਲਸਤੀਨੀਆਂ ਦੇ ਕਾਤਲ ਹਨ' ਤਾਂ ਕਿੰਨੀ ਉਦਾਸ ਗੱਲ ਹੋਵੇਗੀ! ਏਨੇ ਮਹਾਨ ਯਹੂਦੀ ਵਿਗਿਆਨੀਆਂ, ਅਰਥ-ਸ਼ਾਸਤਰੀਆਂ, ਲੇਖਕਾਂ, ਕਲਾਕਾਰਾਂ ਤੇ ਲੋਕਾਂ ਦਾ ਕੁੱਲ ਕੀਤਾ ਕਾਰਜ ਅਤੇ ਰਚਨਾ ਤੁਸੀਂ ਨਿਰਦੋਸ਼ਾਂ ਦੇ ਲਹੂ ਵਿਚ ਰੋੜ੍ਹ ਦਿੱਤਾ...

ਜਾਂ ਸ਼ਾਇਦ ਅਸੀਂ ਨਿਰਦੋਸ਼ ਨਹੀਂ, ਸਾਡਾ ਦੋਸ਼ ਹੈ- ਤੁਹਾਡੇ ਜਿਹੇ ਕੱਟੜ ਲੋਕਾਂ ਨੂੰ ਆਪਣੇ ਤੇ ਰਾਜ ਕਰਨ ਦੇਣਾ। ਤੁਸੀਂ 15 ਸਾਲਾਂ ਤੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਹੋ। ਤੁਹਾਡੇ ਜਿਹਾ ਅੱਕ ਬੀਜ ਕੇ ਉਹਦੇ ਫ਼ਲ ਵਿਚੋਂ ਗਾਂ ਦਾ ਦੁੱਧ ਤਾਂ ਨਹੀਂ ਸੀ ਨਿਕਲਣਾ, 1200 ਇਜ਼ਰਾਇਲੀਆਂ ਦੀ ਮੌਤ ਹੀ ਨਿਕਲਣੀ ਸੀ! ਸਾਨੂੰ- ਜੋ ਕੱਟੜ ਨਹੀਂ- ਚਾਹੀਦਾ ਹੈ ਕਿ ਤੁਹਾਡੇ ਜਿਹੇ ਸਿਆਸੀ ਜਾਂ ਧਾਰਮਿਕ ਕੱਟੜਾਂ ਨਾਲ ਪਹਿਲਾਂ ਹੀ ਦੋ-ਦੋ ਹੱਥ ਕਰੀਏ, ਭਾਵੇਂ ਏਸ ਵਿਚ ਮਾਰੇ ਹੀ ਜਾਈਏ, ਪਰ ਤੁਹਾਡੇ ਜਿਹਿਆਂ ਨੂੰ ਤਾਕਤ ਵਿਚ ਨਾ ਆਉਣ ਦੇਈਏ। ਕਿਉਂਕਿ ਤੁਹਾਡੇ ਸੱਤਾਧਾਰੀ ਹੋਣ ਨਾਲ ਤੁਹਾਡੇ 'ਕਾਰੋਬਾਰ' ਦੀ ਸਫ਼ਲਤਾ ਵਾਸਤੇ ਸਾਡਾ ਅਤੇ ਸਾਡੀ ਸੰਤਾਨ ਦਾ ਅਜਾਈਂ ਮਾਰੇ ਜਾਣਾ ਨਿਸਚਿਤ ਹੈ...

*

UNO ਵਿਚ ਪਈ ਵੋਟ ਦਸਦੀ ਹੈ: ਸੰਸਾਰ ਦੀ 8 ਅਰਬ ਆਬਾਦੀ ਵਿਚੋਂ ਸਿਰਫ਼ ਪੌਣੇ 7 ਕਰੋੜ ਕੁੱਲ ਵੱਸੋਂ ਰਖਦੇ ਦੇਸ਼ ਹੀ ਤੁਹਾਡੇ ਸਮਰੱਥਕ ਰਹਿ ਗਏ ਹਨ। ਬ੍ਰਿਟੇਨ ਵਿਚ 600 ਵਕੀਲਾਂ ਅਤੇ ਜੱਜਾਂ ਨੇ ਅਪੀਲ ਲਿਖ਼ ਕੇ ਆਪਣੀ ਸਰਕਾਰ ਵੱਲੋਂ ਇਜ਼ਰਾਈਲ ਨੂੰ ਦਿੱਤੇ ਜਾ ਰਹੇ ਹਥਿਆਰਾਂ 'ਤੇ ਰੋਕ ਮੰਗੀ ਹੈ। ਤੁਸੀਂ ਸੰਸਾਰ ਭਰ ਦੀਆਂ ਯੂਨੀਵਰਸਿਟੀਆਂ ਵਿਚ ਫ਼ਲਸਤੀਨ ਦੇ ਹੱਕ ਵਿਚ ਹੁੰਦੇ ਵਿਦਿਆਰਥੀ ਮੁਜ਼ਾਹਰਿਆਂ ਨੂੰ ਵੇਖੋ ਤੇ ਸੁਣੋ- ਇਨ੍ਹਾਂ ਵਿਚ ਉੱਠੀਆਂ ਹੋਈਆਂ ਬਾਹਾਂ ਸਿਰਫ਼ ਮੁਸਲਮਾਨ ਹੀ ਨਹੀਂ ਹਨ। ਟੋਰਾਂਟੋ ਦੇ ਉਸ ਸਮਾਗਮ-ਹਾਲ ਨੂੰ ਵੇਖੋ ਜਿੱਥੇ ਭਾਸ਼ਣ ਦੇਣ ਲਈ ਕਨੇਡੀਅਨ ਪ੍ਰਧਾਨ-ਮੰਤਰੀ ਜਸਟਿਨ ਟਰੂਡੋ ਨੂੰ ਮੁਜ਼ਾਹਰਾਕਾਰਾਂ ਨੇ ਅੰਦਰ ਹੀ ਨਹੀਂ ਵੜਨ ਦਿੱਤਾ। ਕਨੇਡਾ ਦੀ ਉਪਰਲੀ ਚਹੁੰਆਂ ਵਿਚੋਂ ਇਕ ਮੈਕਗਿੱਲ ਯੂਨੀਵਰਸਿਟੀ ਓਟਵਾ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਵੇਖੋ, ਜਿਹੜੇ ਏਸ ਮੰਗ ਲਈ ਭੁੱਖ ਹੜਤਾਲ 'ਤੇ ਬੈਠੇ ਹਨ ਕਿ ਯੂਨੀਵਰਸਿਟੀ ਆਪਣੀ ਆਮਦਨੀ ਅਤੇ ਬੱਚਤ ਦੇ ਵਾਧੇ ਲਈ ਲਾਇਆ ਪੈਸਾ ਜਾਂ ਸਟਾਕ- ਹਥਿਆਰ ਬਣਾਉਣ ਵਾਲੀਆਂ ਕੰਪਨੀਆਂ (ਰੇਥਿਓਨ, ਲਾਕਹੀਡ ਮਾਰਟਿਨ) ਦੇ ਖਾਤਿਆਂ ਵਿਚੋਂ ਬਾਹਰ ਕੱਢੇ। ਕਿਉਂਕ ਇਹ ਕੰਪਨੀਆਂ ਇਜ਼ਰਾਈਲ ਵਾਸਤੇ ਹਥਿਆਰ ਬਣਾ ਰਹੀਆਂ ਹਨ। ਮਿਸ਼ੀਗਨ ਸਟੇਟ ਦੇ ਉਨ੍ਹਾਂ 2 ਲੱਖ ਵੋਟਰਾਂ ਨੂੰ ਵੇਖੋ, ਜਿਨ੍ਹਾਂ ਅਗਲੀ ਚੋਣ ਵਿਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਹਮਾਇਤ ਤੋਂ ਇਨਕਾਰ ਕਰ ਦੇਣ ਕਰਕੇ ਜੋਅ ਦਾ ਹਾਰ ਜਾਣਾ ਸੰਭਵ ਹੋ ਗਿਆ ਹੈ। ਇਜ਼ਰਾਇਲ ਦੀ ਅੰਨ੍ਹੀ ਅਤੇ ਬੇਸ਼ਰਤ ਹਮਾਇਤ ਕਰਕੇ ਜੋਅ ਬਾਈਡਨ ਨੂੰ ਹੁਣ Genocide Joe ਕਿਹਾ ਜਾਣ ਲੱਗਾ ਹੈ...

ਪਰ -

ਤੁਹਾਡੇ ਵਰਸਾਏ ਹਿੰਸਕ ਦੁੱਖ ਦੇ ਬਾਵਜੂਦ ਸਾਡਾ ਵਿਸ਼ਵਾਸ ਨਾ ਤਾਂ ਨਿਆਂ ਲਈ ਲੜਣ ਵਿਚ ਘਟਿਆ ਹੈ, ਨਾ ਨਿਆਂ ਵਾਸਤੇ ਹਿੰਸਾ ਕਰਨ ਵਿਚ ਵਧਿਆ ਹੈ। ਨਾ ਹੀ ਚੁੱਪ ਕਰਵਾਏ ਜਾਣ ਲਈ ਕੀਤੇ ਤਸ਼ੱਦਦਾਂ ਦੇ ਬਾਵਜੂਦ ਸਾਡਾ ਵਿਸ਼ਵਾਸ ਅਜੇ ਵੀ ਬੋਲੀ ਜਾਣ ਵਿਚ ਘਟਿਆ ਹੈ। ਅਜੇ ਵੀ ਧਰਤੀ ਉਪਰ ਸ਼ਾਂਤ ਰਹਿੰਦਿਆਂ ਲੜਨਾ ਸੰਭਵ ਹੈ- ਇਹ ਸਾਡਾ ਉਹ ਵਿਸ਼ਵਾਸ ਹੈ ਜਿਹੜਾ ਅਸੀਂ ਮਰ ਮਰ ਕੇ ਵੀ, ਹਾਰ-ਹਾਰ ਕੇ ਵੀ- ਮਰਨ ਨਹੀਂ ਦੇਂਦੇ ...

ਜੇ ਅਸੀਂ ਆਪਣਾ ਇਕ ਵਿਸ਼ਵਾਸ ਜਿਊਂਦਾ ਰੱਖ ਸਕਦੇ ਹਾਂ ਤਾਂ ਅਸੀਂ ਇਕ ਦੇਸ਼ ਵੀ ਜਿਊਂਦਾ ਰੱਖ ਸਕਦੇ ਹਾਂ, ਕੁੱਲ ਧਰਤੀ ਵੀ, ਤੇ ਅਸੀਂ ਵੀ ਜਿਊਂਦੇ ਰਹਿ ਸਕਦੇ ਹਾਂ, ਨੇਤਨਯਾਹੂ ਜੀ...

ਤੇ ਜਿੰਨ੍ਹਾਂ ਵਾਸਤੇ ਅਸੀਂ ਜ਼ਿੰਦਗੀ ਦੀ ਮੰਗ ਕਰਦੇ ਹਾਂ, ਉਨ੍ਹਾਂ ਵਿਚ ਤੁਸੀਂ ਵੀ ਸ਼ਾਮਲ ਹੋ, ਤੁਹਾਡੇ ਸਿਪਾਹੀ ਵੀ, ਤੁਹਾਡੇ ਦੇਸ਼ਵਾਸੀ ਵੀ, ਤੇ ਸੰਸਾਰ ਵਿਚ ਥਾਂ-ਥਾਂ ਵੱਸੇ ਤੁਹਾਡੇ ਕੌਮਵਾਸੀ ਵੀ। ਕਿਉਂਕਿ ਉਹ ਸਭ ਜਿਊਂਦੇ-ਜਾਗਦੇ ਲੋਕ ਹਨ, ਕਿਸੇ ਪਰਿਵਾਰ ਦਾ ਹਿੱਸਾ ਹਨ, ਉਹ ਵੀ ਆਦਰਯੋਗ ਹਨ ਕਿਉਂਕਿ ਉਹ ਮਨੁੱਖ ਹਨ...

ਅੱਜ ਈਦ ਹੈ, ਰੋਜ਼ੇ ਮੁੱਕਣ ਅਤੇ ਭੁੱਖ ਤੇ ਦੁੱਖ ਦੇ ਸਮਾਪਤ ਹੋਣ ਦਾ ਦਿਨ। ਤੁਹਾਨੂੰ ਵੀ ਈਦ ਮੁਬਾਰਕ ਹੋਵੇ, ਏਹਦਾ ਚਾਨਣ ਤੁਹਾਡੇ ਅੰਦਰ ਵੀ ਉਤਰੇ। ਪਰ ਸੁਣਿਆ ਹੈ- ਤੁਸੀਂ ਰਾਫ਼ਾ (ਜਿੱਥੇ ਐਸ ਵੇਲੇ 15 ਲੱਖ ਫ਼ਲਸਤੀਨੀ ਡੱਕੇ ਹੋਏ ਹਨ ਤੇ ਉਨ੍ਹਾਂ ਦੇ ਨਿਕਲਣ ਲਈ ਹੁਣ ਸਮੁੰਦਰ ਵਿਚ ਡੁੱਬਣ ਨੂੰ ਛਡ ਕੇ ਹੋਰ ਕੋਈ ਥਾਂ ਨਹੀਂ ਬਚੀ) ਉੱਤੇ ਹਮਲਾ ਕਰਨ ਲਈ ਸਿਰਫ਼ ਰਮਜ਼ਾਨ ਦੇ ਮਹੀਨੇ ਦੇ ਮੁੱਕਣ ਦੀ ਉਡੀਕ ਕਰ ਰਹੇ ਸੀ। ਕਲ੍ਹ ਤੁਹਾਡਾ ਬਿਆਨ ਸੀ: 'ਰਾਫ਼ਾ ਉਤੇ ਹਮਲੇ ਦੀ ਮਿਤੀ ਤੈਅ ਹੋ ਚੁੱਕੀ ਹੈ।'

ਸੰਭਵ ਹੈ- ਕੁਝ ਲੱਖ ਫ਼ਲਸਤੀਨੀਆਂ ਲਈ ਜੀਵਨ ਦੀ ਇਹ ਆਖ਼ਰੀ ਈਦ ਹੋਵੇ। ਇਸ ਮਗਰੋਂ ਉਹ ਕਦੀ ਵੀ ਇਕ ਦੂਜੇ ਨੂੰ ਮਿਲਣ ਲਈ ਨਾ ਬਚ ਸਕਣ...ਨਾ ਭੁੱਖੇ ਰਹਿਣ ਲਈ ਬਚ ਸਕਣ। ਪਰ ਉਨ੍ਹਾਂ ਦੀ ਕੂਕ ਬਚੀ ਰਹੇਗੀ, ਸਾਡੇ ਸਭ ਦੇ ਗਲਿਆਂ ਵਿਚੋਂ ਨਿਕਲਦੀ ਰਹੇਗੀ...।

---

# ਫਿਰਕਾ ਪ੍ਰਸਤੋਂ ਕੇ ਨਾਮ !

ਹਾਸਰਸੀ ਕਵੀ ਸਵਰਗੀ ਇੰਦਰਜੀਤ ਸਿੰਘ 'ਜੀਤ' ਵਲੋਂ ਸੰਪਾਦਿਤ ਅਤੇ ਨੈਸ਼ਨਲ ਬੁੱਕ ਸ਼ਾਪ ਦਿੱਲੀ ਵਲੋਂ ਸੰਨ 2008 ਵਿਚ ਛਪੀ ਕਿਤਾਬ 'ਉਰਦੂ ਹਾਸ ਰਸ ਸ਼ਾਇਰੀ' ਵਿਚ ਜਨਾਬ ਸ਼ਰੀਫ 'ਅਨਸਾਰੀ' ਦੀ ਉਕਤ ਸਿਰਲੇਖ ਹੇਠ ਇਕ ਕਵਿਤਾ ਛਪੀ ਹੋਈ ਹੈ। ਹੋ ਸਕਦਾ ਹੈ ਕਿ ਇਹ ਰਚਨਾ ਕਿਤਾਬ ਦੇ ਛਪਣ ਭਾਵ ਸੰਨ ਦੋ ਹਜ਼ਾਰ ਅੱਠ ਤੋਂ ਵੀ ਕਿਤੇ ਪਹਿਲੇ ਵਰ੍ਹਿਆਂ ਵਿਚ ਲਿਖੀ ਗਈ ਹੋਈ ਹੋਵੇ ਪਰ ਇਸ ਦੇ ਸ਼ਿਅਰ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕਿਤੇ ਇਹ ਅੱਜ ਕੱਲ੍ਹ 'ਚ ਹੀ ਲਿਖੇ ਗਏ ਹੋਣ! ਮੁਲਾਹਜ਼ਾ ਫਰਮਾਓ:



**ਪੇਸ਼ਕਸ਼: ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: +91-78146-92724**

ਵੁਹ ਰਾਮ ਕਾ ਘਰ ਕੈਸਾ ਜਿਸ ਘਰ ਕੋ ਬਨਾਨੇ ਮੇਂ
ਇਕ ਆਗ ਫਸਾਦੋਂ ਕੀ ਫੈਲੀ ਹੈ ਜ਼ਮਾਨੇ ਮੇਂ।

ਯਹ ਵਕਤ ਇਲੈਕਸ਼ਨ ਕਾ ਕਿਸ ਧੂਮ ਸੇ ਆਇਆ ਹੈ
ਮਸ਼ਗੂਲ ਹੈਂ ਸਭ ਕਾਤਲ ਦਾਗ਼ ਅਪਨੇ ਮਿਟਾਨੇ ਮੇਂ।

ਹਿੰਦੂ ਨਾ ਮੁਸਲਮਾਂ ਪਹਿਲੇ ਬਨੋ ਇਨਸਾਂ ਤੁਮ
ਫਿਰ ਦੇਖੋ ਮੁਹੱਬਤ ਕਯਾ ਚੀਜ਼ ਹੈ ਜ਼ਮਾਨੇ ਮੇਂ।

ਤੁਮ ਵੋਟ ਕੀ ਲਾਲਚ ਮੇਂ ਜਜ਼ਬਾਤ ਸੇ ਮੱਤ ਖੇਲੋ
ਮਾਨਾ ਕਿ ਮੁਹਾਰਤ ਹੈ ਫਿਰਕੋਂ ਕੋ ਲੜਾਨੇ ਮੇਂ।

ਕਹਿਤੇ ਹੋ ਕਿ ਵਾਰਸ ਹੈਂ ਹਮ ਲੋਗ ਭਾਰਤ ਕੇ
ਫਿਰ ਭੀ ਤੁਮ ਆਗੇ ਹੋ ਭਾਰਤ ਕੋ ਮਿਟਾਨੇ ਮੇਂ।

ਆਈਨਾਂ ਦਿਖਾਇਆ ਥਾ ਦੁਨੀਆਂ ਕੋ ਮੁਹੱਬਤ ਕਾ
ਅਬ ਸ਼ਰਮ ਸੀ ਆਤੀ ਹੈ ਤਸਵੀਰ ਦਿਖਾਨੇ ਮੇਂ।

ਮੈਂ ਕੈਸੇ ਯਕੀਂ ਕਰ ਲੂੰ ਤੁਮ ਮੇਰੇ ਮਹਾਫਜ਼ ਹੋ
ਤੁਮ ਲੋਗ ਹੀ ਆਗੇ ਥੇ ਘਰ ਮੇਰਾ ਜਲਾਨੇ ਕੋ।

ਨਫਰਤ ਕੀ ਹਵਾ ਦੇ ਕਰ ਤੁਮ ਪਲ ਮੇਂ ਉਜਾੜ ਆਏ
ਇਕ ਉਮਰ ਗੁਜ਼ਾਰੀ ਥੀ ਜਿਸ ਘਰ ਕੋ ਬਨਾਨੇ ਮੇਂ।

ਕੁਰਸੀ ਕੀ ਹਵਸ ਇਨਕੋ ਲੇ ਆਈ ਕਹਾਂ ਦੇਖੋ
ਤਹਿਜ਼ੀਬ ਭੁਲਾ ਬੈਠੇ 'ਤਾਰੀਖ' ਬਨਾਨੇ ਮੇਂ।

ਯਹ ਜ਼ਖਮ ਤੋ ਤਾਜ਼ਾ ਹੈ ਹਮ ਕੈਸੇ ਭੁਲਾ ਡਾਲੇਂ
ਸਦੀਆਂ ਅਭੀ ਗੁਜ਼ਰੇਂ ਗੀ ਯਹ ਦਾਗ ਮਿਟਾਨੇ ਮੇਂ।

ਇਸ ਦੌਰੇ ਸਯਾਸਤ ਮੇਂ ਕਾਨੂੰਨ ਕੇ ਕਿਆ ਮਾਅਨੀਂ
'ਕਾਤਲ' ਹੈਂ ਹਕੂਮਤ ਮੇਂ 'ਮਜ਼ਲੂਮ' ਹੈਂ ਥਾਨੇ ਮੇਂ।

ਆਇਆ ਹੈ ਇਲੈਕਸ਼ਨ ਤੋ ਮਿਲਤੇ ਹੈਂ 'ਮੁਹੱਬਤ' ਸੇ
ਸ਼ਾਮਿਲ ਥੇ ਤੁਮ ਹੀ ਭੀ ਘਰ ਮੇਰਾ ਜਲਾਨੇ ਮੇਂ।

ਯਹ ਕੈਸੀ ਸਯਾਸਤ ਹੈ ਇਨਸੇ ਤੋ ਕੋਈ ਪੂਛੇ
ਮਾਸੂਮ ਕਾ ਖੂੰ ਕਰਕੇ ਹੰਸਤੇ ਹੈਂ ਜ਼ਮਾਨੇ ਮੇਂ।

ਮਜ਼ਲੂਮ ਨਹੀਂ ਵੁਹ ਭੀ ਜੋ ਜ਼ੁਲਮ ਸਹੇ ਅਕਸਰ
ਮਜ਼ਬੂਤ ਕਰੋ ਖੁਦ ਕੋ ਜ਼ਾਲਿਮ ਕੋ ਹਟਾਨੇ ਮੇਂ !

***(ਮਸ਼ਗੂਲ-ਵਿਅਸਤ, ਮਹਾਫਜ਼-ਰਾਖੇ, ਹਵਸ-ਲਾਲਚ)***

# ਮਨੁੱਖੀ ਬੁੱਧੀ ਬਨਾਮ ਮਸਨੂਈ ਬੁੱਧੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਡਾ. ਮਹਿੰਦਰ ਸਿੰਘ ਰੰਧਾਵਾ ਵਲੋਂ ਸਥਾਪਤ ਕੀਤੀ ਪੰਜਾਬ ਕਲਾ ਪ੍ਰੀਸ਼ਦ ਦੀ ਪੰਜਾਬ ਸਾਹਿਤ ਅਕਾਡਮੀ ਹਰ ਮਹੀਨੇ ਬੰਦਨਵਾਰ ਲੜੀ ਵਿਚ ਨਵੇਂ ਲੇਖਕਾਂ ਦੀਆਂ ਰਚਨਾਵਾਂ ਉਤੇ ਵਿਚਾਰ ਵਟਾਂਦਰਾ ਕਰਦੀ ਹੈ। ਇਸਦੇ ਵਿਚ ਵਿਚਾਲੇ ਵਾਲੇ ਪ੍ਰੋਗਰਾਮ ਵੀ ਸਿਖਿਆਦਾਇਕ ਤੇ ਪ੍ਰਭਾਵੀ ਹੁੰਦੇ ਹਨ। ਪਿਛਲੇ ਸਪਤਾਹ ਦੇ ਦੋ ਰੋਜ਼ਾ ਪ੍ਰੋਗਰਾਮ ਵਿਚ ਮਨੁੱਖ ਤੋਂ ਪਾਰ ਦੇ ਮਾਨਵਵਾਦੀ ਸੰਦਰਭ ਉਤੇ ਨਿੱਠ ਕੇ ਬਹਿਸ ਹੋਈ। ਇਸ ਵਿਚ ਪ੍ਰੀਸ਼ਦ ਦੇ ਚੇਅਰਮੈਨ ਸੁਰਜੀਤ ਪਾਤਰ, ਪੰਜਾਬ ਸਾਹਿਤ ਅਕਾਡਮੀ ਦੀ ਪ੍ਰਧਾਨ ਸਰਬਜੀਤ ਕੌਰ ਸੋਹਲ ਤੇ ਸਕੱਤਰ ਰਵੇਲ ਸਿੰਘ ਤੋਂ ਬਿਨਾ ਦੋ ਦਰਜਨ ਦੇ ਲਗਪਗ ਚਿੰਤਕਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ ਕੇਂਦਰੀ ਸਾਹਿਤ ਅਕਾਡਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧਾਰਨਾ ਦੇ ਮੁੱਖ ਨੁਕਤਿਆਂ ਦਾ ਵਿਸ਼ਲੇਸ਼ਣ ਪੇਸ਼ ਕਰ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਉਸਨੇ ਬਰਟਰੰਡ ਰਸਲ ਤੇ ਆਰਨਲ ਟੋਇਨਬੀ ਦੇ ਹਵਾਲੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਮੂਲ ਧਾਰਨਾ ਉੱਤੇ ਚਾਨਣਾ ਪਾਉਂਦਿਆਂ ਸਿੱਧ ਕੀਤਾ ਕਿ ਜਦੋਂ ਤੱਕ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ ਸਰਬੱਤ ਦਾ ਭਲਾ ਤੋਂ ਸੇਧ ਲੈਂਦੇ ਰਹਾਂਗੇ ਮਾਨਵ ਜਾਤੀ ਨੂੰ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਨਹੀਂ। ਜੇ ਆਪਣੀ ਹੋਂਦ ਦੇ ਪੰਜਾਹ ਹਜ਼ਾਰ ਸਾਲਾਂ ਵਿਚ ਮਾਨਣ ਦਾ ਕੁਝ ਨਹੀਂ ਵਿਗੜਿਆ ਤਾਂ ਭਵਿਖ ਵਿਚ ਵੀ ਕੋਈ ਖਤਰਾ ਨਹੀਂ।

ਦੋ ਦਰਜਨ ਬੁਲਾਰਿਆਂ ਵਿਚੋਂ ਅੱਧੀ ਦਰਜਨ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੁੱਧੀ) ਤੋਂ ਚਿੰਤਤ ਸਨ ਪਰ ਬਾਕੀ ਦਿਆਂ ਨੇ ਇਸ ਤੋਂ ਖਬਰਦਾਰ ਰਹਿ ਕੇ ਭਵਿੱਖ ਦੀ ਸਿਰਜਣਾ ਦਾ ਰਾਹ ਦਿਖਾਇਆ। ਕੰਪਿਊਟਰੀ ਮਸ਼ੀਨਾਂ (ਕੰਪਿਊਟਰ) ਵਿਚ ਸੋਚਣ, ਵਿਸ਼ਲੇਸ਼ਣ ਕਰਨ ਅਤੇ ਕਮਾਲ ਦੇ ਫੈਸਲੇ ਲੈਣ ਦੀ ਸਮਰੱਥਾ ਲਗਾਤਾਰ ਨਵੇਂ ਦਿਸਹੱਦੇ ਛੋਹ ਰਹੀ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ 2062 ਤੱਕ ਕੰਪਿਊਟਰ ਲਗਭਗ ਮਨੁੱਖੀ ਦਿਮਾਗ ਵਾਂਗ



ਲਿਆਕਤ ਹਾਸਲ ਕਰ ਲਏਗਾ ਤੇ ਸਮੁੱਚੀ ਦੁਨੀਆਂ ਦੇ ਕਾਰੋਬਾਰ, ਰਾਜਨੀਤੀ, ਯੁੱਧ, ਰੋਜ਼ਾਨਾ ਜ਼ਿੰਦਗੀ ਦੇ ਕਾਰ ਵਿਹਾਰ, ਤੇ ਹੋ ਸਕਦਾ ਮੌਤ ਨੂੰ ਵੀ ਕੰਟਰੋਲ ਕਰਨ ਵਿਚ ਸਫਲ ਹੋ ਜਾਵੇ। ਕੰਪਿਊਟਰ ਦੇ ਸਿੱਖਣ, ਸੋਚਣ, ਸਮਝਣ, ਫ਼ੈਸਲਾ ਲੈਣ ਅਤੇ ਤੇਜ਼ ਰਫ਼ਤਾਰੀ ਨਾਲ ਸਮੱਸਿਆਵਾਂ ਦੇ ਹੱਲ ਕੱਢਣ ਨਾਲ ਮਨੁੱਖ ਦੀ ਲਿਆਕਤ, ਸ਼ਕਤੀ, ਮਾਨਸਿਕ ਗਤੀਵਿਧੀਆਂ ਦੀ ਕਾਰਗੁਜ਼ਾਰੀ ਕਿਤੇ ਬਹੁਤ ਪਿੱਛੇ ਰਹਿ ਜਾਵੇਗੀ। ਮਨੁੱਖ ਦੀ ਯਾਦਦਾਸ਼ਤ ਸੀਮਤ ਹੋ ਸਕਦੀ ਹੈ। ਪ੍ਰੰਤੂ ਮਸ਼ੀਨ ਨਾ ਭੁੱਲਦੀ ਹੈ ਨਾ ਗਲਤੀ ਕਰਦੀ ਹੈ ਤੇ ਉਸਦੀ ਯਾਦਦਾਸ਼ਤ ਨੂੰ ਬਦਾਮਾਂ ਦੀ ਲੋੜ ਨਹੀਂ ਹੁੰਦੀ। ਜੋ ਗਿਆਨ ਇੰਟਰਨੈਟ ਰਾਹੀ ਮੁਫ਼ਤ ਮਿਲ ਰਿਹਾ ਹੈ ਉਸ ਦੇ ਪਿਛੋਕੜ ਵਿਚ ਵੀ ਰਾਜਨੀਤੀ, ਕਾਰਪੋਰੇਟ ਦੇ ਲੁਕਵੇਂ ਮਨਸੂਬੇ ਅਤੇ ਸੱਤਾ ਪ੍ਰਾਪਤੀ ਦੀ ਖਾਹਿਸ਼ ਅਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ।

ਐਲਨ ਮਸਕ ਤਾਂ ਇਹ ਵੀ ਮੰਨਦਾ ਹੈ ਕਿ ਮਸਨੂਈ ਬੁੱਧੀ ਸਾਡੇ ਸੁਪਨਿਆਂ, ਸੋਚਾਂ ਤੇ ਵਿਚਾਰਾਂ ਵਿਚ ਤੇਜ਼ੀ ਨਾਲ ਪਰਿਵਰਤਨ ਲਿਆਉਣ ਦੇ ਸਮਰੱਥ ਹੈ। ਇਸ ਲਈ ਇਹ ਐਟਮੀ ਹਥਿਆਰਾਂ ਤੋਂ ਵੀ ਵਧੇਰੇ ਘਾਤਕ ਹੋ ਸਕਦੀ ਹੈ। ਰਾਜਨੀਤੀਵਾਨ ਅਤੇ ਕਾਰਪੋਰੇਟ ਨਿਯਮਾਂ ਨੂੰ ਆਪਣੇ ਅਨੁਸਾਰੀ ਭੁਗਤਾਉਣ ਦੇ ਨਾਲ ਨਾਲ ਪਾਵਰ ਕੰਟਰੋਲ ਸੈਂਟਰ 'ਤੇ ਕਬਜ਼ਾ ਜਮਾਉਣ ਤੋਂ ਗੁਰੇਜ਼ ਨਹੀਂ ਕਰਨਗੇ ਤੇ ਕਰ ਵੀ ਰਹੇ ਹਨ। ਉਸਦਾ ਮੱਤ ਹੈ ਕਿ ਜਿਸ ਮੋਬਾਈਲ ਫ਼ੋਨ ਨੂੰ ਅਸੀਂ ਸਾਹਾਂ ਵਾਂਗ ਨਾਲ ਰੱਖਦੇ ਹਾਂ ਉਹ ਹਰ ਪਲ ਸਾਡੇ ਬੋਲਾਂ, ਸੋਚਾਂ, ਵਿਚਾਰਾਂ, ਕਾਰਜਸ਼ੀਲਤਾ, ਪਸੰਦਗੀਆਂ, ਨਾ ਪਸੰਦਗੀਆਂ, ਲੋਕੇਸ਼ਨਾਂ, ਕਾਰਜਾਂ, ਖਾਹਿਸ਼ਾਂ ਆਦਿ 'ਤੇ ਨਿਗਰਾਨੀ ਰਖਦਾ ਹੈ। ਅਸੀਂ ਹਰ ਪੱਖ ਤੋਂ ਨੰਗੇ ਹਾਂ। ਜੇ ਅੱਜ ਨਹੀਂ ਤਾਂ ਕੱਲ੍ਹ ਹੋ ਜਾਵਾਂਗੇ।

ਚਿੰਤਾ ਬਚਿੰਤਾ ਦੇ ਇਸ ਮਾਹੌਲ ਵਿਚ ਇਹ ਦਲੀਲ ਵੀ ਪੇਸ਼ ਹੋਈ ਕਿ ਮਾਨਵਵਾਦੀ ਸਥਿਤੀਆਂ ਨੂੰ ਸਮਝੇ ਬਗੈਰ ਉੱਤਰ ਮਾਨਵਵਾਦੀ ਸਥਿਤੀਆਂ ਨੂੰ ਨਹੀਂ ਸਮਝਿਆ ਜਾ ਸਕਦਾ। ਕਿਰਤ ਦੇ ਸੰਕਲਪ ਦੇ ਦੂਹਰੇ ਅਰਥਾਂ 'ਤੇ ਚਾਨਣਾ ਪਾ ਕੇ ਇਹ ਵੀ ਦਰਸਾਇਆ ਗਿਆ ਕਿ ਇਕ ਪਾਸੇ ਤਾਂ ਕਿਰਤ ਦਾ ਅਰਥ ਰੋਟੀ ਹੈ ਪਰ ਦੂਜੇ ਪਾਸੇ ਇਸ ਦਾ ਪ੍ਰਤੀਕਾਤਮਕ ਅਰਥ ਵੀ ਹੈ। ਜੇ ਨੀਤਸ਼ੇ ਦੇ ਮਹਾਮਾਨਵ ਵਿਚੋਂ ਹਿਟਲਰ ਪੈਦਾ ਹੁੰਦਾ ਹੈ ਤਾਂ ਗੁਰਬਾਣੀ ਦੇ ਮਹਾਮਾਨਵ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਇਹ ਧਾਰਨਾ ਵੀ ਸਾਹਮਣੇ ਆਈ ਕਿ ਪੋਸਟ ਹਿਊਮਨਿਜ਼ਮ ਦੀ ਅਸਲ ਪਰਖ ਕਿਰਤ ਅਤੇ ਕਿਰਤੀ ਦੇ ਪ੍ਰਸੰਗ ਵਿਚ ਹੀ ਹੋਣੀ ਚਾਹੀਦੀ ਹੈ। ਕਿਰਤ ਨੇ ਬਾਹਰੀ ਰੂਪ ਤਾਂ ਬਦਲਿਆ ਪਰ ਇਸਦਾ ਅੰਦਰੂਨੀ ਸਰੂਪ ਨਹੀਂ ਬਦਲਿਆ। ਅੰਦਰੂਨੀ ਪੱਧਰ 'ਤੇ ਅੱਜ ਵੀ ਕਿਰਤੀ ਉੱਤੇ ਤਸ਼ੱਦਦ ਜਾਰੀ ਹਨ ਅਤੇ ਉਨ੍ਹਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ। ਇੱਕ ਨਤੀਜਾ ਇਹ ਵੀ ਕੱਢਿਆ ਗਿਆ ਕਿ ਸਾਨੂੰ ਵਰਤਮਾਨ ਦੌਰ ਦੀਆਂ ਚੁਣੌਤੀਆਂ ਦਾ ਹੱਲ ਆਪਣੀਆਂ ਸਥਾਨਕ ਸਥਿਤੀਆਂ ਨੂੰ ਸਮਝ ਕੇ ਕਰਨਾ ਪਵੇਗਾ। ਵਰਤਮਾਨ ਕਾਰਪੋਰੇਟ ਅਤੇ ਬਜ਼ਾਰ ਦੀਆਂ ਨੀਤੀਆਂ ਨੂੰ ਸਮਝਣਾ ਪਏਗਾ ਅਤੇ ਇਸਦੇ ਪ੍ਰਸੰਗ ਵਿਚ ਹੀ ਉੱਤਰ ਮਾਨਵਵਾਦੀ ਨੂੰ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਏਸ ਸੰਧਰਭ ਵਿਚ ਡਾ. ਜੈਅੰਤੀ ਦੱਤਾ ਨੇ ਜਗਦੀਸ਼ ਚੰਦਰ ਬੋਸ, ਰਾਮਾਇਣ ਅਤੇ ਜਾਤਕ ਕਥਾਵਾਂ ਵਰਗੀਆਂ ਪੁਸਤਕਾਂ ਰਾਹੀਂ ਉੱਤਰ ਮਾਨਵਵਾਦ ਦੇ ਮੁੱਦੇ ਨੂੰ ਪਰਿਭਾਸ਼ਿਤ ਕਰਦੇ ਹੋਏ ਜ਼ੋਰ ਦਿੱਤਾ ਕਿ ਜਿਸ ਤਰ੍ਹਾਂ ਮਨੁੱਖ ਦਾ ਰੁੱਖਾਂ ਅਤੇ ਪਸ਼ੂ ਪੰਛੀਆਂ ਨਾਲ ਸਹਿਹੋਂਦ ਦਾ ਰਿਸ਼ਤਾ ਇਨ੍ਹਾਂ ਪੁਸਤਕਾਂ ਵਿਚ ਸਾਹਮਣੇ ਆਉਂਦਾ ਹੈ ਪੋਸਟ ਹਿਊਮਨਿਜ਼ਮ ਵਿਚ ਅਜਿਹਾ ਰਿਸ਼ਤਾ ਬਣਾਉਣਾ ਜ਼ਰੂਰੀ ਹੈ। ਮਨੁੱਖ ਦੁਆਰਾ ਬ੍ਰਹਿਮੰਡ ਦੀ ਹਰੇਕ ਨਸਲ ਨਾਲ ਇਕ ਸੁਖਾਵੇਂ ਰਿਸ਼ਤੇ ਵਿਚ ਬੱਝ ਕੇ ਹੀ ਉੱਤਰ ਮਾਨਵਵਾਦ ਦੇ ਸਵਾਲ ਨਾਲ ਨਜਿੱਠਿਆ ਜਾ ਸਕਦਾ ਹੈ।

ਜੇਕਰ ਪੋਸਟ ਹਿਊਮਨਿਜ਼ਮ ਦੇ ਦੌਰ ਵਿਚ ਮਨੁੱਖ, ਪਸ਼ੂ ਪੰਛੀ ਅਤੇ ਮਸ਼ੀਨ ਵਿਚ ਸੁਮੇਲ ਦੀ ਗੱਲ ਹੋ ਰਹੀ ਹੈ ਤਾਂ ਇਹ ਵੀ ਮਨੁੱਖ ਰਾਹੀਂ ਹੀ ਕੀਤੀ ਜਾ ਰਹੀ ਹੈ। ਇਸ ਲਈ ਮਨੁੱਖ ਨੂੰ ਕਿਸੇ ਵੀ ਦੌਰ ਵਿਚ ਸਭਿਅਤਾ ਦੇ ਕੇਂਦਰ ਵਿਚੋਂ ਖਾਰਿਜ ਨਹੀਂ ਕੀਤਾ ਜਾ ਸਕਦਾ। ਮਸ਼ੀਨੀ ਬੁੱਧੀਮਤਾ ਦੇ ਦੌਰ ਵਿਚ ਵੰਡ ਕੇ ਛਕਣ ਦੇ ਸੰਕਲਪ ਉੱਪਰ ਚਰਚਾ ਹੋਈ ਤਾਂ ਗੁਰਬਾਣੀ ਵਿਚਲੇ ਮਿੱਠਤ, ਨਿਮਰਤਾ, ਸੰਗੀਤ ਅਤੇ ਬੌਧਿਕਤਾ ਦੇ ਅਹਿਸਾਸ ਦੇ ਟਾਕਰੇ ਉੱਤੇ ਮਸ਼ੀਨੀ ਬੁੱਧੀਮਤਾ ਦੀ ਯੋਗਤਾ ਬਾਰੇ ਵੀ ਕਿੰਤੂ-ਪ੍ਰੰਤੂ ਕੀਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਈ ਸੱਚ ਦੀ ਉੱਤਮਤਾਈ ਦਾ ਗੁਣਗਾਇਨ ਤਾਂ ਸਮੁੱਚੀ ਬਹਿਸ ਦੀ ਕੁੰਜੀ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਧਰਮ ਤੇ ਨਿਆਂ ਦੇ ਸੰਕਲਪ ਸਮੇਤ।

ਉੱਤਰ ਮਾਨਵਵਾਦ ਦੇ ਇਸ ਦੌਰ ਵਿਚ ਇਹ ਸਿਧਾਂਤ ਹਰ ਮਨੁੱਖ ਦੀ ਹੋਂਦ ਦਾ ਸਨਮਾਨ ਕਰਨ ਦੀ ਪ੍ਰੇਰਨਾ ਦਿੰਦਾ ਹੈ। ਜੀਵਨ ਦੇ ਸਜੀਵ ਨਿਰਜੀਵ ਸਾਰੇ ਰੂਪਾਂ ਵਿਚਲੀ ਸਾਂਝੀਵਾਲਤਾ ਦਾ ਪ੍ਰੇਰਨਾ ਸਰੋਤ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਮਾਨਵਵਾਦ ਅਤੇ ਉੱਤਰ ਮਾਨਵਵਾਦ ਤਹਿਤ ਸੂਝ-ਸਿਆਣਪ ਅਤੇ ਜੀਵਨ ਜਾਂਚ ਲਈ ਵਡਮੁੱਲੀ ਸੇਧ ਮੁਹੱਈਆ ਕੀਤੀ ਗਈ ਹੈ। ਸਾਰੰਸ਼ ਇਹ ਕਿ ਸਾਨੂੰ ਮਸ਼ੀਨੀ ਬੁੱਧੀ ਦੇ ਖਤਰੇ ਦੱਸਣ ਵਾਲਿਆਂ ਦੇ ਵੀ ਉਨੇ ਹੀ ਸ਼ੁਕਰਗੁਜ਼ਾਰ ਹੋਣ ਦੀ ਲੋੜ ਹੈ ਜਿੰਨੀ ਮਾਨਵੀ ਬੁੱਧੀ ਦੀ ਸ਼ਕਤੀ ਦੱਸਣ ਵਾਲਿਆਂ ਦੀ। ਏਸ ਤਰ੍ਹਾਂ ਦੇ ਸੈਮੀਨਾਰ ਹੁੰਦੇ ਰਹਿਣੇ ਚਾਹੀਦੇ ਹਨ।

**ਅੰਤਿਕਾ**

ਮਿਰਜ਼ਾ ਗ਼ਾਲਿਬ॥

ਬਸ ਕਿ ਦੁਸ਼ਵਾਰ ਹੈ ਹਰ ਕਾਮ ਕਾ ਆਸਾਂ ਹੋਨਾ

ਆਦਮੀ ਕੋ ਭੀ ਮੁਈਯਸਰ ਨਹੀਂ ਇਨਸਾਂ ਹੋਨਾ।

# ਭਾਰਤ 'ਚ ਕੁੱਲ ਬੇਰੁਜ਼ਗਾਰਾਂ 'ਚ 83 ਫੀਸਦੀ ਨੌਜਵਾਨ

'ਕੌਮਾਂਤਰੀ ਕਿਰਤ ਜਥੇਬੰਦੀ' ਨੇ 'ਮਨੁੱਖੀ ਵਿਕਾਸ ਸੰਸਥਾ' ਦੇ ਸਹਿਯੋਗ ਨਾਲ਼ 'ਭਾਰਤ ਰੁਜ਼ਗਾਰ ਰਿਪੋਰਟ-2024' ਜਾਰੀ ਕੀਤੀ ਹੈ। ਇਸ ਰਿਪੋਰਟ ਵਿਚ ਬੇਰੁਜ਼ਗਾਰੀ ਸਬੰਧੀ ਤੇ ਖਾਸ ਤੌਰ 'ਤੇ ਨੌਜਵਾਨਾਂ 'ਚ ਬੇਰੁਜ਼ਗਾਰੀ ਸਬੰਧੀ ਜੋ ਤੱਥ ਨਸ਼ਰ ਕੀਤੇ ਗਏ ਹਨ ਉਹ ਇੱਕ ਵਾਰ ਫਿਰ ਮੋਦੀ ਹਕੂਮਤ ਦੁਆਰਾ 2 ਕਰੋੜ ਰੁਜ਼ਗਾਰ ਹਰ ਸਾਲ ਪੈਦਾ ਕਰਨ ਦੇ ਵਾਅਦਿਆਂ ਦਾ ਜਲੂਸ ਕੱਢ ਰਹੇ ਹਨ।

ਭਾਰਤ ਵਿਚ ਬੇਰੁਜ਼ਗਾਰੀ ਇਸ ਵੇਲ਼ੇ 45 ਸਾਲਾਂ 'ਚ ਸਭ ਤੋਂ ਵੱਧ ਹੈ। ਉਪਰੋਕਤ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੇ ਕੁੱਲ ਬੇਰੁਜ਼ਗਾਰਾਂ 'ਚ 83 ਫੀਸਦੀ ਹਿੱਸਾ ਨੌਜਵਾਨਾਂ ਦਾ ਹੈ। ਹਰ



ਤਜਿੰਦਰ
ਫੋਨ: 94171-11015

ਸਾਲ ਭਾਰਤ ਦੀ ਕਿਰਤ ਮੰਡੀ ਵਿਚ 70-80 ਲੱਖ ਨੌਜਵਾਨ ਸ਼ਾਮਲ ਹੁੰਦੇ ਹਨ। ਜੇ ਬੇਰੁਜ਼ਗਾਰੀ ਦਰ ਦੀ ਗੱਲ ਕਰੀਏ ਤਾਂ ਸਾਲ 2000 ਵਿਚ ਨੌਜਵਾਨਾਂ ਵਿਚ ਬੇਰੁਜ਼ਗਾਰੀ ਦਰ 5.7 ਫੀਸਦੀ ਸੀ ਜੋ 2022 ਵਿਚ 12.1 ਫੀਸਦੀ ਹੋ ਗਈ ਤੇ ਇਸਨੇ 2019 ਵਿਚ 17.5 ਫੀਸਦੀ ਦੀ ਸਿਖਰ ਨੂੰ ਵੀ ਛੋਹਿਆ। ਜੇ ਪੜ੍ਹੇ-ਲਿਖੇ ਨੌਜਵਾਨਾਂ ਦੀ ਗੱਲ ਕਰਨੀ ਹੋਵੇ ਤਾਂ ਬਾਰ੍ਹਵੀਂ ਜਾਂ ਇਸ ਤੋਂ ਉੱਪਰ ਦੀ ਸਿੱਖਿਆ ਪ੍ਰਾਪਤ ਨੌਜਵਾਨਾਂ 'ਚ ਬੇਰੁਜ਼ਗਾਰੀ ਦਰ ਸਭ ਤੋਂ ਵੱਧ ਹੈ। ਸਾਲ 2000 ਵਿਚ ਪੜ੍ਹੇ-ਲਿਖੇ (12ਵੀਂ ਤੋਂ ਉੱਪਰ) ਨੌਜਵਾਨਾਂ 'ਚ ਬੇਰੁਜ਼ਗਾਰੀ ਦਰ 35.7 ਫੀਸਦੀ ਸੀ ਜੋ 2022 ਵਿਚ ਵਧ ਕੇ 65.7 ਫੀਸਦੀ ਹੋ ਗਈ।

ਨਾ ਸਿਰਫ ਉਪਰੋਕਤ ਰਿਪੋਰਟ ਸਗੋਂ ਸਮੇਂ-ਸਮੇਂ 'ਤੇ ਸੂਬਾ ਤੇ ਯੂਨੀਅਨ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਲਈ ਕੱਢੀਆਂ ਜਾਂਦੀਆਂ ਅਸਾਮੀਆਂ ਲਈ ਭਰੇ ਜਾਂਦੇ ਫਾਰਮਾਂ ਦੀ ਗਿਣਤੀ ਤੋਂ ਹੀ ਭਾਰਤ ਵਿਚ ਨੌਜਵਾਨਾਂ ਤੇ ਖਾਸ ਕਰਕੇ ਪੜ੍ਹੇ-ਲਿਖੇ ਨੌਜਵਾਨਾਂ 'ਚ ਬੇਰੁਜ਼ਗਾਰੀ ਦੀ ਭਿਅੰਕਰ ਹਾਲਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕੁੱਝ ਹਜ਼ਾਰ ਅਸਾਮੀਆਂ ਲਈ ਲੱਖਾਂ ਨੌਜਵਾਨਾਂ ਦੁਆਰਾ ਫਾਰਮ ਭਰੇ ਜਾਂਦੇ ਹਨ। ਅਕਸਰ ਨੌਜਵਾਨਾਂ ਦੀ ਯੋਗਤਾ ਇਨ੍ਹਾਂ ਅਸਾਮੀਆਂ ਲਈ ਲੋੜੀਂਦੀ ਯੋਗਤਾ ਤੋਂ ਕਿਤੇ ਵੱਧ ਹੁੰਦੀ ਹੈ। ਉਦਾਹਰਣ ਵਜੋਂ ਇਸੇ ਸਾਲ ਜਨਵਰੀ ਮਹੀਨੇ ਉੱਤਰ ਪ੍ਰਦੇਸ਼ 'ਚ ਚਪੜਾਸੀ ਦੀਆਂ 60 ਅਸਾਮੀਆਂ ਲਈ 93,000 ਨੌਜਵਾਨਾਂ ਨੇ ਫਾਰਮ ਭਰੇ ਜਿਨ੍ਹਾਂ ਵਿਚ 3700 ਪੀਐਚਡੀ, 5000 ਗ੍ਰੈਜੂਏਟ, 28,000 ਪੋਸਟ ਗ੍ਰੈਜੂਏਟ ਨੇ ਫਾਰਮ ਭਰੇ ਸਨ। ਮੋਦੀ ਦੇ ਗੁਜਰਾਤ ਮਾਡਲ ਦੀ ਗੱਲ ਕਰੀਏ ਤਾਂ ਜੂਨ 2022 ਵਿਚ ਸਿਰਫ 3400 ਅਸਾਮੀਆਂ ਲਈ 17 ਲੱਖ ਪੜ੍ਹੇ-ਲਿਖੇ ਡਿਗਰੀਆਂ ਪ੍ਰਾਪਤ ਨੌਜਵਾਨਾਂ ਨੇ ਫਾਰਮ ਭਰੇ ਜਿਸ ਲਈ ਸਿਰਫ 10ਵੀਂ ਪਾਸ ਦੀ ਯੋਗਤਾ ਲੋੜੀਂਦੀ ਸੀ।

ਯੂਨੀਅਨ ਸਰਕਾਰ ਦੇ ਅਦਾਰਿਆਂ 'ਚ ਲਗਭਗ 24% ਅਸਾਮੀਆਂ ਖਾ਼ਲੀ ਪਈਆਂ ਹਨ। ਇਹ ਉਹ ਅਸਾਮੀਆਂ ਹਨ ਜੋ ਯੂਨੀਅਨ ਸਰਕਾਰ ਦੁਆਰਾ ਪਹਿਲਾਂ ਹੀ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ ਪਰ ਹਾਲੇ ਤੱਕ ਭਰੀਆਂ ਨਹੀਂ ਗਈਆਂ। ਸਗੋਂ 2014 ਤੋਂ ਇਹ ਖਾਲੀ ਅਸਾਮੀਆਂ ਲਗਾਤਾਰ ਵਧ ਰਹੀਆਂ ਹਨ। 2014 ਵਿਚ ਇਨ੍ਹਾਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ 4,21,658 (ਕੁੱਲ ਦਾ 11.57%) ਸੀ ਜੋ 2018 ਵਿਚ 6,83,823 (ਕੁੱਲ ਦਾ 17.98%) ਹੋ ਗਈਆਂ ਤੇ 2022 ਵਿਚ 9,83,028। ਇਸ ਤੋਂ ਇਲਾਵਾ ਜੇ ਸੂਬਾ ਸਰਕਾਰ ਦੇ ਵੱਖ-ਵੱਖ ਅਦਾਰਿਆਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਜੋੜ ਲਿਆ ਜਾਵੇ ਤਾਂ ਸਰਕਾਰੀ ਖੇਤਰ ਵਿਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ 60 ਲੱਖ ਤੋਂ ਉੱਪਰ ਪਹੁੰਚ ਜਾਵੇਗੀ। ਜਨਤਕ ਖੇਤਰ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਨਵੀਆਂ ਅਸਾਮੀਆਂ ਜਾਰੀ ਕਰਨੀਆਂ ਤਾਂ ਦੂਰ ਦੀ ਗੱਲ ਸਗੋਂ ਉਲਟਾ ਯੂਨੀਅਨ ਤੇ ਸੂਬਾ ਸਰਕਾਰਾਂ ਪਹਿਲਾਂ ਹੀ ਖਾਲੀ ਪਈਆਂ ਅਸਾਮੀਆਂ ਨੂੰ ਵੀ ਨਹੀਂ ਭਰ ਰਹੀਆਂ। ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੌਰਾਨ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਧੜੱਲੇ ਨਾ਼ਲ ਲਾਗੂ ਕੀਤਾ ਜਾ ਰਿਹਾ ਹੈ, ਲਗਾਤਾਰ ਜਨਤਕ ਅਦਾਰਿਆਂ ਦਾ ਭੋਗ ਪਾਇਆ ਜਾ ਰਿਹਾ ਹੈ ਤੇ ਇਨ੍ਹਾਂ ਨੂੰ ਕੌਡੀਆਂ ਦੇ ਭਾਅ ਸਰਮਾਏਦਾਰਾਂ ਹਵਾਲੇ ਕੀਤਾ ਜਾ ਰਿਹਾ ਹੈ।

ਭਾਰਤ ਦੀ 141 ਕਰੋੜ ਅਬਾਦੀ ਵਿਚੋਂ



ਲਗਭਗ ਅੱਧੀ ਅਬਾਦੀ ਦੀ ਉਮਰ 25 ਸਾਲ ਤੋਂ ਘੱਟ ਹੈ ਅਤੇ ਲਗਭਗ ਦੋ-ਤਿਹਾਈ ਦੀ ਉਮਰ 35 ਸਾਲ ਤੋਂ ਘੱਟ ਹੈ। ਭਾਰਤ ਦੀ ਅਬਾਦੀ ਦੇ ਏਨੇ ਵੱਡੇ ਹਿੱਸੇ ਦਾ ਨੌਜਵਾਨ ਹੋਣ ਦਾ ਅਰਥ ਹੈ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ। ਨੌਜਵਾਨੀ ਜਿਸਨੂੰ ਊਰਜਾ ਦਾ ਅਥਾਹ ਸੋਮਾ ਸਮਝਿਆ ਜਾਂਦਾ ਹੈ। ਜਿਵੇਂ ਕਿ ਹਿੰਦੀ ਦੇ ਪ੍ਰਸਿੱਧ ਕਵੀ ਮੁਕਤੀ ਬੋਧ ਨੇ ਆਪਣੇ ਲੇਖ 'ਨੌਜਵਾਨ ਦਾ ਰਾਹ' ਵਿਚ ਲਿਖਿਆ ਹੈ ਕਿ, "ਜੇ ਨੌਜਵਾਨੀ ਦੀ ਤਾਕਤ ਨੂੰ, ਗਿਆਨ ਅਤੇ ਬੁੱਧੀ ਤੇ ਕਰਮ ਨਿਸ਼ਚਤਾ ਦੀ ਬਿਜਲੀ ਵਿਚ ਬਦਲਦੇ ਹੋਏ ਦੇਸ਼ ਉਸਾਰੀ ਮਤਲਬ ਕਿ ਮਨੁੱਖੀ ਉਸਾਰੀ ਦੀ ਉੱਚੀ ਤੋਂ ਉੱਚੀ ਮੰਜ਼ਿਲ ਤੱਕ ਪਹੁੰਚਾਇਆ ਜਾ ਸਕਦਾ ਹੈ ਤਾਂ ਬੰਜਰ ਜ਼ਿੰਦਗੀ ਵਿਚ ਇਸ਼ਕ ਅਤੇ ਇਨਕਲਾਬ ਦੀ ਰੂਹਾਨੀਅਤ ਦੀ ਫਸਲ ਖੜ੍ਹੀ ਕੀਤੀ ਜਾ ਸਕਦੀ ਹੈ।" ਪਰ ਭਾਰਤ ਦੀ ਹਕੀਕਤ ਇਹ ਹੈ ਕਿ ਐਥੇ ਨੌਜਵਾਨੀ ਰੁਜ਼ਗਾਰ ਲਈ ਦਰ-ਦਰ ਦੇ ਧੱਕੇ ਖਾ ਰਹੀ ਹੈ। ਜੇ ਮੁਕਤੀਬੋਧ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਮੌਜੂਦਾ ਸਰਮਾਏਦਾਰਾ ਆਰਥਿਕ ਢਾਂਚੇ ਕੋ਼ਲ ਉਹ ਬਿਜਲੀਘਰ ਹੀ ਨਹੀਂ ਹੈ ਜਿਸ ਰਾਹੀਂ ਨੌਜਵਾਨੀ ਦੀ ਇਸ ਊਰਜਾ ਨੂੰ ਮਨੁੱਖੀ ਉਸਾਰੀ ਵਿਚ ਲਾਇਆ ਜਾ ਸਕੇ।

ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਨ ਵਾ਼ਲੀ ਮੋਦੀ ਸਰਕਾਰ ਹੁਣ ਪੂਰੀ ਬੇਸ਼ਰਮੀ ਨਾ਼ਲ ਕਹਿ ਰਹੀ ਹੈ ਕਿ ਬੇਰੁਜ਼ਗਾਰੀ ਦਾ ਹੱਲ ਸਰਕਾਰ ਨਹੀਂ ਕਰ ਸਕਦੀ। ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਵੀ. ਅਨੰਥਾ ਨਾਗੇਸ਼ਵਰਨ ਨੇ ਬੇਰੁਜ਼ਗਾਰੀ ਸਬੰਧੀ ਉਪਰੋਕਤ ਰਿਪੋਰਟ ਦੇ ਜਵਾਬ ਵਿਚ ਕਿਹਾ ਕਿ, "ਸਰਕਾਰ ਇਹ ਗੱਲ ਕਰ ਸਕਦੀ ਹੈ ਕਿ ਬੇਰੁਜ਼ਗਾਰੀ ਦੀ ਸਮੱਸਿਆ ਹੈ, ਪਰ ਇਸਦਾ ਹੱਲ ਨਹੀਂ ਕਰ ਸਕਦੀ। ਇਸਦੇ ਹੱਲ ਲਈ ਨਿੱਜੀ ਖੇਤਰ ਨੂੰ ਹੋਰ ਰੁਜ਼ਗਾਰ ਮੁਹੱਈਆ ਕਰਵਾਉਣਾ ਚਾਹੀਦਾ ਹੈ।" ਮਤਲਬ ਮੋਦੀ ਸਰਕਾਰ ਦਾ ਸਾਫ ਕਹਿਣਾ ਹੈ ਕਿ ਅਸੀਂ ਨਾਗਰਿਕਾਂ ਨੂੰ ਨਾ ਤਾਂ ਸਿਹਤ ਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਸਕਦੇ ਹਾਂ ਅਤੇ ਨਾ ਹੀ ਯੋਗਤਾ ਅਨੁਸਾਰ ਪੱਕਾ ਰੁਜ਼ਗਾਰ। ਸਰਕਾਰ ਜੋ ਕਰ ਸਕਦੀ ਹੈ ਤੇ ਕਰ ਰਹੀ ਹੈ ਉਹ ਇਹ ਹੈ ਕਿ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਬੇਰੁਜ਼ਗਾਰਾਂ ਦੀ ਅਥਾਹ ਫੌਜ ਦੀ ਨਿਗੂਣੀਆਂ ਉਜਰਤਾਂ 'ਤੇ ਭਿਅੰਕਰ ਲੁੱਟ ਕਰਨ, ਇਸ ਨੌਜਵਾਨੀ ਨੂੰ ਮੁਨਾਫੇ ਲਈ ਨਿਚੋੜਨ ਤੇ ਫਿਰ ਦੁੱਧ 'ਚੋਂ ਮੱਖੀ ਵਾਂਗ ਬਾਹਰ ਸੁੱਟ ਦੇਣ ਲਈ ਖੁੱਲ੍ਹੇ ਹੱਥ ਦੇਣਾ।

ਪਰ ਜਿਵੇਂ ਕਿ ਮੁਕਤੀਬੋਧ ਨੇ ਕਿਹਾ ਸੀ, "ਜਿਹੜਾ ਸਮਾਜ ਅਤੇ ਜਿਹੜਾ ਰਾਜ ਨੌਜਵਾਨਾਂ ਨੂੰ ਲਗਾਤਾਰ ਤਰੱਕੀਸ਼ੀਲ ਕਿੱਤਾ ਨਹੀਂ ਦੇ ਸਕਦਾ, ਉਹ ਰਾਜ ਅਤੇ ਉਹ ਸਮਾਜ ਟਿਕ ਨਹੀਂ ਸਕਦਾ। ਇਤਿਹਾਸ ਦੇ ਵਿਸ਼ਾਲ ਹੱਥ ਇਸ ਵੇ਼ਲੇ ਉਸਦੀ ਕਬਰ ਪੁੱਟਣ ਲਈ ਬਹੁਤ ਵੱਡਾ ਟੋਆ ਤਿਆਰ ਕਰ ਰਹੇ ਹਨ।"

# ਤੁਰਕੀ ਦਾ 'ਪਾਕਿਟ ਹਰਕੂਲੀਸ' ਨਈਮ ਸੁਲੇਮਾਨੋਗਲੂ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਵੇਟਲਿਫਟਰ ਨਈਮ ਸੁਲੇਮਾਨੋਗਲੂ ਨੂੰ 'ਪਾਕਿਟ ਹਰਕੁਲੀਸ' ਕਿਹਾ ਜਾਂਦਾ ਸੀ। ਉਸ ਨੇ 4 ਫੁੱਟ 11 ਇੰਚ ਕੱਦ ਤੇ 60 ਕਿਲੋ ਵਜ਼ਨੀ ਜੁੱਸੇ ਨਾਲ 190 ਕਿਲੋ ਵਜ਼ਨ ਦਾ ਬਾਲਾ ਕੱਢ ਕੇ ਦੁਨੀਆ ਦੰਗ ਕਰ ਦਿੱਤੀ ਸੀ! ਆਪਣੇ ਖੇਡ ਕੈਰੀਅਰ ਦੌਰਾਨ ਉਸ ਨੇ 46 ਵਿਸ਼ਵ ਰਿਕਾਰਡ ਰੱਖੇ। ਬੁਲਗਾਰੀਆ/ਤੁਰਕੀ ਦਾ ਉਹ ਅਲੋਕਾਰ ਭਾਰਚੁਕਾਵਾ ਸੀ ਜੋ 51ਵੇਂ ਸਾਲ ਦੀ ਉਮਰ ਵਿਚ ਹੀ ਫੌਤ ਹੋ ਗਿਆ ਤੇ ਪਿੱਛੇ ਆਪਣੀ ਅੰਸ਼ ਦੇ ਚਾਰ ਬੱਚੇ ਛੱਡ ਗਿਆ। ਉਸ ਨੇ ਕਿਸੇ ਨਾਲ ਰਸਮੀ ਵਿਆਹ ਨਹੀਂ ਸੀ ਕਰਵਾਇਆ। ਕੋਈ ਕਹਿੰਦਾ ਹੈ ਉਹਦੇ ਬੱਚੇ ਦੋ ਔਰਤਾਂ ਦੇ ਪੇਟੋਂ ਹੋਏ ਤੇ ਕੋਈ ਕਹਿੰਦੈ, ਤਿੰਨ ਔਰਤਾਂ ਦੇ। ਉਹਦੀ ਵਿਰਾਸਤ ਦੀ ਵੰਡ ਵੰਡਾਈ ਦਾ ਝਗੜਾ ਆਖ਼ਰ ਅਦਾਲਤ ਨੇ ਨਬੇੜਿਆ। ਨਿਆਂ ਕਰਨ ਲਈ ਅਦਾਲਤ ਨੂੰ ਉਹਦੀ ਕਬਰ ਪੁੱਟਵਾਉਣੀ ਪਈ ਤੇ ਨਈਮ ਦਾ ਡੀਐੱਨਏ ਟੈੱਸਟ ਕਰਵਾਉਣਾ ਪਿਆ।

ਕਦੇ ਖੇਡ ਜਗਤ ਵਿਚ ਸਵਾਲ ਕੀਤਾ ਜਾਂਦਾ ਸੀ ਕਿ ਕੋਈ ਭਾਰਚੁਕਾਵਾ ਕਦੇ ਆਪਣੇ ਵਜ਼ਨ ਤੋਂ ਤਿੰਨ ਗੁਣਾਂ ਵੱਧ ਵਜ਼ਨ ਦਾ ਬਾਲਾ ਕੱਢ ਸਕੇਗਾ? ਪਾਠਕ ਇਹ ਜਾਣ ਕੇ ਹੈਰਾਨ ਹੋਣਗੇ ਕਿ ਵਿਸ਼ਵ ਦੇ 7 ਭਾਰਚੁਕਾਵੇ ਆਪਣੇ ਭਾਰ ਨਾਲੋਂ ਤਿੰਨ ਗੁਣਾਂ ਤੋਂ ਵੀ ਵੱਧ ਭਾਰ ਦੇ ਬਾਲੇ ਕੱਢ ਚੁੱਕੇ ਹਨ। ਅਜਿਹੇ ਭਾਰਚੁਕਾਵਿਆਂ ਦੀ ਗਿਣਤੀ ਦਿਨੋਂ-ਦਿਨ ਵਧੀ ਜਾਂਦੀ ਹੈ ਕਿਉਂਕਿ ਵੇਟਲਿਫਟਰ ਦਿਨੋਂ-ਦਿਨ ਹੋਰ ਜੁਗਤੀ ਤੇ ਜ਼ੋਰਾਵਰ ਹੁੰਦੇ ਜਾਂਦੇ ਹਨ।

ਨਈਮ ਸੁਲੇਮਾਨੋਗਲੂ ਨੇ 1988 ਦੀਆਂ ਓਲੰਪਿਕ ਖੇਡਾਂ ਸਮੇਂ 60 ਕਿਲੋ ਵਜ਼ਨ ਵਰਗ ਵਿਚ 190 ਕਿਲੋ ਵਜ਼ਨ ਬਾਹਾਂ 'ਤੇ ਉਠਾ ਕੇ ਗੋਲਡ ਮੈਡਲ ਜਿੱਤਿਆ ਸੀ। ਉਥੇ ਉਸ ਨੇ 152.5 ਕਿਲੋ ਦੀ ਸਨੈਚ ਤੇ 190 ਕਿਲੋ ਦੀ ਜਰਕ ਲਾਈ ਸੀ ਜਿਸ ਦਾ ਜੋੜ 342.5 ਕਿਲੋ ਬਣਿਆ ਸੀ। ਸਿਓਲ ਓਲੰਪਿਕਸ ਵਿਚ ਨਈਮ ਨੇ ਸਨੈਚ, ਕਲੀਨ ਐਂਡ ਜਰਕ ਅਤੇ ਕੁਲ ਵਜ਼ਨ ਦੇ ਤਿੰਨੇ ਨਵੇਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤੇ ਸਨ। ਉਸ ਤੋਂ ਪਹਿਲਾਂ 1984 ਵਿਚ ਸਟੀਫਨ ਟੋਪੂਰੋਵ ਨੇ ਆਪਣੇ 60 ਕਿਲੋ ਵਜ਼ਨ ਨਾਲ 185 ਕਿਲੋ ਦੀ ਜਰਕ ਲਾਈ ਸੀ। ਨੈਨੋਤਰਜਿਸਕੀ ਨੇ 1987 'ਚ 56 ਕਿਲੋ ਵਜ਼ਨ ਨਾਲ 171 ਕਿਲੋ ਦਾ ਬਾਲਾ ਕੱਢਿਆ ਸੀ। ਉਨ੍ਹਾਂ ਤੋਂ ਪਿੱਛੋਂ ਐਂਜਲ ਜੈਨਚੇਵ, ਹਲੀਲ ਮੁਟਲੂ, ਯੂਨ ਚੋਲਓਮ ਤੇ ਕਿੰਗ ਕੁਆਂ ਆਪੋ ਆਪਣੇ ਵਜ਼ਨਾਂ ਤੋਂ ਤਿੰਨ ਗੁਣਾਂ ਤੋਂ ਵੀ ਵੱਧ ਵਜ਼ਨਾਂ ਦੇ ਬਾਲੇ ਕੱਢ ਚੁੱਕੇ ਹਨ।

ਨਈਮ ਨੂੰ ਵੇਟਲਿਫਟਿੰਗ ਦੇ ਇਤਿਹਾਸ ਦਾ ਸਰਬੋਤਮ ਭਾਰਚੁਕਾਵਾ ਕਿਹਾ ਜਾਂਦਾ ਹੈ। ਉਸ ਨੇ ਲਗਾਤਾਰ ਤਿੰਨ ਓਲੰਪਿਕ ਖੇਡਾਂ ਦੇ ਤਿੰਨੇ ਗੋਲਡ ਮੈਡਲ ਜਿੱਤੇ ਜੋ ਉਸ ਤੋਂ ਪਹਿਲਾਂ ਕਿਸੇ ਭਾਰਚੁਕਾਵੇ ਨੇ ਨਹੀਂ ਸਨ ਜਿੱਤੇ। ਉਸ ਨੇ ਵਿਸ਼ਵ ਚੈਂਪੀਅਨਸ਼ਿਪਾਂ ਦੇ ਵੀ 7 ਗੋਲਡ ਮੈਡਲ ਜਿੱਤੇ। ਉਹਦੇ ਕੁਲ ਮੈਡਲ ਤਾਂ ਦਰਜਨਾਂ ਵਿਚ ਹਨ। ਉਹ 10 ਸਾਲ ਦੀ ਉਮਰ ਤੋਂ ਵਜ਼ਨ ਦੇ ਬਾਲੇ ਕੱਢਣ ਲੱਗ ਪਿਆ ਸੀ। ਅਜੇ 14 ਸਾਲਾਂ ਦਾ ਹੋਇਆ ਸੀ ਕਿ ਵਿਸ਼ਵ ਰਿਕਾਰਡ ਨੂੰ ਪੈ ਚੱਲਿਆ ਸੀ। ਜੇ ਉਹ ਢਾਈ ਕਿਲੋ ਵੱਧ ਭਾਰ ਚੁੱਕ ਦਿੰਦਾ ਤਾਂ ਉਹਦੇ ਨਾਂ ਸਭ ਤੋਂ ਛੋਟੀ ਉਮਰ ਦਾ ਵਿਸ਼ਵ ਰਿਕਾਰਡ ਵੀ ਦਰਜ ਹੋ ਜਾਂਦਾ। 15 ਸਾਲਾਂ ਦਾ ਹੋ ਕੇ ਉਸ ਨੇ ਪਹਿਲਾ ਵਿਸ਼ਵ ਰਿਕਾਰਡ ਆਪਣੇ ਨਾਂ ਕਰਵਾ ਲਿਆ ਸੀ।

ਨਈਮ ਦਾ ਜਨਮ ਦੱਖਣੀ ਬੁਲਗਾਰੀਆ ਦੇ ਤੁਰਕ ਵੰਸ਼ ਵਿਚ ਪਟਿਚਰ ਵਿਖੇ ਮਾਂ ਹਤੀਸ ਸੁਲੇਮਾਨ ਦੀ ਕੁੱਖੋਂ 23 ਜਨਵਰੀ 1967 ਨੂੰ ਹੋਇਆ ਸੀ। ਉਸ ਦਾ ਪਿਉ ਸੁਲੇਮਾਨ ਰੇਲ ਗੱਡੀ ਦਾ ਡਰਾਈਵਰ ਸੀ ਜਿਸ ਦਾ ਕੱਦ 5 ਫੁੱਟ ਤੇ ਹਤੀਸ ਦਾ 4 ਫੁੱਟ 7 ਇੰਚ ਸੀ। ਉਨ੍ਹਾਂ ਦੇ ਤਿੰਨੇ ਪੁੱਤਰ ਵੀ ਮਧਰੇ ਕੱਦਾਂ ਦੇ ਸਨ। ਉਹ ਪੱਥਰਾਂ ਦੇ ਚਿਣੇ ਸਾਧਾਰਨ ਕੁਆਰਟਰਾਂ ਵਿਚ ਰਹਿੰਦੇ ਸਨ ਜਿੱਥੇ ਪੱਥਰਾਂ ਦੇ ਬਾਲੇ ਕੱਢਦੇ ਰਹਿੰਦੇ। ਨਈਮ ਹੁੰਦੜਹੇਲ ਬਾਲਕ ਸੀ ਜੋ ਨਿਆਣੀ ਉਮਰੇ ਵੇਟਲਿਫਟਿੰਗ ਦੀ ਕੋਚਿੰਗ ਲੈਣ ਲੱਗ ਪਿਆ ਸੀ। ਉਨ੍ਹਾਂ ਦਾ ਕੋਚ ਈਵਾਨ ਅਬੈਡਜੀਵ ਬੜੀ ਸਖ਼ਤ ਮਿਹਨਤ ਕਰਾਉਂਦਾ ਸੀ ਤੇ ਟਾਲ-ਮਟੋਲ ਕਰਨ ਵਾਲੇ ਪੱਠੇ ਨੂੰ ਵਾਧੂ ਪ੍ਰੈਕਟਿਸ ਕਰਨ ਦੀ ਸਜ਼ਾ ਦਿੰਦਾ ਸੀ। ਉਹ ਡਿਸਿਪਲਿਨ ਦਾ ਵੀ ਪੱਕਾ ਸੀ।



1980ਵਿਆਂ ਵਿਚ ਤੁਰਕਵੰਸ਼ੀ ਲੋਕ ਬੁਲਗਾਰੀਆ ਤੋਂ ਤੁਰਕੀ ਨੂੰ ਨਿਕਲਣੇ ਸ਼ੁਰੂ ਹੋ ਗਏ ਸਨ। ਨਈਮ ਜਿਸ ਦਾ ਬੁਲਗਾਰੀਅਨ ਨਾਂ ਨਈਮ ਸਲਮਾਨੋਵ ਰੱਖਿਆ ਗਿਆ ਸੀ, ਚਾਹੁੰਦਾ ਸੀ ਕਿ ਮੈਂ ਵੀ ਬੁਲਗਾਰੀਆ 'ਚੋਂ ਨਿਕਲ ਕੇ ਤੁਰਕੀ ਦਾ ਸਿਟੀਜ਼ਨ ਬਣ ਜਾਵਾਂ। ਪਰ ਬੁਲਗਾਰੀਆ ਨੇ ਨਈਮ ਨੂੰ ਨਿਗਰਾਨੀ ਹੇਠ ਕਰ ਲਿਆ ਸੀ ਤੇ ਪਹਿਰੇ ਹੋਰ ਤਕੜੇ ਕਰ ਦਿੱਤੇ ਸਨ। ਓਧਰ ਤੁਰਕੀ ਦਾ ਪ੍ਰਧਾਨ ਮੰਤਰੀ ਤੁਰਗਟ ਓਜ਼ਲ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਨਈਮ ਨੂੰ ਸਮੱਗਲ ਕਰ ਲਿਆ ਜਾਵੇ।

ਨਈਮ ਬੁਲਗਾਰੀਆ ਦਾ ਜੰਮਪਲ ਹੋਣ ਕਰਕੇ 1986 ਤਕ ਬੁਲਗਾਰੀਆ ਵੱਲੋਂ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਭਾਗ ਲੈਂਦਾ ਰਿਹਾ ਸੀ। 1986 ਵਿਚ ਉਹ ਮੈਲਬੌਰਨ ਦੇ ਵਿਸ਼ਵ ਕੱਪ ਵਿਚ ਭਾਗ ਲੈਣ ਗਿਆ ਤੇ ਗੋਲਡ ਮੈਡਲ ਜਿੱਤ ਲਿਆ। ਜਦੋਂ ਉਸ ਦੀ ਜਿੱਤ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਤਾਂ ਸੋਚੀ ਸਮਝੀ ਸਕੀਮ ਮੁਤਾਬਿਕ ਮੈਲਬੌਰਨ ਰਹਿੰਦੇ ਤੁਰਕੀ ਦੇ ਇਕ ਬੰਦੇ ਨੇ ਨਈਮ ਦਾ ਗੁਪਤਵਾਸ ਕਰਵਾ ਕੇ ਤੁਰਕੀ ਦੇ ਪ੍ਰਧਾਨ ਮੰਤਰੀ ਨੂੰ ਸੂਚਿਤ ਕਰ ਦਿੱਤਾ। ਤੁਰਗਟ ਓਜ਼ਲ ਜੋ ਬਾਅਦ ਵਿਚ ਤੁਰਕੀ ਦਾ ਪ੍ਰਧਾਨ ਬਣਿਆ ਹਰ ਹਾਲਤ ਵਿਚ ਨਈਮ ਨੂੰ ਤੁਰਕੀ ਦਾ ਸਿਟੀਜ਼ਨ ਬਣਾਉਣਾ ਚਾਹੁੰਦਾ ਸੀ ਤਾਂ ਜੋ ਤੁਰਕੀ ਵੀ ਓਲੰਪਿਕ ਗੋਲਡ ਮੈਡਲ ਤੇ ਵਿਸ਼ਵ ਚੈਂਪੀਅਨਸ਼ਿਪਾਂ ਜਿੱਤ ਸਕੇ। ਉਸ ਨੇ ਪ੍ਰਾਈਵੇਟ ਜਹਾਜ਼ ਦਾ ਪ੍ਰਬੰਧ ਕਰ ਦਿੱਤਾ ਜੋ ਨਈਮ ਨੂੰ ਮੈਲਬੌਰਨ ਤੋਂ ਲੰਡਨ ਉਡਾ ਲਿਆਇਆ। ਉਥੋਂ ਚੋਰੀ ਛਿਪੇ ਪ੍ਰਾਈਵੇਟ ਜੈੱਟ ਰਾਹੀਂ ਉਹ ਪਹਿਲਾਂ ਇਸਤੰਬੋਲ ਤੇ ਫਿਰ ਅੰਕਾੜਾ ਪੁੱਜ ਗਿਆ। ਇਸ ਮੁਹਿੰਮ ਵਿਚ ਪ੍ਰਾਈਮ ਮਨਿਸਟਰ ਦੇ ਪੁੱਤਰ ਅਹਿਮਤ ਨੇ ਵੀ ਵਿਸ਼ੇਸ਼ ਭੂਮਿਕਾ ਨਿਭਾਈ।

ਇੰਜ ਨਈਮ ਤੁਰਕੀ ਦਾ ਸਿਟੀਜ਼ਨ ਬਣ ਗਿਆ ਤੇ ਤੁਰਕੀ ਵੱਲੋਂ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਲੱਗ ਪਿਆ। ਓਜ਼ਲ ਨੇ ਨਈਮ ਨੂੰ ਫਲੈਟ, ਕਾਰਾਂ ਤੇ ਨਕਦੀ ਦੇ ਖੁੱਲ੍ਹੇ-ਡੁੱਲ੍ਹੇ ਇਨਾਮ ਬਖ਼ਸ਼ੇ। ਉਸ ਨਾਲ ਸਕਿਉਰਿਟੀ ਵੀ ਲਾ ਦਿੱਤੀ ਤਾਂ ਜੋ ਬੁਲਗਾਰੀਆ ਉਸ ਨੂੰ ਵਾਪਸ ਨਾ ਲੈ ਜਾਵੇ। ਬੁਲਗਾਰੀਆ ਦੇ ਪਾਸਪੋਰਟ 'ਚ ਉਸ ਦਾ ਨਾਂ ਨਈਮ ਸਲਮਾਨੋਵ ਸੀ ਜੋ ਤੁਰਕੀ ਦੇ ਪਾਸਪੋਰਟ 'ਤੇ ਨਈਮ ਸੁਲੇਮਾਨੋਗਲੂ ਰੱਖ ਦਿੱਤਾ ਗਿਆ। ਉਤੋਂ 1988 ਦੀਆਂ ਓਲੰਪਿਕ ਖੇਡਾਂ ਆ ਗਈਆਂ। ਓਲੰਪਿਕ ਖੇਡਾਂ ਦੇ ਨੇਮਾਂ ਅਨੁਸਾਰ ਉਹ ਤੁਰਕੀ ਵੱਲੋਂ ਤਦ ਹੀ ਭਾਗ ਲੈ ਸਕਦਾ ਸੀ ਜੇ ਤੁਰਕੀ 'ਚ ਰਹਿੰਦੇ ਨੂੰ ਤਿੰਨ ਸਾਲ ਹੋ ਗਏ ਹੋਣ। ਡਰ ਸੀ ਕਿ ਬੁਲਗਾਰੀਆ ਅੜਿੱਕਾ ਪਾਵੇਗਾ। ਓਜ਼ਲ ਨੇ ਬੁਲਗਾਰੀਆ ਨੂੰ ਮਿਲੀਅਨ ਤੋਂ ਵੀ ਵੱਧ ਡਾਲਰਾਂ ਦਾ ਖਰਚਾ ਦਿੱਤਾ ਤੇ ਨਈਮ ਸਿਓਲ ਓਲੰਪਿਕਸ ਵਿਚ ਭਾਗ ਲੈ ਸਕਿਆ।

ਤੁਰਕੀ ਵੱਲੋਂ ਉਸ ਨੇ ਵੇਟਲਿਫਟਿੰਗ ਦਾ ਪਹਿਲਾ ਓਲੰਪਿਕ ਗੋਲਡ ਮੈਡਲ ਜਿੱਤਿਆ ਤੇ ਤਿੰਨ ਵਿਸ਼ਵ ਰਿਕਾਰਡ ਨਵਿਆਏ। ਜਦ ਉਹ ਤੁਰਕੀ ਪਰਤਿਆ ਤਾਂ ਤੁਰਕੀ ਸਰਕਾਰ ਨੇ ਕੌਮੀ ਛੁੱਟੀ ਦਾ ਐਲਾਨ ਕਰ ਕੇ ਖੁਸ਼ੀ ਮਨਾਈ। ਨਈਮ ਦੇ ਨਾਂ 'ਤੇ ਸਪੋਰਟਸ ਸੈਂਟਰ ਬਣਾਇਆ ਤੇ ਇਕ ਸਟਰੀਟ ਦਾ ਨਾਂ ਨਈਮ ਸੁਲੇਮਾਨੋਗਲੂ ਰੱਖ ਦਿੱਤਾ ਗਿਆ। ਅਮਰੀਕਾ ਦੇ ਪ੍ਰਧਾਨ ਰੋਨਾਲਡ ਰੀਗਨ ਨੇ ਨਈਮ ਨੂੰ ਵਾਈਟ ਹਾਊਸ ਸੱਦਿਆ। ਉਥੇ ਉਸ ਨੇ ਬੁਲਗਾਰੀਅਨ ਤੁਰਕਾਂ ਦੇ ਦੁੱਖੜੇ ਪ੍ਰੈਜ਼ੀਡੈਂਟ ਰੀਗਨ ਨੂੰ ਦੱਸੇ ਤੇ 3 ਲੱਖ ਤੁਰਕਾਂ ਨੂੰ ਤੁਰਕੀ ਜਾਣ ਲਈ ਪਾਸਪੋਰਟ ਦੁਆਏ। ਉਨ੍ਹਾਂ ਵਿਚ ਨਈਮ ਦੇ ਮਾਪੇ ਵੀ ਸਨ। ਇੰਜ ਉਹ ਦੋ ਸਾਲਾਂ ਦੇ ਵਿਛੋੜੇ ਬਾਅਦ ਮਾਪਿਆਂ ਨੂੰ ਮਿਲ ਸਕਿਆ।

ਨਈਮ ਨੇ ਬੁਲਗਾਰੀਆ ਵੱਲੋਂ 1987 ਤਕ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਭਾਗ ਲਿਆ ਸੀ। ਬੁਲਗਾਰੀਆ ਵੱਲੋਂ ਹੀ ਵਿਸ਼ਵ ਚੈਂਪੀਅਨਸ਼ਿਪਾਂ ਦੇ 1985 ਤੇ 86 ਦੇ ਗੋਲਡ ਮੈਡਲ ਜਿੱਤੇ ਸਨ ਅਤੇ 1983 ਦਾ ਸਿਲਵਰ ਮੈਡਲ ਜਿੱਤਿਆ ਸੀ। ਯੂਰਪੀਨ ਚੈਂਪੀਅਨਸ਼ਿਪਾਂ ਵਿਚੋਂ ਵੀ 1983 'ਚ ਸਿਲਵਰ ਅਤੇ 1984, 85, 86 ਵਿਚ ਗੋਲਡ ਮੈਡਲ ਜਿੱਤੇ ਸਨ। 1982 ਵਿਚ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ 'ਚੋਂ 52 ਕਿਲੋ ਵਜ਼ਨ ਵਰਗ ਦਾ ਪਹਿਲਾ ਗੋਲਡ ਮੈਡਲ ਜਿੱਤਿਆ ਸੀ। 1984, 85 ਦੇ ਵਰਲਡ ਕੱਪਾਂ ਦੇ ਗੋਲਡ ਮੈਡਲ ਵੀ ਬੁਲਗਾਰੀਆ ਲਈ ਜਿੱਤੇ ਸਨ। **1984 ਦੀਆਂ ਓਲੰਪਿਕ ਖੇਡਾਂ ਵਿਚ ਉਹ ਬੁਲਗਾਰੀਆ ਵੱਲੋਂ ਓਲੰਪਿਕ ਖੇਡਾਂ 'ਚ ਭਾਗ ਲੈ ਸਕਦਾ ਸੀ ਤੇ ਓਲੰਪਿਕ ਮੈਡਲ ਜਿੱਤ ਸਕਦਾ ਸੀ। ਪਰ ਬੁਲਗਾਰੀਆ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਦਾ ਬਾਈਕਾਟ ਕਰ ਦਿੱਤਾ ਸੀ। ਇੰਜ ਉਸ ਦਾ ਪਹਿਲਾ ਓਲੰਪਿਕ ਮੈਡਲ ਜਿੱਤਣ ਦਾ ਸੁਨਹਿਰੀ ਮੌਕਾ ਹੱਥੋਂ ਨਿਕਲ ਗਿਆ ਸੀ। 1980 ਵਿਚ ਮਾਸਕੋ ਦੀਆਂ ਓਲੰਪਿਕ ਖੇਡਾਂ ਦਾ ਅਮਰੀਕਾ ਗੁੱਟ ਦੇ ਮੁਲਕਾਂ ਨੇ ਬਾਈਕਾਟ ਕੀਤਾ ਸੀ ਜਿਸ ਦਾ ਜਵਾਬ ਸੋਵੀਅਤ ਗੁੱਟ ਦੇ ਮੁਲਕਾਂ ਵੱਲੋਂ 1984 ਵਿਚ ਦਿੱਤਾ ਗਿਆ ਸੀ।**

ਨਈਮ ਨੇ ਤੁਰਕੀ ਵੱਲੋਂ ਨਾ ਸਿਰਫ਼ 1988 'ਚ ਹੋਈਆਂ ਸਿਓਲ ਦੀਆਂ ਓਲੰਪਿਕ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਬਲਕਿ 1992 'ਚ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ 'ਚੋਂ ਦੂਜਾ ਗੋਲਡ ਮੈਡਲ ਅਤੇ 1996 'ਚ ਐਟਲਾਂਟਾ ਦੀਆਂ ਓਲੰਪਿਕ ਖੇਡਾਂ 'ਚੋਂ 64 ਕਿਲੋ ਵਜ਼ਨ ਵਰਗ ਦਾ ਤੀਜਾ ਗੋਲਡ ਮੈਡਲ ਵੀ ਜਿੱਤ ਲਿਆ। 2000 'ਚ ਸਿਡਨੀ ਦੀਆਂ ਓਲੰਪਿਕ ਖੇਡਾਂ ਸਮੇਂ ਪਹਿਲੀਆਂ ਤਿੰਨੇ ਟਰਾਈਆਂ ਫੇਲ੍ਹ ਹੋ ਜਾਣ ਕਾਰਨ ਉਹ ਮੁਕਾਬਲੇ 'ਚੋਂ ਹੀ ਬਾਹਰ ਹੋ ਗਿਆ ਤੇ ਸਰਗਰਮ ਵੇਟਲਿਫਟਿੰਗ ਤੋਂ ਰਿਟਾਇਰਮੈਂਟ ਲੈ ਲਈ।

ਉਸ ਨੇ 60 ਕਿਲੋ ਵਜ਼ਨ ਵਰਗ ਵਿਚ 1989 ਤੇ 91 ਦੀਆਂ ਵਿਸ਼ਵ ਚੈਂਪੀਅਨਸ਼ਿਪਾਂ ਜਿੱਤੀਆਂ ਅਤੇ 64 ਕਿਲੋ ਵਰਗ ਵਿਚ 1993, 94 ਤੇ 95 ਦੀਆਂ ਚੈਂਪੀਅਨਸ਼ਿਪਾਂ ਦੇ ਗੋਲਡ ਮੈਡਲ ਜਿੱਤੇ। 1988, 89, 94, 95 ਦੀਆਂ ਯੂਰਪੀਨ ਚੈਂਪੀਅਨਸ਼ਿਪਾਂ 'ਚੋਂ ਵੀ ਗੋਲਡ ਮੈਡਲ, 1992 'ਚ ਸਿਲਵਰ ਮੈਡਲ ਤੇ 2000 ਵਿਚ ਬਰਾਂਜ਼ ਮੈਡਲ ਪ੍ਰਾਪਤ ਕੀਤੇ। **ਗੱਲ ਕੀ ਉਸ ਨੇ ਓਲੰਪਿਕ ਖੇਡਾਂ ਦੇ 3 ਗੋਲਡ ਮੈਡਲ, ਵਿਸ਼ਵ ਵੇਟਲਿਫਟਿੰਗ ਚੈਂਪੀਅਨਸ਼ਿਪਾਂ ਦੇ 7 ਗੋਲਡ ਮੈਡਲ ਜਿੱਤੇ ਤੇ 46 ਵਿਸ਼ਵ ਰਿਕਾਰਡ ਕਾਇਮ ਕੀਤੇ। ਪਰ ਬਦਕਿਸਮਤੀ ਨਾਲ ਉਹ ਸਿਰਫ਼ 50 ਕੁ ਸਾਲ ਹੀ ਜਿਊਂਦਾ ਰਿਹਾ ਤੇ 18 ਨਵੰਬਰ 2017 ਨੂੰ ਫੌਤ ਹੋ ਗਿਆ। ਉਸ ਦੀ ਕਬਰ ਇਸਤੰਬੋਲ ਵਿਚ ਹੈ ਜਿਥੇ ਲੋਕਾਂ ਦਾ ਆਉਣ-ਜਾਣ ਬਣਿਆ ਰਹਿੰਦਾ ਹੈ। 'ਪਾਕਿਟ ਹਰਕੂਲੀਸ' ਦਾ ਖ਼ਿਤਾਬ ਉਸ ਨੂੰ ਨਿੱਕਦਾ ਹੋਣ ਕਰਕੇ 'ਮਿਲਿਆ ਸੀ। ਉਸ ਦਾ ਮਸਕੂਲਰ ਜੁੱਸਾ ਗੋਲਮੋਲ ਸੀ। ਉਸ ਦੇ ਤਿੰਨ ਨਾਂ ਸਨ, ਨੌਮ ਸ਼ਲਮਾਨੋਵ, ਨਈਮ ਸੁਲੇਮਾਨੋਵ ਤੇ ਨਈਮ ਸੁਲੇਮਾਨੋਗਲੂ। ਉਹ ਵਿਸ਼ਵ ਦਾ 'ਮਹਾਨ ਵੇਟਲਿਫਟਰ' ਸੀ।**

1988 ਦੀਆਂ ਓਲੰਪਿਕ ਖੇਡਾਂ 'ਚ ਜਦੋਂ ਉਸ ਨੇ ਤਿੰਨ ਵਿਸ਼ਵ ਰਿਕਾਰਡ ਨਵਿਆਏ ਤਾਂ ਉਹਦੀ ਤਸਵੀਰ ਵਿਸ਼ਵ ਪ੍ਰਸਿੱਧ ਮੈਗਜ਼ੀਨ 'ਟਾਈਮ' ਦੇ ਟਾਈਟਲ 'ਤੇ ਲਾਈ ਗਈ ਸੀ। 2001 ਵਿਚ ਉਸ ਨੂੰ 'ਓਲੰਪਿਕ ਆਰਡਰ' ਦਿੱਤਾ ਗਿਆ। 2000 ਤੇ 2004 ਵਿਚ ਉਹ ਇੰਟਰਨੈਸ਼ਨਲ ਵੇਟਲਿਫਟਿੰਗ ਫੈਡਰੇਸ਼ਨ ਹਾਲ ਆਫ਼ ਫੇਮ ਦਾ ਮੈਂਬਰ ਚੁਣਿਆ ਗਿਆ। 1988 ਤੋਂ 1996 ਤਕ ਉਹਦੀ ਗੁੱਡੀ ਅਸਮਾਨੇ ਚੜ੍ਹੀ ਰਹੀ। ਉਹ ਬੇਸ਼ੱਕ ਬੁਲਗਾਰੀਆ ਛੱਡ ਆਇਆ ਸੀ ਪਰ ਉਹਦੇ ਬੁਲਗਾਰੀਅਨ ਸਾਥੀ ਉਸ ਨੂੰ ਸਦਾ ਪਿਆਰਦੇ ਰਹੇ। ਬੁਲਗਾਰੀਆ ਸਰਕਾਰ ਨੇ ਉਸ ਦੇ ਜਨਾਜ਼ੇ ਵਿਚ ਆਪਣੇ ਨੁਮਾਇੰਦੇ ਭੇਜੇ। ਨਈਮ ਬੁਲਗਾਰੀਅਨ ਵੀ ਸੀ ਤੇ ਤੁਰਕੀ ਵੀ।

1989 ਵਿਚ ਏਥਨਜ਼ ਦੀ ਵਿਸ਼ਵ ਚੈਂਪੀਅਨਸ਼ਿਪ ਜਿੱਤਣ ਪਿੱਛੋਂ ਉਸ ਨੇ ਕਿਹਾ ਸੀ, "ਮੈਂ ਮੈਡਲ ਤਾਂ ਬਹੁਤ ਜਿੱਤੇ ਹਨ ਪਰ ਬਚਪਨ ਦੀ ਬਾਦਸ਼ਾਹੀ ਭਾਰ ਚੁੱਕਦਿਆਂ ਗੁਆ ਲਈ ਹੈ ਜੋ ਮੁੜ ਨਹੀਂ ਮਿਲਣੀ।" 2000 ਵਿਚ ਰਿਟਾਇਰ ਹੁੰਦਿਆਂ ਕਿਹਾ, "ਬਥੇਰਾ ਭਾਰ ਚੁੱਕ ਲਿਆ, ਹੁਣ ਬੱਸ ਕਰਦਾ ਹਾਂ।" ਇਸ ਦੌਰਾਨ ਅਨੇਕ ਕੁੜੀਆਂ ਉਸ ਦੀਆਂ ਦੋਸਤ ਬਣੀਆਂ ਪਰ ਵਿਆਹ ਕਿਸੇ ਨਾਲ ਵੀ ਨਾ ਕਰਵਾਇਆ। ਵੇਟਲਿਫਟਿੰਗ ਛੱਡਣ ਪਿੱਛੋਂ ਉਸ ਨੇ ਤੁਰਕੀ ਦੀ ਸਿਆਸਤ ਵਿਚ ਭਾਗ ਲਿਆ ਪਰ ਕਾਮਯਾਬ ਨਾ ਹੋ ਸਕਿਆ। ਉਹ ਤੁਰਕਿਸ਼ ਵੇਟਲਿਫਟਿੰਗ ਫੈਡਰੇਸ਼ਨ ਦਾ ਅਹੁਦੇਦਾਰ ਵੀ ਰਿਹਾ। ਉਸ ਦੀਆਂ ਅਨੇਕ ਇੰਟਰਵਿਊਜ਼ ਹੋਈਆਂ ਜਿਨ੍ਹਾਂ 'ਚ ਕਈ ਗੁੱਝੇ ਭੇਤ ਨਸ਼ਰ ਹੋਏ। 2014 ਦੀ ਇਕ ਇੰਟਰਵਿਊ ਵਿਚ ਉਸ ਨੇ ਦੱਸਿਆ ਕਿ ਮੇਰੀਆਂ ਚਾਰ ਧੀਆਂ ਹਨ। ਤਿੰਨ ਤੁਰਕੀ ਵਿਚ ਹਨ ਤੇ ਚੌਥੀ ਜਪਾਨ 'ਚ।

ਅੱਧਖੜ ਉਮਰ ਵਿਚ ਹੀ ਉਹ ਜਿਗਰ ਸਿਰੌਸਿਸ ਦਾ ਰੋਗੀ ਬਣ ਗਿਆ ਸੀ। 25 ਸਤੰਬਰ 2017 ਨੂੰ ਹਸਪਤਾਲ ਦਾਖਲ ਕਰਾ ਦਿੱਤਾ ਗਿਆ ਸੀ। 6 ਅਕਤੂਬਰ ਨੂੰ ਉਹਦਾ ਜਿਗਰ ਬਦਲਿਆ ਗਿਆ। 11 ਨਵੰਬਰ 2017 ਨੂੰ ਬ੍ਰੇਨ ਹੈਮਰੇਜ ਹੋ ਗਿਆ ਤੇ ਬ੍ਰੇਨ ਦੀ ਸਰਜਰੀ ਦੌਰਾਨ 18 ਅਕਤੂਬਰ 2017 ਨੂੰ ਉਹਦੀ ਮੌਤ ਹੋ ਗਈ। ਉਹਦੇ ਜਨਾਜ਼ੇ ਵਿਚ ਉਹਦੀਆਂ ਤਿੰਨ ਧੀਆਂ ਤੇ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ। ਉਹਦੀ ਦੇਹ ਇਸਤੰਬੋਲ ਦੀ ਮਾਰਟਾਇਰਜ਼ ਸੀਮੈਂਟਰੀ ਵਿਚ ਦਫ਼ਨਾ ਦਿੱਤੀ ਗਈ। ਉਸ ਦੇ ਜੀਵਨ ਉਤੇ ਫਿਲਮ ਬਣੀ ਜੋ 22 ਨਵੰਬਰ 2019 ਨੂੰ ਰਿਲੀਜ਼ ਹੋਈ।

**ਜੱਗੋਂ ਅਨੋਖੀ ਗੱਲ ਇਹ ਹੋਈ ਕਿ ਜਪਾਨ ਦੀ ਇਕ ਔਰਤ ਨੇ ਦਾਅਵਾ ਕਰ ਦਿੱਤਾ ਕਿ ਮੇਰੀ ਧੀ ਸੇਕਾਈ ਮੋਰੀ ਨਈਮ ਦੇ ਤੁਖਮ ਤੋਂ ਪੈਦਾ ਹੋਈ ਸੀ। ਉਹ ਔਰਤ ਨਈਮ ਨੂੰ ਸਿਓਲ ਦੀਆਂ ਓਲੰਪਿਕ ਖੇਡਾਂ ਸਮੇਂ ਮਿਲੀ ਸੀ ਤੇ ਤੁਰਕੀ 'ਚ ਵੀ ਮਿਲਦੀ ਰਹੀ ਸੀ। ਦਾਅਵੇ ਨਾਲ ਹੀ ਸੇਕਾਈ ਮੋਰੀ ਨੂੰ ਨਈਮ ਦੀ ਜਾਇਦਾਦ ਦਾ ਹਿੱਸਾ ਮਿਲਣਾ ਸੀ। ਅਸਲੀਅਤ ਜਾਨਣ ਲਈ ਤੁਰਕੀ ਦੀ ਕੋਰਟ ਨੂੰ 4 ਜੁਲਾਈ 2018 ਦੇ ਦਿਨ ਨਈਮ ਦੀ ਕਬਰ ਖੁਦਵਾਉਣੀ ਪਈ ਸੀ। 'ਪਾਕਿਟ ਹਰਕੂਲੀਸ' ਦੇ ਡੀਐੱਨਏ ਟੈੱਸਟ ਨੇ ਸਿੱਧ ਕਰ ਦਿਤਾ ਸੀ ਕਿ ਸੇਕਾਈ ਮੋਰੀ ਸੱਚੀਂ ਨਈਮ ਦੀ ਧੀ ਹੈ। ਪਿਉ ਦੀ ਜਾਇਦਾਦ ਦਾ ਬਣਦਾ ਹਿੱਸਾ ਤਾਂ ਫਿਰ ਧੀਆਂ ਨੂੰ ਮਿਲਣਾ ਹੀ ਸੀ। ਸੇਕਾਈ ਮੋਰੀ ਕਿਵੇਂ ਬਾਹਰ ਰਹਿ ਜਾਂਦੀ?**

# ਗੱਲ ਪੰਜਾਬੀ ਫਿਲਮਾਂ ਦੀ...

### *ਸ਼ਿੰਦਾ-ਸ਼ਿੰਦਾ ਨੋ ਪਾਪਾ*

ਹੰਬਲ ਮੋਸ਼ਨ ਪਿਕਚਰਜ਼ ਅਤੇ ਗਿੱਪੀ ਗਰੇਵਾਲ ਦੀਆਂ ਫ਼ਿਲਮਾਂ ਮਨੋਰੰਜਨ ਭਰਪੂਰ ਹੁੰਦੀਆਂ ਹਨ। ਐਕਸ਼ਨ ਅਤੇ ਸਮਾਜਿਕ ਸਿਨੇਮੇ ਦੇ ਨਾਲ-ਨਾਲ ਗਿੱਪੀ ਗਰੇਵਾਲ ਨੇ ਕਾਮੇਡੀ ਸਿਨੇਮੇ ਨੂੰ ਵਧੇਰੇ ਪ੍ਰਫੁੱਲਿਤ ਕੀਤਾ ਹੈ। ਉਸਦੀ




ਹਰੇਕ ਫ਼ਿਲਮ ਵਿਚ ਕਾਮੇਡੀ ਦਾ ਚੰਗਾ ਤੜਕਾ ਹੁੰਦਾ ਹੈ ਜੋ ਦਰਸ਼ਕਾਂ ਨੂੰ ਖ਼ੂਬ ਪਸੰਦ ਆਉਂਦਾ ਹੈ। 10 ਮਈ ਨੂੰ ਰਿਲੀਜ਼ ਹੋਣ ਵਾਲੀ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ' ਦੀ ਗੱਲ ਕਰੀਏ ਤਾਂ ਇਹ ਪਿਓ-ਪੁੱਤ ਦੀਆਂ ਦਿਲਚਸਪ ਸ਼ਰਾਰਤੀ ਘਟਨਾਵਾਂ 'ਤੇ ਅਧਾਰਤ ਹੈ। ਜਿਸ ਵਿਚ ਗਿੱਪੀ ਗਰੇਵਾਲ ਅਤੇ ਉਸਦਾ ਬੇਟਾ ਸ਼ਿੰਦਾ ਗਰੇਵਾਲ ਮੁੱਖ ਕਿਰਦਾਰਾਂ ਵਿਚ ਨਜ਼ਰ ਆਉਣਗੇ। ਫ਼ਿਲਮ ਦੇ ਟਰੇਲਰ ਨੂੰ ਵੇਖਦਿਆਂ ਕਹਿ ਸਕਦੇ ਹਾਂ ਕਿ ਇਹ ਫ਼ਿਲਮ ਸ਼ਰਾਰਤੀ ਬੱਚਿਆਂ ਦੁਆਲੇ ਘੁੰਮਦੀ ਹੈ ਜੋ ਕਈ ਵਾਰ ਭਰੀ ਮਹਿਫ਼ਲ ਵਿਚ ਆਪਣੀਆਂ ਅਜੀਬ ਹਰਕਤਾਂ ਨਾਲ ਮਾਹੌਲ ਨੂੰ ਹਾਸੇ ਦਾ ਤਮਾਸ਼ਾ ਬਣਾ ਦਿੰਦੇ ਹਨ। ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨਪਲੇਅ ਨਰੇਸ਼ ਕਥੂਰੀਆ ਨੇ ਲਿਖਿਆ ਹੈ। ਫ਼ਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਬਿਕਰਮ ਮਹਿਰਾ ਅਤੇ ਸਿਧਾਰਥ ਆਨੰਦ ਕੁਮਾਰ ਹਨ। ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਦੀ ਪੇਸ਼ਕਸ ਇਸ ਫ਼ਿਲਮ ਵਿਚ ਗਿੱਪੀ ਗਰੇਵਾਲ, ਹੀਨਾ ਖ਼ਾਨ, ਸ਼ਿੰਦਾ ਗਰੇਵਾਲ, ਨਿਰਮਲ ਰਿਸ਼ੀ, ਪ੍ਰਿੰਸ ਕੰਵਲਜੀਤ ਸਿੰਘ ਅਤੇ ਜਸਵਿੰਦਰ ਭੱਲਾ ਨੇ ਅਹਿਮ ਕਿਰਦਾਰ ਨਿਭਾਏ ਹਨ।

### *'ਰੋਜ਼, ਰੋਜ਼ ਤੇ ਗੁਲਾਬ'*

ਗਾਇਕੀ ਤੋਂ ਬਾਅਦ ਫਿਲਮਾਂ ਵਿਚ ਨਵੇਂ ਤਜਰਬੇ ਕਰਨ ਵਾਲਾ ਗੁਰਨਾਮ ਭੁੱਲਰ ਹੁਣ 'ਖਿਡਾਰੀ' ਫਿਲਮ ਤੋਂ ਬਾਅਦ ਇਕ ਤਿਕੋਣੇ ਪਿਆਰ ਵਾਲੀ ਫਿਲਮ 'ਰੋਜ਼, ਰੋਜ਼ ਤੇ ਗੁਲਾਬ' ਲੈ ਕੇ ਆ ਰਿਹਾ ਹੈ। ਖਾਸ ਗੱਲ ਇਹ ਕਿ ਇਸ ਫਿਲਮ ਨਾਲ ਗੁਰਨਾਮ ਭੁੱਲਰ ਅਦਾਕਾਰ ਦੇ ਨਾਲ ਨਾਲ ਬਤੌਰ ਨਿਰਮਾਤਾ ਵੀ ਅੱਗੇ ਆਇਆ ਹੈ। ਨਿਰਦੇਸ਼ਕ ਮਨਵੀਰ ਸਿੰਘ ਦੀ ਇਸ ਫਿਲਮ ਵਿਚ ਗੁਰਨਾਮ ਭੁੱਲਰ ਦੇ ਨਾਲ ਮਾਹੀ ਸ਼ਰਮਾ ਅਤੇ ਪਰਿੰਜਲ ਦਹੀਆ ਨਾਂ ਦੀਆਂ ਦੋ ਹੀਰੋਇਨਾਂ ਨਜ਼ਰ ਆਉਣਗੀਆਂ। ਇਸ ਤੋਂ ਇਲਾਵਾ ਕਰਮਜੀਤ ਅਨਮੋਲ ਹਾਰਵੀ ਸੰਘਾ ਅੰਮ੍ਰਿਤ ਐਂਬੀ ਅਤੇ ਸ਼ਰਨ ਟੋਕਰਾ ਟੀਵੀ ਵਾਲੇ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਇਸ ਫਿਲਮ ਦੇ ਗੀਤ ਗੁਰਨਾਮ ਭੁੱਲਰ ਨੇ ਖੁਦ ਲਿਖੇ ਤੇ ਗਾਏ ਹਨ। ਫਿਲਮ ਦੀ ਕਹਾਣੀ ਪ੍ਰੀਤ ਸੰਘੇੜੀ ਨੇ ਲਿਖੀ ਹੈ। ਓਮਜੀ ਸਿਨੇ ਵਰਲਡ ਅਤੇ ਡਾਇਮੰਡ ਸਟਾਰ ਵਰਲਡ ਵਾਈਡ ਦੀ ਪੇਸ਼ਕਸ਼ ਇਹ ਫਿਲਮ 24 ਮਈ ਨੂੰ ਰਿਲੀਜ਼ ਹੋਵੇਗੀ।

### *ਰੋਡੇ ਕਾਲਜ*

ਹੈਪੀ ਰੋਡੇ ਪੰਜਾਬੀ ਸਿਨਮੇ ਨਾਲ ਜੁੜਿਆ ਨਵਾਂ ਪ੍ਰਤਿਭਾਸ਼ਾਲੀ ਲੇਖਕ ਨਿਰਦੇਸ਼ਕ ਹੈ, ਜਿਸ ਦੀ ਸੋਚ ਪੰਜਾਬੀ ਸਿਨਮੇ ਲਈ ਕੁਝ ਵੱਖਰਾ ਕਰਨ ਦੀ ਹੈ। ਕੁਝ ਸਾਲ ਪਹਿਲਾਂ ਹੈਪੀ ਰੋਡੇ ਦੀ ਬਤੌਰ ਲੇਖਕ ਫਿਲਮ 'ਥਾਣਾ ਸਦਰ' ਵੀ ਰਿਲੀਜ਼ ਹੋਈ ਸੀ, ਹੁਣ ਬਤੌਰ ਲੇਖਕ ਨਿਰਦੇਸ਼ਕ ਹੈਪੀ ਰੋਡੇ ਆਪਣੀ ਨਵੀਂ ਫਿਲਮ 'ਰੋਡੇ ਕਾਲਜ' ਲੈ ਕੇ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਫਿਲਮ ਸ਼ੂਟਿੰਗ ਸਮੇਂ ਤੋਂ ਲੈ ਕੇ ਹੀ ਚਰਚਾ ਵਿਚ ਰਹੀ ਹੈ। ਐਕਸ਼ਨ ਅਤੇ ਥਰਿੱਲ ਭਰਪੂਰ ਇਹ ਫਿਲਮ ਨੌਜਵਾਨ ਵਰਗ ਦੀ ਕਾਲਜ ਲਾਈਫ਼ ਦੇ ਹਰ ਪੱਖ ਨੂੰ ਪੇਸ਼ ਕਰਦੀ ਹੈ। ਕਾਲਜ ਦੀ ਪ੍ਰਧਾਨਗੀ ਪਿੱਛੇ ਲੁਕੀ ਸਿਆਸਤ ਦਾ ਅਖਾੜਾ ਨੌਜਵਾਨ ਵਰਗ ਨੂੰ ਕਿੱਥੋਂ ਕਿੱਥੇ ਲੈ ਜਾਂਦਾ ਹੈ ਇਸ ਬਾਰੇ ਇਹ ਫਿਲਮ ਖੁੱਲ੍ਹ ਕੇ ਚਾਨਣਾ ਪਾਉਂਦੀ ਹੈ। ਨਿਰਮਾਤਾ ਆਸ਼ੂ ਅਰੋੜਾ ਇਤੁਸ਼ ਬਾਂਸਲ ਅਤੇ ਰਿੰਪਲ ਬਰਾੜ ਦੀ ਇਸ ਫਿਲਮ ਵਿਚ ਮਾਨਵ ਵਿੱਜ ਇਸ਼ਾ ਰਿਖੀ, ਯੋਗਰਾਜ ਸਿੰਘ, ਤਨਵੀਰ ਸਿੰਘ, ਅਰਵਿੰਦ ਕੌਰ, ਵਿਸ਼ਾਲ ਬਰਾੜ, ਸੋਨਪ੍ਰੀਤ ਜਵੰਦਾ, ਮਹਾਂਵੀਰ ਭੁੱਲਰ ਅਤੇ ਰਾਹੁਲ ਜੁਗਰਾਲ ਵਰਗੇ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਗੀਤ ਕੰਵਰ ਗਰੇਵਾਲ, ਕੁਲਵਿੰਦਰ ਬਿੱਲਾ, ਨਛੱਤਰ ਗਿੱਲ, ਜੋਬਨ ਸੰਧੂ, ਨਿੰਜਾ, ਬੰਟੀ ਜੌਹਲ, ਅਮਰ ਸੰਧੂ ਅਤੇ ਗੁਰਦਾਸ ਗਿੱਲ ਨੇ ਗਾਏ ਹਨ। ਇਹ ਫਿਲਮ 7 ਮਈ ਨੂੰ ਪੰਜਾਬ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ।

*-ਸੁਰਜੀਤ ਜੱਸਲ*

# ਪੰਜਾਬ ’ਚ ਸੌਰ ਊਰਜਾ ਪਲਾਂਟ ਲਾਉਣੇ ਲਾਜ਼ਮੀ ਕਿਉਂ

ਇੰਜ. ਦਰਸ਼ਨ ਸਿੰਘ ਭੁੱਲਰ
ਫੋਨ: +91-94174-28643

ਭਾਰਤ ਨੇ 2030 ਤੱਕ ਨਵਿਆਉਣਯੋਗ ਊਰਜਾ ਦੀ ਸਮਰੱਥਾ ਤਕਰੀਬਨ 500 ਗੀਗਾਵਾਟ ਕਰਨ ਦਾ ਨਿਸ਼ਾਨਾ ਮਿਥਿਆ ਹੈ ਜੋ ਦੇਸ਼ ਦੀ ਉਸ ਵਕਤ ਕੁੱਲ ਸਮਰੱਥਾ ਦਾ 50% ਹੋਵੇਗਾ। ਇਸ ਵੇਲੇ ਦੇਸ਼ ਵਿਚ ਕੁੱਲ 156 ਗੀਗਾਵਾਟ ਦੀ ਸਮਰੱਥਾ ਦੇ ਪ੍ਰੋਜੈਕਟ ਉਸਾਰੀ ਅਧੀਨ ਹਨ ਜਿਨ੍ਹਾਂ ਵਿਚੋਂ 103 ਗੀਗਾਵਾਟ ਨਵਿਆਉਣਯੋਗ ਊਰਜਾ ਦੇ ਹਨ। ਨਵਿਆਉਣਯੋਗ ਊਰਜਾ ਵਿਚ ਦੇਸ਼ ਇਸ ਵੇਲੇ ਦੁਨੀਆ ਵਿਚੋਂ ਚੌਥੇ ਨੰਬਰ ’ਤੇ ਹੈ। ਫਰਵਰੀ 2024 ਦੇ ਅੰਤ ਤੱਕ ਦੇਸ਼ ਦੀ ਕੁੱਲ ਬਿਜਲੀ ਸਮਰੱਥਾ 434 ਗੀਗਾਵਾਟ ਹੈ ਜਿਸ ਵਿਚੋਂ 137 ਗੀਗਾਵਾਟ ਨਵਿਆਉਣਯੋਗ ਸੋਮਿਆਂ ਤੋਂ ਹੈ। ਨਵਿਆਉਣਯੋਗ ਸੋਮਿਆਂ ਵਿਚੋਂ ਸਭ ਤੋਂ ਵੱਧ 55% (76 ਗੀਗਾਵਾਟ) ਸੌਰ (ਸੂਰਜੀ) ਊਰਜਾ ਦਾ ਹਿੱਸਾ ਹੈ ਅਤੇ ਦੁਨੀਆ ਭਰ ਵਿਚੋਂ ਭਾਰਤ ਦਾ ਸੌਰ ਊਰਜਾ ਸਮਰੱਥਾ ਵਿਚ 5ਵਾਂ ਸਥਾਨ ਹੈ।

ਭਾਰਤ ਵਿਚ ਸੌਰ ਊਰਜਾ ਤੋਂ ਤਕਰੀਬਨ 749 ਗੀਗਾਵਾਟ ਬਿਜਲੀ ਪੈਦਾ ਕਰ ਸਕਣ ਦੀਆਂ ਸੰਭਾਵਨਾਵਾਂ ਹਨ। ਭਾਰਤ ਨੇ 2030 ਤੱਕ 280 ਗੀਗਾਵਾਟ ਸੌਰ ਸਮਰੱਥਾ ਦਾ ਨਿਸ਼ਾਨਾ ਮਿਥਿਆ ਹੈ। ਸੌਰ ਊਰਜਾ ਦੀ ਪੈਦਾਵਾਰ ਵਿਚ ਹੁਣ ਤੱਕ ਖਾਸ ਕਰ ਕੇ ਪੰਜ ਸੂਬੇ- ਰਾਜਸਥਾਨ, ਗੁਜਰਾਤ, ਕਰਨਾਟਕ, ਤਾਮਿਲਨਾਡ, ਅਤੇ ਮਹਾਰਾਸ਼ਟਰ ਮੋਹਰੀ ਹਨ। ਇਨ੍ਹਾਂ ਸੂਬਿਆਂ ਵਿਚ ਕ੍ਰਮਵਾਰ 17.8, 10.13, 9.05, 6.8 ਅਤੇ 4.8 ਗੀਗਾਵਾਟ ਸੌਰ ਸਮਰੱਥਾ ਦੇ ਪਲਾਂਟ ਹਨ ਜੋ ਭਾਰਤ ਦੀ ਕੁੱਲ ਸੌਰ ਸਮਰੱਥਾ ਦਾ ਤਕਰੀਬਨ 64% ਬਣਦਾ ਹੈ।

ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੇ ਸਰਵੇਖਣ ਅਨੁਸਾਰ ਪੰਜਾਬ ਦੇ ਨੇੜੇ-ਤੇੜੇ ਪੈਂਦੇ ਸੂਬਿਆਂ- ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਅਤੇ ਜੰਮੂ ਕਸ਼ਮੀਰ ਵਿਚ ਸੌਰ ਊਰਜਾ ਤੋਂ ਕ੍ਰਮਵਾਰ 4560, 16800, 22830, 33840, 142310 ਅਤੇ 111050 ਮੈਗਾਵਾਟ ਬਿਜਲੀ ਸਮਰੱਥਾ ਦਾ ਅੰਦਾਜ਼ਾ ਲਾਇਆ ਗਿਆ ਹੈ। ਪੰਜਾਬ ਵਿਚ ਕੇਵਲ 2810 ਮੈਗਾਵਾਟ ਸੌਰ ਬਿਜਲੀ ਦੀ ਪੈਦਾਇਸ਼ ਦੀ ਸੰਭਾਵਨਾ ਲਾਈ ਗਈ ਹੈ। ਇਸ ਵੇਲੇ ਪੰਜਾਬ ਕੋਲ ਕੁੱਲ ਪ੍ਰਾਪਤ ਸਮਰੱਥਾ ਤਕਰੀਬਨ 14363 ਮੈਗਾਵਾਟ ਹੈ ਜਿਸ ਵਿਚ ਨਵਿਆਉਣਯੋਗ ਊਰਜਾ ਸਮਰੱਥਾ ਤਕਰੀਬਨ 14% ਹੈ। ਇਸ 14% ਨਵਿਆਉਣਯੋਗ ਸਮਰੱਥਾ ਵਿਚ ਕੇਂਦਰ ਅਤੇ ਪ੍ਰਾਈਵੇਟ ਦਾ ਹਿੱਸਾ ਤਕਰੀਬਨ 95% ਅਤੇ ਪੰਜਾਬ ਰਾਜ ਦਾ ਆਪਣਾ ਹਿੱਸਾ ਤਕਰੀਬਨ 5% ਹੀ ਹੈ।



ਵਿਚ-ਵਿਚ ਬਿਜਲੀ ਦੀ ਵਧ ਰਹੀ ਮੰਗ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਠੋਸ ਨੀਤੀ ਘੜਨੀ ਚਾਹੀਦੀ ਹੈ। ਭਾਰਤ ਪੱਧਰ ’ਤੇ ਹੋਏ 20ਵੇਂ ਬਿਜਲੀ ਸਰਵੇਖਣ ਮੁਤਾਬਕ, 2030-31 ਵਿਚ ਪੰਜਾਬ ਦੀ ਵੱਧ ਤੋਂ ਵੱਧ ਮੰਗ 20028 ਮੈਗਾਵਾਟ ਹੋਵੇਗੀ। ਇਸ ਵਿਚ ਘਰਾਂ ਅਤੇ ਹੋਰ ਅਦਾਰਿਆਂ ਦੀਆਂ ਛੱਤਾਂ ਅਤੇ ਕੈਪਟਿਵ ਪਾਵਰ ਪਲਾਂਟਾਂ ਦੁਆਰਾ ਪੂਰੀ ਹੋਣ ਵਾਲੀ ਮੰਗ ਸ਼ਾਮਲ ਨਹੀਂ ਹੈ। ਜੇਕਰ ਇਸ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਸਰਵੇਖਣ ਮੁਤਾਬਕ ਸਿਖਰ ਮੰਗ 23363 ਮੈਗਾਵਾਟ ਹੋਣ ਦੀ ਸੰਭਾਵਨਾ ਹੈ। 20ਵੇਂ ਬਿਜਲੀ ਸਰਵੇਖਣ ਅਨੁਸਾਰ ਪੰਜਾਬ ਦਾ ਬੇਸ ਲੋਡ (ਹਮੇਸ਼ਾ ਰਹਿਣ ਵਾਲਾ ਲੋਡ) 2030-31 ਵਿਚ 11326 ਮੈਗਾਵਾਟ ਅੱਪੜ ਜਾਵੇਗਾ।

ਸੋ, ਸਾਫ ਜ਼ਾਹਿਰ ਹੈ ਕਿ ਭਵਿੱਖ ਦੀ ਮੰਗ, ਖਾਸ ਕਰ ਕੇ ਸਿਖਰ ਮੰਗ ਦਾ ਸਾਹਮਣਾ ਕਰਨ ਲਈ ਜੋ ਵਰਤਮਾਨ ਸਮਰੱਥਾ ਹੈ, ਉਹ ਕਾਫੀ ਨਹੀਂ ਹੈ। ਇਸ ਵਾਸਤੇ ਲੰਮੇ ਸਮੇਂ ਲਈ ਉਪਾਅ ਕਰਨੇ ਪੈਣਗੇ। ਜਦੋਂ ਤੋਂ ਪੰਜਾਬ ਵਿਚ ਝੋਨੇ ਦੀ ਕਾਸ਼ਤ ਹੋਣ ਲੱਗੀ ਹੈ, ਬਿਜਲੀ ਦੀ ਮੰਗ ਦੀ ਰੂਪਰੇਖਾ ਬਿਜਲੀ ਖੇਤਰ ਲਈ ਚੁਣੌਤੀ ਬਣੀ ਹੋਈ ਹੈ। 20ਵੇਂ ਬਿਜਲੀ ਸਰਵੇਖਣ ਨੇ ਵੀ ਇਹ ਸਾਫ ਕਰ ਦਿੱਤਾ ਹੈ ਕਿ 2030-31 ਤੱਕ ਵੀ ਹੁਣ ਵਾਂਗ ਸਾਡੀ ‘ਸਿਖਰ ਮੰਗ’ ਸਾਡੇ ‘ਬੇਸ ਲੋਡ’ ਨਾਲੋਂ ਦੋ ਗੁਣਾ ਹੀ ਰਹੇਗੀ। ਇਸ ਕਰ ਕੇ ਪੰਜਾਬ ਨੂੰ ਝੋਨੇ ਦੇ ਸੀਜ਼ਨ ਵਿਚ ਪੈਦਾ ਹੋਣ ਵਾਲੀ ‘ਅਸਥਾਈ ਸਿਖਰ ਮੰਗ’ ’ਤੇ ਕਾਬੂ ਪਾਉਣ ਲਈ ਨੀਤੀ ਘੜਨੀ ਪਵੇਗੀ। ਜਿੱਥੋਂ ਤੱਕ ਬੇਸ ਲੋਡ ਦੀ ਪੂਰਤੀ ਦਾ ਸਵਾਲ ਹੈ, ਉਸ ਦੀ ਪੂਰਤੀ ਲਈ ਪੁਰਾਣੇ ਪਲਾਂਟਾਂ ਦੇ ਨਵੀਨੀਕਰਨ ਅਤੇ ਇਨ੍ਹਾਂ ਨਾਲ ਵਾਧੂ ਪਈ ਜ਼ਮੀਨ ਤੇ ਕੁਝ ਸਮਰੱਥਾ ਦੇ ਸੁਪਰ ਕ੍ਰਿਟੀਕਲ ਪਲਾਂਟ ਲਾਉਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਅਸਥਾਈ ਸਿਖਰ ਮੰਗ ਜੋ ਪੰਜਾਬ ਦੀ ਮੁੱਖ ਸਮੱਸਿਆ ਹੈ, ਨਾਲ ਨਜਿੱਠਣ ਲਈ ਪੰਜਾਬ ਨੂੰ ਕੌਮੀ ਨੀਤੀ ਦੀ ਤਰਜ਼ ’ਤੇ 2030 ਤੱਕ ਕੁੱਲ ਲੋੜੀਦੀ ਸਮਰੱਥਾ ਦਾ 50% ਨਵਿਆਉਣਯੋਗ ਊਰਜਾ ਤੋਂ ਪ੍ਰਾਪਤ ਕਰਨ ਲਈ ਤੇਜ਼ੀ ਅਤੇ ਸੁਹਿਰਦਤਾ ਨਾਲ ਉਪਰਾਲੇ ਕਰਨੇ ਚਾਹੀਦੇ ਹਨ। ਪੰਜਾਬ ਨੂੰ ਨਵਿਆਉਣਯੋਗ ਸਰੋਤਾਂ, ਖਾਸ ਕਰ ਕੇ ਸੌਰ ਊਰਜਾ ਤੋਂ ਜਿੰਨੀ ਸੰਭਵ ਹੋ ਸਕੇ, ਬਿਜਲੀ ਪੈਦਾ ਕਰਨ ਲਈ ਸਿਰਤੋੜ ਯਤਨ ਕਰਨ ਦੀ ਲੋੜ ਹੈ। ਪੰਜਾਬ ਨੂੰ 2030-31 ਵਿਚ ਕੌਮੀ ਨੀਤੀ ਦੀ ਤਰਜ਼ ’ਤੇ ਨਵਿਆਉਣਯੋਗ ਸਮਰੱਥਾ ਵਿਚ ਤਕਰੀਬਨ ਢਾਈ ਗੁਣਾ ਵਾਧਾ ਕਰਨਾ ਪਵੇਗਾ। ਇਸ ਵਕਤ ਫਰਵਰੀ 2024 ਤੱਕ ਪੰਜਾਬ ਕੋਲ ਨਵਿਆਉਣਯੋਗ ਸਰੋਤਾਂ ਤੋਂ ਕੇਂਦਰੀ ਸੈਕਟਰ ਸਮੇਤ ਪੰਜਾਬ ਕੋਲ ਤਕਰੀਬਨ 1975 ਮੈਗਾਵਾਟ ਦੀ ਸਮਰੱਥਾ ਹੈ। ਇਸ ਹਿਸਾਬ ਨਾਲ ਪੰਜਾਬ ਨੂੰ 2030 ਤੱਕ ਨਵਿਆਉਣਯੋਗ ਸਮਰੱਥਾ ਵਿਚ ਤਕਰੀਬਨ 3000 ਮੈਗਾਵਾਟ ਦੇ ਬਰਾਬਰ ਦਾ ਇਜ਼ਾਫਾ ਕਰਨ ਲਈ ਸਾਧਨ ਜੁਟਾਉਣੇ ਪੈਣਗੇ।

ਅੰਦਾਜ਼ੇ ਮੁਤਾਬਕ ਪੰਜਾਬ ਕੋਲ ਨਵਿਆਉਣਯੋਗ ਊਰਜਾ ਸਰੋਤਾਂ ਦੀ ਕੁੱਲ ਸੰਭਾਵੀ ਸਮਰੱਥਾ ਮਸਾਂ ਤਕਰੀਬਨ 7000 ਮੈਗਾਵਾਟ ਦੀ ਹੈ ਜਿਸ ਵਿਚੋਂ ਤਕਰੀਬਨ 3200 ਮੈਗਾਵਾਟ ਬਾਇਓਮਾਸ ਅਤੇ 2800 ਮੈਗਾਵਾਟ ਸੌਰ ਊਰਜਾ ਤੋਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੌਰ ਊਰਜਾ ਪਲਾਂਟ ਦੂਜੇ ਸਰੋਤਾਂ ਦੇ ਮੁਕਾਬਲੇ ਜਗ੍ਹਾ ਜ਼ਿਆਦਾ ਘੇਰਦਾ ਹੈ; ਸੋ, ਵੱਡੇ ਸੋਲਰ ਪਲਾਂਟ ਲਾਉਣੇ ਪੰਜਾਬ ਲਈ ਫਾਇਦੇਮੰਦ ਨਹੀਂ ਪਰ ਵਾਤਾਵਰਨ ਪੱਖੋਂ ਸੌਰ ਊਰਜਾ ਬਾਇਓਮਾਸ ਨਾਲੋਂ ਜ਼ਿਆਦਾ ਸਾਫ ਹੈ। ਸੋ, ਪੰਜਾਬ ਕੋਲ ਜਿੰਨੀ ਵੀ ਸੌਰ ਸਮਰੱਥਾ ਹੈ, ਉਸ ਦਾ ਭਰਪੂਰ ਫਾਇਦਾ ਉਠਾਉਣਾ ਚਾਹੀਦਾ ਹੈ। ਜਿੱਥੇ ਕਿਤੇ ਵੀ ਸੰਭਵ ਅਤੇ ਕਫਾਇਤੀ ਹੋਵੇ, ਉੱਥੇ ਸੌਰ ਬਿਜਲੀ ਦੇ ਉਤਪਾਦਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਲੋਕਾਂ ਨੂੰ ਘਰਾਂ ਦੀਆਂ ਛੱਤਾਂ ਉੱਪਰ ਸੋਲਰ ਪਲਾਂਟ ਲਾਉਣ ਲਈ ਕੇਂਦਰੀ ਸਰਕਾਰ ਅਤੇ ਦਿੱਲੀ ਸਰਕਾਰ ਦੀ ਤਰਜ਼ ’ਤੇ ਸਬਸਿਡੀ ਦੇਣੀ ਚਾਹੀਦੀ ਹੈ। ਇਸ ਨਾਲ ਜਿੱਥੇ ਬਿਜਲੀ ਕੰਪਨੀ ਤੋਂ ਬਿਜਲੀ ਦੀ ਮੰਗ ਘਟੇਗੀ, ਉੱਥੇ ਲੋਕਾਂ ਨੂੰ ਬਿਜਲੀ ਤੋਂ ਆਮਦਨ ਵੀ ਹੋਵੇਗੀ।

ਹੁਣੇ-ਹੁਣੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਨੇ ਟੈਂਡਰ ਜਾਰੀ ਕੀਤਾ ਹੈ ਕਿ ਜੋ ਜ਼ਮੀਨੀ ਮਾਲਕ ਸੋਲਰ ਪਲਾਂਟ ਲਾਉਣ ਲਈ ਆਪਣੀ ਜ਼ਮੀਨ ਠੇਕੇ ’ਤੇ ਦੇਣ ਦੇ ਚਾਹਵਾਨ ਹਨ, ਉਹ ਅਪਣੀ ਇੱਛਾ ਜ਼ਾਹਿਰ ਕਰਨ। ਪੰਜਾਬ ਵਿਚ ਤਕਰੀਬਨ 7.25 ਲੱਖ ਏਕੜ ਸਾਂਝੀ ਜ਼ਮੀਨ ਮੁਸਤਰਕੇ ਅਤੇ ਸ਼ਾਮਲਾਟ-ਦੇਹ ਦੇ ਖਾਤੇ ਬੋਲਦੀ ਹੈ। ਇਨ੍ਹਾਂ ਸਾਂਝੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਹੋਣ ਬਾਰੇ ਸਭ ਨੂੰ ਪਤਾ ਹੈ ਅਤੇ ਇਨ੍ਹਾਂ ਵਿਚੋਂ ਜੋ ਜ਼ਮੀਨਾਂ ਠੇਕੇ ਉੱਪਰ ਦਿੱਤੀਆਂ ਜਾਂਦੀਆਂ ਹਨ, ਉਨ੍ਹਾਂ ਦੀ ਕੀਮਤ ਵੀ ਪੂਰੀ ਨਹੀਂ ਪੈਂਦੀ। ਇਸੇ ਤਰ੍ਹਾਂ ਐੱਨ.ਆਰ.ਆਈਜ਼ ਨੂੰ ਵੀ ਜ਼ਮੀਨਾਂ ਦੱਬੇ ਜਾਣ ਜਾਂ ਰੈਵਨਿਊ ਰਿਕਾਰਡ ਵਿਚ ਛੇੜ-ਛਾੜ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਸੋ, ਪੰਚਾਇਤਾਂ ਅਤੇ ਪਰਵਾਸੀਆਂ ਨੂੰ ਅਜਿਹੇ ਮਸਲਿਆਂ ਤੋਂ ਨਿਜਾਤ ਪਾਉਣ ਲਈ ਆਪਣੀ ਮਾਲਕੀ ਵਾਲੀਆਂ ਜ਼ਮੀਨਾਂ ਸੌਰ (ਸੋਲਰ) ਬਿਜਲੀ ਪਲਾਂਟਾਂ ਲਈ ਠੇਕੇ ’ਤੇ ਦੇਣ ਲਈ ਤਰਜੀਹ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਸਰਕਾਰੀ ਮੁਲਾਜ਼ਮ ਵੀ ਆਪਣੀਆਂ ਜ਼ਮੀਨਾਂ ਸੌਰ ਊਰਜਾ ਲਈ ਠੇਕੇ ’ਤੇ ਦੇ ਸਕਦੇ ਹਨ।

ਇਸ ਤਰ੍ਹਾਂ ਕਰਨ ਨਾਲ ਰਾਜ ਅਤੇ ਜ਼ਮੀਨ ਮਾਲਕ ਦੋਨਾਂ ਧਿਰਾਂ ਨੂੰ ਫਾਇਦਾ ਹੋਵੇਗਾ। ਸਰਕਾਰ ਦੇ ਲਾਈਨ ਘਾਟੇ ਘਟਣਗੇ। ਵੋਲਟੇਜ ਵਿਚ ਸੁਧਾਰ ਹੋਣ ਦੇ ਨਾਲ-ਨਾਲ ਪ੍ਰਤੀ ਯੂਨਿਟ ਬਿਜਲੀ ਦੀ ਖਰੀਦ ਕੀਮਤ ਘਟੇਗੀ, ਬਿਜਲੀ ਸਸਤੀ ਹੋਵੇਗੀ ਅਤੇ ਪਾਣੀ ਦੀ ਵੀ ਬੱਚਤ ਹੋਵੇਗੀ। ਸੌਰ ਬਿਜਲੀ ਦੀ ਮਾਤਰਾ ਵਧਣ ਕਰ ਕੇ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲੇਗੀ। ਜਿਵੇਂ ਉੱਪਰ ਦੱਸਿਆ ਹੈ, ਪੰਜਾਬ ਵਿਚ ਬਿਜਲੀ ਦੀ ਸਭ ਤੋਂ ਵੱਡੀ ਸਮੱਸਿਆ ਬਿਜਲੀ ਦੀ ‘ਅਸਥਾਈ ਸਿਖਰ ਮੰਗ’ ਨੂੰ ਕਾਬੂ ਕਰਨਾ ਹੈ। ਇਸ ਸਿਖਰ ਮੰਗ ਦਾ ਮੁੱਖ ਕਾਰਨ ਝੋਨੇ ਵਾਲੇ ਸੀਜ਼ਨ ਵਿਚ ਬਿਜਲੀ ਮੋਟਰਾਂ ਚੱਲਣਾ ਹੈ। ਖੇਤੀ ਖੇਤਰ ਬਿਜਲੀ ਦੀ ਕੁੱਲ ਖਪਤ ਦਾ 23% ਹਿੱਸਾ ਖਪਤ ਕਰਦਾ ਹੈ ਅਤੇ ਇਸ ਦਾ 80% ਹਿੱਸਾ ਸਿਰਫ ਇਸ ਸੀਜ਼ਨ ਵਿਚ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਲੱਗੇ ਸੌਰ ਊਰਜਾ ਪਲਾਂਟ ‘ਅਸਥਾਈ ਸਿਖਰ ਮੰਗ’ ਨੂੰ ਕਾਬੂ ਕਰਨ ਵਿਚ ਸਹਾਈ ਹੋਣਗੇ।

ਸੌਰ ਊਰਜਾ ਉਤਪਾਦਨ ਲਈ ਦਿੱਤੀਆਂ ਪੰਚਾਇਤੀ ਅਤੇ ਨਿੱਜੀ ਜ਼ਮੀਨਾਂ ਨਾਜਾਇਜ਼ ਕਬਜ਼ਿਆਂ ਤੋਂ ਬਚੀਆਂ ਰਹਿਣਗੀਆਂ ਅਤੇ ਇਨ੍ਹਾਂ ਤੋਂ ਪੱਕੀ ਆਮਦਨ ਹੋਵੇਗੀ। ਉਂਝ ਵੀ ਪੰਜਾਬ ਵਿਚ ਖੇਤੀ ਤੋਂ ਆਮਦਨ ਪ੍ਰਤੀ ਏਕੜ ਜ਼ਮੀਨ ਬਹੁਤ ਸਾਰੇ ਸੂਬਿਆਂ ਤੋਂ ਘੱਟ ਹੈ, ਇਸ ਲਈ ਛੋਟੇ ਜ਼ਿਮੀਦਾਰ ਵੀ ਆਪਣੀ ਜ਼ਮੀਨ ਸੌਰ ਪਲਾਂਟਾਂ ਲਈ ਠੇਕੇ ’ਤੇ ਦੇ ਸਕਦੇ ਹਨ। ਪੀ.ਐੱਸ.ਪੀ.ਸੀ.ਐੱਲ. ਨੂੰ ਇਸ ਸਕੀਮ ਤਹਿਤ ਠੇਕੇ ’ਤੇ ਲੈਣ ਵਾਲੀ ਜ਼ਮੀਨ ਦੀ ਪ੍ਰਕਿਰਿਆ ਨੂੰ ਹੋਰ ਸਰਲ ਬਣਾਉਣਾ ਚਾਹੀਦਾ ਹੈ। ਇਸ ਲਈ ਸਰਕਲ/ਜ਼ਿਲ੍ਹਾ ਪੱਧਰ ’ਤੇ ਨੋਡਲ ਅਫਸਰ ਨਿਯੁਕਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਪ੍ਰਕਿਰਿਆ ਨੂੰ ਪਾਰਦਰਸ਼ੀ, ਕਾਨੂੰਨੀ ਅਤੇ ਹੋਰ ਰੈਗੂਲੇਟਰੀ ਸਮੱਸਿਆਵਾਂ ਨਾਲ ਨਜਿੱਠਣ ਦੇ ਨਾਲ-ਨਾਲ ਜ਼ਮੀਨ ਮਾਲਕਾਂ ਨੂੰ ਢੁੱਕਵਾਂ ਮੁਆਵਜ਼ਾ ਵੀ ਮਿਲ ਸਕੇ।

# ਆਪਣੀ ਧਰਤੀ ਨੂੰ ਕਿਵੇਂ ਬਚਾਈਏ

ਅਰੁਣ ਮੈਰਾ

ਹਾਲ ਹੀ ਵਿਚ ‘ਗ੍ਰੇਟ ਇੰਡੀਅਨ ਬਸਟਰ’ (ਭਾਰਤ ਦੇ ਉੱਤਰ-ਪੱਛਮੀ ਮੈਦਾਨੀ ਇਲਾਕਿਆਂ ਦਾ ਪੰਛੀ ਜਿਸ ਨੂੰ ਸੋਨ ਚਿੜੀ ਵੀ ਕਿਹਾ ਜਾਂਦਾ ਹੈ) ਦੇ ਕੇਸ ਸਬੰਧੀ ਸੁਣਾਏ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਲੋਕਾਂ ਨੂੰ ਜਲਵਾਯੂ ਤਬਦੀਲੀ ਦੇ ਉਲਟ ਪ੍ਰਭਾਵਾਂ ਤੋਂ ਮੁਕਤ ਹੋਣ ਦੇ ਹੱਕ ਨੂੰ ਮਾਨਤਾ ਦਿੱਤੀ ਹੈ। ਨੀਤੀ ਘਾੜਿਆਂ ਅਤੇ ਨਵਿਆਉਣਯੋਗ ਊਰਜਾ ਢਾਂਚੇ ਦੇ ਨਿਰਮਾਣਕਾਰਾਂ ਨੇ ਇਸ ਫ਼ੈਸਲੇ ’ਤੇ ਮਾਯੂਸੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੱਜ ਵਿਗਿਆਨਕ ਮਾਹਿਰਾਂ ਦੀ ਰਾਇ ਨੂੰ ਦਰਕਿਨਾਰ ਕਰ ਕੇ ਜਲਵਾਯੂ ਤਬਦੀਲੀ ਨੂੰ ਮੋੜਾ ਦੇਣ ਵਾਲੇ ਬੁਨਿਆਦੀ ਢਾਂਚੇ ਦੇ ਨਿਰਮਾਣ ਕਾਰਜ ਵਿਚ ਦੇਰੀ ਦਾ ਸਬਬ ਬਣ ਰਹੇ ਹਨ। ਅਦਾਲਤ ਦਾ ਮੰਨਣਾ ਹੈ ਕਿ ਜਲਵਾਯੂ ਤਬਦੀਲੀ ਨੇ ਅਧਿਕਾਰ ਖੇਤਰ ਬਹੁਤ ਵਸੀਹ ਕਰ ਦਿੱਤਾ ਹੈ। ਇਸ ਦਾ ਹੱਲ ਉਸੇ ਸੋਚ ਨਾਲ ਨਹੀਂ ਕੀਤਾ ਜਾ ਸਕਦਾ ਜਿਸ ਨੇ ਇਹ ਸਮੱਸਿਆ ਪੈਦਾ ਕੀਤੀ ਹੈ। ਜਲਵਾਯੂ ਤਬਦੀਲੀ ਦੀ ਪੈਦਾ ਕੀਤੀ ਹੋਂਦ ਦੀ ਸਮੱਸਿਆ ਨੂੰ ਪੂੰਜੀਵਾਦੀ ਅਰਥ ਸ਼ਾਸਤਰ ਅਤੇ ਗੈਰ-ਟਿਕਾਊ ਸਾਇੰਸ ਦੇ ਪ੍ਰਚੱਲਤ ਬੌਧਿਕ ਚੌਖਟਿਆਂ ਨਾਲ ਸਮਝਿਆ ਤੇ ਹੱਲ ਨਹੀਂ ਕੀਤਾ ਜਾ ਸਕਦਾ।

ਪੂੰਜੀਵਾਦੀ ਅਰਥਚਾਰਿਆਂ ਵਿਚ ਕੁਦਰਤੀ ਪੂੰਜੀ ਮਾਲਕ ਦੀ ਸੰਪਤੀ ਗਿਣੀ ਜਾਂਦੀ ਹੈ। ਰਾਜੇ/ਰਾਣੇ ਜਲ, ਜੰਗਲ ਤੇ ਜ਼ਮੀਨ ਅਤੇ ਉਨ੍ਹਾਂ ਦੀਆਂ ਜਗੀਰਾਂ ਵਿਚ ਰਹਿਣ ਵਾਲੇ ਸਾਰੇ ਜੀਵਾਂ ਦੇ ਵੀ ਮਾਲਕ ਅਖਵਾਉਂਦੇ ਹਨ। ਇਸ ਤੋਂ ਇਲਾਵਾ ਉਹ ਉਨ੍ਹਾਂ ਦੀਆਂ ਜ਼ਮੀਨਾਂ ’ਤੇ ਰਹਿੰਦੇ ਅਤੇ ਕੰਮ ਕਰਦੇ ਕਾਮਿਆਂ ਤੇ ਗੁਲਾਮਾਂ ਦੀ ਉਪਜ ਦੇ ਵੀ ਮਾਲਕ ਹੁੰਦੇ ਹਨ। ਜਿਹੜੇ ਰਜਵਾੜੇ ਆਪਣੀਆਂ ਜ਼ਮੀਨਾਂ ’ਤੇ ਆਪ ਵੀ ਰਹਿੰਦੇ ਸਨ ਅਤੇ ਲੋਕਾਂ ਨੂੰ ਮਿਲਦੇ ਗਿਲਦੇ ਸਨ, ਉਹ ਜੰਗਲਾਂ ਤੇ ਫ਼ਸਲਾਂ ਨੂੰ ਵਧਦਾ ਫੁੱਲਦਾ, ਉਨ੍ਹਾਂ ਦੇ ਕਾਮਿਆਂ ਨੂੰ ਪਸੀਨਾ ਵਹਾਉਂਦਿਆਂ ਜਾਂ ਇਸ ਨਿਜ਼ਾਮ ਨੂੰ ਕੰਮ ਕਰਦਿਆਂ ਦੇਖ ਸਕਦੇ ਸਨ; ਉੱਥੋਂ ਦੂਰ ਦੁਰਾਡੇ ਰਹਿਣ ਵਾਲੇ ਜਗੀਰਦਾਰਾਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਸੀ। ਉਨ੍ਹਾਂ ਨੂੰ ਸਿਰਫ਼ ਆਪਣੇ ਮੁਨਾਫ਼ੇ/ਲਗਾਨ ਦੀ ਪ੍ਰਵਾਹ ਹੁੰਦੀ ਸੀ, ਸੋਕੇ ਜਾਂ ਹੜ੍ਹਾਂ ਕਾਰਨ ਹੋਣ ਵਾਲੇ ਨੁਕਸਾਨ ਜਾਂ ਆਪਣੇ ਕਾਮਿਆਂ ਦੀ ਮਾੜੀ ਦਸ਼ਾ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਹੁੰਦਾ ਸੀ।

ਜਦੋਂ ਮੰਡੀਆਂ ਦਾ ਵਿਕਾਸ ਹੋਇਆ ਤਾਂ ਪਸ਼ੂਆਂ, ਖੇਤੀ ਜਿਣਸਾਂ, ਲੱਕੜ, ਖਣਿਜ ਪਦਾਰਥ ਆਦਿ ਪੈਸੇ ਨਾਲ ਖਰੀਦੇ ਵੇਚੇ ਜਾਣ ਲੱਗੇ। ਇਨ੍ਹਾਂ ਦੀਆਂ ਕੀਮਤਾਂ ਵਪਾਰੀ ਤੈਅ ਕਰਦੇ ਅਤੇ ਕੁਦਰਤੀ ਸੰਪਦਾ ਨੂੰ ਵਿੱਤੀ ਪੂੰਜੀ ਦਾ ਰੂਪ ਦਿੰਦੇ। ਵਿੱਤੀ ਮੰਡੀਆਂ ਨੇ ਪੂੰਜੀਪਤੀਆਂ ਦਾ ਨਵਾਂ ਵਰਗ ਪੈਦਾ ਕਰ ਦਿੱਤਾ ਜੋ ਗ਼ੈਰ-ਹਾਜ਼ਰ ਰਜਵਾੜਿਆਂ ਨਾਲੋਂ ਵੀ ਜ਼ਿਆਦਾ ਹਕੀਕਤ ਤੋਂ ਟੁੱਟੇ ਹੁੰਦੇ ਹੁੰਦੇ ਹਨ; ਜੋ ਜਿਣਸ ਅਤੇ ਸ਼ੇਅਰ ਬਾਜ਼ਾਰਾਂ ਦੀਆਂ ਕੀਮਤਾਂ ਦੇ ਚਾਰਟ ਪੜ੍ਹ ਕੇ ਹੀ ਦੁਨੀਆ ਦੇ ਹਾਲਾਤ ਦਾ ਅੰਦਾਜ਼ਾ ਲਾਉਂਦੇ ਹਨ। ਕਿਰਤ ਜਦੋਂ ਜ਼ਮੀਨ ਨਾਲੋਂ ਟੁੱਟ ਕੇ ਫੈਕਟਰੀਆਂ ਵਿਚ ਚਲੀ ਗਈ ਤਾਂ ਕਾਮਿਆਂ ਨੂੰ ਫੈਕਟਰੀਆਂ ਵਿਚ ਬਿਤਾਏ ਸਮੇਂ ਬਦਲੇ ਉਜਰਤ ਮਿਲਣ ਲੱਗੀ। ਉਨ੍ਹਾਂ ਦਾ ਹੁਨਰ ਅਤੇ ਕਿਰਤ ਜਿਣਸਾਂ ਦਾ ਰੂਪ ਬਣਾ ਦਿੱਤੀ ਗਈ ਜਿਸ ਨੂੰ ਫੈਕਟਰੀ ਮਾਲਕ ਕੀਮਤ ਤਾਰ ਕੇ ਖਰੀਦ ਸਕਦੇ ਹਨ।

ਸੰਪਤੀ ਦੇ ਅਧਿਕਾਰ ਅਰਥ ਸ਼ਾਸਤਰ ਅਤੇ ਨਿਆਂ ਸ਼ਾਸਤਰ ਦਾ ਪੁਰਾਤਨ ਸਿਧਾਂਤ ਹਨ। ਕਾਫ਼ੀ ਅਰਸੇ ਬਾਅਦ ਗੁਲਾਮ ਦੇ ਖ਼ਾਤਮੇ, ਕੰਮ ਬਦਲੇ ਵਾਜਿਬ ਉਜਰਤ ਦੇਣ ਅਤੇ ਸੁਰੱਖਿਅਤ ਕੰਮਕਾਜੀ ਮਾਹੌਲ ਲਈ ਸਿਆਸੀ ਲਹਿਰਾਂ ਜੋ ਅਕਸਰ ਹਿੰਸਕ ਵੀ ਹੋ ਜਾਂਦੀਆਂ ਸਨ, ਚੱਲਣ ਤੋਂ ਬਾਅਦ ਮਨੁੱਖੀ ਅਧਿਕਾਰਾਂ ਨੂੰ ਮਾਨਤਾ ਮਿਲੀ। ਇੱਕੀਵੀਂ ਸਦੀ ਵਿਚ ਗਿਗ ਕੰਮਕਾਜ, ਕਿਰਤ ਨੂੰ ਮੁੜ ਜਿਣਸ ਬਣਾਉਣ ਦਾ ਜ਼ਰੀਆ ਹੈ ਜਿੱਥੇ ਮੰਗ ਅਨੁਸਾਰ ਕਾਮੇ ਰੱਖੇ ਜਾਂਦੇ ਹਨ, ਕੀਤੇ ਕੰਮ ਬਦਲੇ ਉਜਰਤ ਦਿੱਤੀ ਜਾਂਦੀ ਹੈ ਅਤੇ ਕੋਈ ਸਮਾਜਕ ਸੁਰੱਖਿਆ ਨਹੀਂ ਦਿੱਤੀ ਜਾਂਦੀ। ਇਹ ਤਰੀਕਾ ਕਾਰੋਬਾਰੀਆਂ ਲਈ ਫਾਇਦੇਮੰਦ ਹੈ ਪਰ ਲੋਕਾਂ ਲਈ ਮਾੜਾ ਹੈ। ਗੈਰੇਟ ਹਾਰਡਿਨ ਨੇ ਆਪਣੀ ਕਿਤਾਬ ‘ਟ੍ਰੈਜਡੀ ਆਫ ਕਾਮਨਜ਼’ ਵਿਚ ਨਿੱਜੀਕਰਨ ਦੀ ਵਿਚਾਰਧਾਰਾ ਦੀ ਪੜਚੋਲ ਕੀਤੀ ਹੈ। ਇਸ ਦਾ ਸਿਧਾਂਤ ਇਹ ਹੈ ਕਿ ਜਿਹੜੀ ਸੰਪਤੀ ਸਭਨਾਂ ਦੀ ਸਾਂਝੀ ਹੁੰਦੀ ਹੈ, ਉਸ ਦੀ ਕੋਈ ਵੀ ਦੇਖਭਾਲ ਨਹੀਂ ਕਰਦਾ। ਇਸ ਲਈ ਜ਼ਿਆਦਾ ਲਾਭ ਕਮਾਉਣ ਲਈ ਸਾਂਝੀ ਸੰਪਤੀ ਦਾ ਇਕ ਹਿੱਸਾ ਕੁਸ਼ਲ ਪ੍ਰਬੰਧਨ ਲਈ ਪ੍ਰਾਈਵੇਟ ਮਾਲਕਾਂ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ।

ਸਤਾਰਵੀਂ ਸਦੀ ਵਿਚ ਯੂਰਪੀ ਜਾਗ੍ਰਿਤੀ ਦੇ ਉਥਾਨ ਸਮੇਂ ਫਰਾਂਸਿਸ ਬੇਕਨ ਨੇ ਫੜ੍ਹ ਮਾਰੀ ਸੀ ਕਿ ਵਿਗਿਆਨ ਇਨਸਾਨ ਨੂੰ ਬੇਮੁਹਾਰ ਕੁਦਰਤ ’ਤੇ ਕਾਬੂ ਪਾਉਣ ਦੀ ਸ਼ਕਤੀ ਦੇਵੇਗਾ। ਭੌਤਿਕ, ਰਸਾਇਣ ਅਤੇ ਜੀਵ ਵਿਗਿਆਨ ਵਿਚ ਵਿਗਿਆਨਕ ਖੋਜਾਂ ਕਰ ਕੇ ਧਰਤੀ ਦੀ ਖੋਜ ਕਰਨ ਲਈ ਸ਼ਕਤੀਸ਼ਾਲੀ ਔਜ਼ਾਰ ਪੈਦਾ ਹੋਏ ਹਨ ਜਿਨ੍ਹਾਂ ਨਾਲ ਮਨੁੱਖਤਾ ਦੀ ਪਦਾਰਥਕ ਤਰੱਕੀ ਵਿਚ ਮਦਦ ਮਿਲੇਗੀ ਅਤੇ ਤਕਨੀਕੀ ਤੌਰ ’ਤੇ ਉੱਨਤ ਦੇਸ਼ਾਂ ’ਤੇ ਰਸ਼ਕ ਹੋਵੇਗਾ ਜੋ ਆਪਣੇ ਨਾਗਰਿਕਾਂ ਦੀ ਪਦਾਰਥਕ ਤਰੱਕੀ ਕਰਨਗੇ। ਕੁਦਰਤੀ ਸਰੋਤਾਂ ਦੀ ਹੱਦੋਂ ਵੱਧ ਵਰਤੋਂ ਨੇ ਧਰਤੀ ਦੀ ਸਿਹਤ ਵਿਗਾੜ ਦਿੱਤੀ ਹੈ। ਇੰਝ, ਤਕਨੀਕ ਦੇ ਘਮੰਡ ਵਿਚ ਇਨਸਾਨ ਨੇ ਸਾਡੇ ਗ੍ਰਹਿ ਦੀ ਹੰਢਣਸਾਰਤਾ ਅਤੇ ਲੋਕਾਂ ਦੀ ਆਪਸੀ ਇਕਸੁਰਤਾ ਨੂੰ ਤਬਾਹ ਕਰ ਦਿੱਤਾ ਹੈ।

ਆਧੁਨਿਕ ਵਿਗਿਆਨ ਨੇ ਵੱਖ-ਵੱਖ ਢਾਂਚਿਆਂ ਦੀਆਂ ਗੁੰਝਲਾਂ ਨੂੰ ਛੋਟੇ-ਛੋਟੇ ਹਿੱਸਿਆਂ ’ਚ ਤੋੜਿਆ ਹੈ। ਮਾਹਿਰਾਂ ਵੱਲੋਂ ਵੱਖੋ-ਵੱਖਰੇ ਵਿਗਿਆਨਾਂ ਨੂੰ ਬਿਹਤਰ ਕੀਤਾ ਗਿਆ ਹੈ ਜੋ ਬਾਰੀਕ ਤੋਂ ਬਾਰੀਕ ਚੀਜ਼ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰ ਰਹੇ ਹਨ। ਉਹ ਹਾਥੀ ਦੁਆਲੇ ਘੁੰਮਦੇ ਅੰਨ੍ਹੇ ਬੰਦਿਆਂ ਵਰਗੇ ਹਨ, ਕਿਸੇ ਨੂੰ ਵੀ ਪੂਰੀ ਹਕੀਕਤ ਦਾ ਨਹੀਂ ਪਤਾ। ਆਧੁਨਿਕ ਵਿਗਿਆਨ ਨੇ ਸਰੀਰ ਦੇ ਵੱਖ-ਵੱਖ ਅੰਗਾਂ ਦੀ ਮੁਰੰਮਤ ਲਈ ਚਮਤਕਾਰੀ ਦਵਾਈਆਂ ਤੇ ਸਰਜਰੀਆਂ ਖੋਜ ਲਈਆਂ ਹਨ। ਰੋਗਗ੍ਰਸਤ ਅੰਗ ਦੇ ਇਲਾਜ ਦੇ ‘ਸਾਈਡ ਇਫੈਕਟਸ’ (ਮਾੜੇ ਅਸਰ) ਦੂਜੇ ਅੰਗਾਂ ਨੂੰ ਨੁਕਸਾਨ ਪਹੁੰਚਾ ਕੇ ਮਰੀਜ਼ ਦੀ ਹਾਲਤ ਹੋਰ ਵੀ ਬਦਤਰ ਕਰ ਦਿੰਦੇ ਹਨ।

ਅਰਥ ਸ਼ਾਸਤਰ ਪਿਛਲੀ ਸਦੀ ਵਿਚ ਬਾਕੀ ਸਮਾਜ ਵਿਗਿਆਨਾਂ ਨਾਲੋਂ ਟੁੱਟ ਕੇ ਵੱਖ ਹੋ ਗਿਆ ਤੇ ਬਾਕੀ ਸਾਰੇ ਵਿਗਿਆਨ ਆਪੋ-ਆਪਣੇ ਕੋਠਿਆਂ ’ਚ ਵੜ ਗਏ। ਅਰਥ ਸ਼ਾਸਤਰ ਕੁਦਰਤੀ ਤੇ ਮਨੁੱਖੀ ਸਰੋਤਾਂ ਦੀ ਉਤਪਾਦਕਤਾ ’ਤੇ ਧਿਆਨ ਕੇਂਦਰਤ ਕਰਦਾ ਹੈ ਤਾਂ ਕਿ ਜੀਡੀਪੀ ਵਧਾਈ ਜਾਵੇ। ਅਰਥ ਸ਼ਾਸਤਰੀ ਜਾਣਦੇ ਹਨ ਕਿ ਅਰਥਚਾਰੇ ਦਾ ਭੌਤਿਕ ਦਾਇਰਾ ਕਿਵੇਂ ਵਧਾਉਣਾ ਹੈ ਪਰ ਉਹ ਤਰੱਕੀ ਦੇ ਨਾਲ-ਨਾਲ ਅਰਥਚਾਰੇ ’ਚ ਹਿੱਸੇਦਾਰੀ ਨੂੰ ਵਾਜਿਬ ਜਾਂ ਬਰਾਬਰ ਰੱਖਣਾ ਅਤੇ ਕੁਦਰਤੀ ਸਰੋਤਾਂ ਨੂੰ ਨਵਿਆਉਣਾ ਨਹੀਂ ਜਾਣਦੇ। ਦੂਜੇ ਵਿਗਿਆਨੀਆਂ ਵਾਂਗ ਅਰਥ ਸ਼ਾਸਤਰੀ ਵੀ ਕਿਸੇ ਤੰਤਰ ਅੰਦਰਲੀਆਂ ਤਾਕਤਾਂ ਵਿਚਾਲੇ ਗੈਰ-ਰਵਾਇਤੀ ਸਬੰਧ ਲੱਭਦੇ ਹਨ; ਉਨ੍ਹਾਂ ਨੂੰ ਲੱਗਦਾ ਹੈ ਕਿ ਸਾਰੀਆਂ ਸ਼ਕਤੀਆਂ ਦਾ ਮੂੰਹ ਇਕੋ ਦਿਸ਼ਾ ਵੱਲ ਹੈ। ਆਧੁਨਿਕ ਵਿਗਿਆਨਕ ਪਹੁੰਚ ਉਨ੍ਹਾਂ ਤਾਕਤਾਂ ਨੂੰ ਨਹੀਂ ਸਮਝ ਸਕਦੀ ਜੋ ਇਕ-ਦੂਜੇ ਉਤੇ ਨਿਰਭਰ ਹੋ ਕੇ ਉੱਭਰਦੀਆਂ ਹਨ ਤੇ ਇਨ੍ਹਾਂ ਦੇ ਇਕ-ਦੂਜੇ ਨਾਲ ਕਾਰਨ ਤੇ ਅਸਰ ਦੇ ਪੱਖ ਤੋਂ ਗੋਲਾਕਾਰ ਸਬੰਧ ਹੁੰਦੇ ਹਨ।

ਜਿਹੜੇ ਅਰਥ ਸ਼ਾਸਤਰੀ ਮਨੁੱਖੀ ਵਿਕਾਸ ਸੂਚਕ ਅੰਕ ਦੀ ਬਿਹਤਰੀ ਲਈ ਵੱਧ ਸਰੋਤ ਪੈਦਾ ਕਰਨ ਖ਼ਾਤਿਰ ਪਹਿਲਾਂ ਜੀਡੀਪੀ ਵਧਾਉਣ ਅਤੇ ਮਗਰੋਂ ਵਾਤਾਵਰਨ ਸਥਿਰਤਾ ਵੱਲ ਰੁਖ਼ ਕਰਨ ਦੀ ਗੱਲ ਕਰਦੇ ਹਨ, ਉਹ ਇਹ ਦੇਖਣ ਵਿਚ ਨਾਕਾਮ ਹਨ ਕਿ ਆਰਥਿਕ ਤਰੱਕੀ ਲਈ ਮੁੱਢਲੀਆਂ ਲੋੜਾਂ ਮਨੁੱਖੀ ਵਿਕਾਸ ਤੇ ਟਿਕਾਊ ਕੁਦਰਤੀ ਸਰੋਤ ਹਨ ਤੇ ਇਹ ਹਮੇਸ਼ਾ ਇਸ ਦੀ ਬੁਨਿਆਦ ਬਣੇ ਰਹਿਣਗੇ। ਮਿੱਟੀ, ਜਲ ਪ੍ਰਣਾਲੀ ਤੇ ਬੂਟਿਆਂ, ਜਾਨਵਰਾਂ ਅਤੇ ਕੀਟਾਂ ਦੇ ਨਾਲ-ਨਾਲ, ਮਨੁੱਖ ਵੀ ਕੁਦਰਤ ਦੇ ਗੁੰਝਲਦਾਰ ਤੰਤਰ ਦਾ ਹਿੱਸਾ ਹੈ। ਟਿਕਾਊ ਵਿਕਾਸ ਲਈ ਸਾਰਿਆਂ ਦੀ ਸਰੀਰਕ-ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣੀ ਜ਼ਰੂਰੀ ਹੈ। ਜਿਹੜੇ ਕੁਦਰਤ ਪ੍ਰੇਮੀ ਸੰਪੂਰਨ ਢਾਂਚੇ ਦੇ ਕੇਵਲ ਇਕ ਹਿੱਸੇ ’ਤੇ ਧਿਆਨ ਦੇਣ ਦੀ ਗੱਲ ਕਰਦੇ ਹਨ ਤੇ ਜ਼ਿਆਦਾ ਦਰੱਖ਼ਤ ਲਾਉਣ ਦੀ ਵਕਾਲਤ ਕਰਦੇ ਹਨ ਜਾਂ ਬਾਘ ਵਰਗੀ ਸਿਰਫ਼ ਇਕੋ ਨਸਲ ਬਚਾਉਣ ਦਾ ਪੱਖ ਪੂਰਦੇ ਹਨ, ਉਹ ਪੂਰੀ ਪ੍ਰਣਾਲੀ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਅੱਗੇ ਨਹੀਂ ਰੱਖ ਰਹੇ; ਤੇ ਜਿਹੜੇ ਲੋਕ ਚਾਹੁੰਦੇ ਹਨ ਕਿ ਜੰਗਲਾਤ ਤੇ ਬਾਘਾਂ ਦੀ ਰਾਖੀ ਲਈ ਗਰੀਬਾਂ ਨੂੰ ਸਾਂਝੀ ਧਰਤ ਤੋਂ ਬਾਹਰ ਕੱਢਿਆ ਜਾਵੇ, ਉਨ੍ਹਾਂ ਨੂੰ ਇਹ ਨਹੀਂ ਦਿਸ ਰਿਹਾ ਕਿ ਮਨੁੱਖ ਵੀ ਇਸ ਢਾਂਚੇ ਦਾ ਅੰਗ ਹਨ। ਟਿਕਾਊ ਢਾਂਚਾ ਵਿਕਸਿਤ ਕਰਨ ਲਈ ਅਜਿਹੇ ਵਿਗਿਆਨਕ ਹੱਲ ਸੁਝਾਉਣੇ ਅਣਮਨੁੱਖੀ ਹਨ।

ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਸੁਣ ਕੇ ਹੀ ਗੁੰਝਲਦਾਰ ਪ੍ਰਣਾਲੀਆਂ ਨੂੰ ਸਮਝਿਆ ਜਾ ਸਕਦਾ ਹੈ। ਕਾਨੂੰਨ-ਵਿਵਸਥਾ ਅਤੇ ਜਲਦ ਨਿਆਂ ਹੀ ਵਿੱਤੀ ਨਿਵੇਸ਼ਕਾਂ ਤੇ ਨਾਗਰਿਕਾਂ ਨੂੰ ਕਿਸੇ ਮੁਲਕ ਵੱਲ ਖਿੱਚਦੇ ਹਨ; ਹਾਲਾਂਕਿ ਨਿਵੇਸ਼ਕਾਂ ਤੇ ਨਾਗਰਿਕਾਂ ਦੀਆਂ ਲੋੜਾਂ ਵੱਖ-ਵੱਖ ਹੁੰਦੀਆਂ ਹਨ, ਇਸ ਲਈ ਕਾਨੂੰਨ ਦੀ ਪਰਿਭਾਸ਼ਾ ਵੀ ਵੱਖ-ਵੱਖ ਹੋਵੇਗੀ। ਚੰਗੀ ਸ਼ਾਸਨ ਪ੍ਰਣਾਲੀ ਤੇ ਸਾਰਿਆਂ ਨੂੰ ਇਨਸਾਫ਼ ਦੇਣ ਲਈ ਜ਼ਰੂਰੀ ਹੈ ਕਿ ਸ਼ਾਸਨ ਕਰਨ ਵਾਲੇ ਲੋਕਾਂ ਨੂੰ ਲਗਾਤਾਰ ਸੁਣਨ। ਅਦਾਲਤਾਂ ਅਤੇ ਮਾਹਿਰ ਆਪਣੇ ਸੀਮਤ ਦਾਇਰੇ ਕਾਰਨ ਨਾਗਰਿਕਾਂ ਵਿਚਾਲੇ ਸਰਬਸੰਮਤੀ ਨਹੀਂ ਬਣਾ ਸਕਦੇ। ਅੱਡ-ਅੱਡ ਜ਼ਰੂਰਤਾਂ ਰੱਖਦੇ ਨਾਗਰਿਕਾਂ ਨੂੰ ਇਹ ਸਹਿਮਤੀ ਬਣਾਉਣ ਲਈ ਇਕ-ਦੂਜੇ ਦੀ ਸੁਣਨੀ ਚਾਹੀਦੀ ਹੈ ਕਿ ਉਹ ਆਪਣੇ ਲਈ ਕਿਸ ਤਰ੍ਹਾਂ ਦਾ ਸਮਾਜ ਚਾਹੁੰਦੇ ਹਨ।

**ਫਿਲਮ 'ਦਿ ਜ਼ੋਨ ਆਫ ਇੰਟਰਸਟ' ਨੇ ਹੌਲੀਵੁੱਡ ਇੰਡਸਟਰੀ ਨੂੰ ਦੋ ਧਿਰਾਂ ਵਿਚ ਵੰਡ ਦਿੱਤਾ ਹੈ; ਇੱਥੋਂ ਤੱਕ ਕਿ ਫਿਲਮ ਦੇ ਨਿਰਮਾਤਾ ਨੇ ਫਿਲਮ ਦੇ ਨਿਰਦੇਸ਼ਕ ਦੇ ਬਿਆਨ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਇਸ ਦੇ ਨਾਲ ਹੀ ਸਿਨੇਮਾ ਜਿਹੀ ਸੰਪੂਰਨ ਕਲਾ ਦੀ ਜ਼ਰੂਰਤ ਅਤੇ ਇਸ ਦੇ ਮੰਤਵਾਂ ਬਾਰੇ ਵੀ ਚਰਚਾ ਭਖ ਗਈ ਹੈ। ਇਹ ਚਰਚਾ ਇਸ ਕਲਾ ਮਾਧਿਅਮ ਦੇ ਜਿਉਂਦੇ-ਜਾਗਦੇ ਹੋਣ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਪੂਰੀ ਕਰਨ ਦਾ ਸਬੂਤ ਹੈ। ਹੁਣ ਦੇਖਣਾ ਇਹ ਹੈ ਕਿ ਗਲੋਬਲ ਪੱਧਰ 'ਤੇ ਆਲਮੀ ਮੀਡੀਆ ਅਦਾਰਿਆਂ, ਫਿਲਮ ਬਣਾਉਣ ਦੇ ਸੈਂਟਰਾਂ ਅਤੇ ਦਰਸ਼ਕਾਂ ਵਿਚ ਛਿੜੀ ਇਹ ਚਰਚਾ ਗਾਜ਼ਾ ਦੇ ਹੱਕ ਵਿਚ ਬੁਲੰਦ ਆਵਾਜ਼ ਕਦੋਂ ਬਣਦੀ ਹੈ।**

# ਯਹੂਦੀ ਘੱਲੂਘਾਰਾ, ਗਾਜ਼ਾ ਦਾ ਘਾਣ ਅਤੇ ਫਿਲਮ 'ਦਿ ਜ਼ੋਨ ਆਫ ਇੰਟਰਸਟ'



ਇਜ਼ਰਾਈਲ ਦੁਆਰਾ ਗਾਜ਼ਾ ਵਿਚ ਕੀਤੇ ਜਾ ਰਹੇ ਮਨੁੱਖਤਾ ਦੇ ਘਾਣ ਉਪਰ ਸਾਡੇ ਦੌਰ ਦੀ ਸਭ ਤੋਂ ਅਹਿਮ ਕਲਾਤਮਿਕ ਟਿੱਪਣੀ ਵੱਕਾਰੀ ਇਨਾਮ ਆਸਕਰ ਦੀ ਕੌਮਾਂਤਰੀ ਸ਼੍ਰੇਣੀ ਵਿਚ ਸਰਵੋਤਮ ਫਿਲਮ ਦਾ ਪੁਰਸਕਾਰ ਜਿੱਤਣ ਵਾਲੀ ਫਿਲਮ 'ਦਿ ਜ਼ੋਨ ਆਫ ਇੰਟਰਸਟ' ਹੈ। ਫਿਲਮ ਦਾ ਨਿਰਦੇਸ਼ਕ ਜੋਨਾਥਨ ਗਲੇਜ਼ਰ ਹੈ। ਆਸਕਰ ਜਿੱਤਣ ਸਮੇਂ ਦਿੱਤੇ ਭਾਸ਼ਣ ਵਿਚ ਕੀਤੀਆਂ ਟਿੱਪਣੀਆਂ ਕਰ ਕੇ ਜਿੱਥੇ ਉਹ ਸਾਡੇ ਗੈਰ-ਸੰਵੇਦਨਸ਼ੀਲ ਵਰਤਾਉ ਦੇ ਮੱਦੇਨਜ਼ਰ ਤਮਾਮ ਮਨੁੱਖਤਾ ਦਾ ਧਿਆਨ ਗਾਜ਼ਾ ਵੱਲ ਖਿੱਚਣ



**ਡਾ. ਕੁਲਦੀਪ ਕੌਰ**
**ਫੋਨ: +91-98554-04330**

ਵਿਚ ਕਾਮਯਾਬ ਰਿਹਾ, ਉਥੇ ਆਪਣੀ 'ਯਹੂਦੀ ਪਛਾਣ' ਬਾਰੇ ਚੁੱਕੇ ਤਰਕ ਭਰਪੂਰ ਸਵਾਲ ਕਾਰਨ ਵਿਵਾਦਾਂ ਵਿਚ ਘਿਰ ਗਿਆ। ਅਸਾਧਾਰਨ ਫਿਲਮਾਂਕਣ ਤਕਨੀਕਾਂ, ਸਿਨੇਮੈਟਿਕ ਵਿਧੀਆਂ ਅਤੇ ਬਿਰਤਾਂਤਕ ਢਾਂਚਿਆਂ ਦੀ ਵਰਤੋਂ ਨਾਲ ਉਸ ਦੀ ਫਿਲਮ ਜਿਵੇਂ ਹੌਲੀਵੁੱਡ ਫਾਰਮੂਲਿਆਂ ਦੇ ਉਲਟੇ ਦਾਅ ਵਗਦੀ ਹੈ, ਉਸੇ ਤਰ੍ਹਾਂ ਉਸ ਦੀ ਵਿਚਾਰਧਾਰਕ ਸੂਝ ਅਤੇ ਬੌਧਿਕ ਸਮਰੱਥਾ ਵੀ ਫਾਸ਼ੀਵਾਦੀ/ਫਿਰਕੂ ਤੇ ਨਸਲਵਾਦੀ ਰੁਝਾਨਾਂ ਦੇ ਮੌਜੂਦਾ ਗਲੋਬਲ ਵਰਤਾਰਿਆਂ ਅਤੇ ਮਨੁੱਖੀ ਤਰਾਸਦੀਆਂ ਪ੍ਰਤੀ ਵਧ ਰਹੀ ਨਿਰਲੇਪਤਾ ਉਰਫ ਗੈਰ-ਸੰਵੇਦਨਸ਼ੀਲਤਾ 'ਤੇ ਤਿੱਖੀ ਚੋਟ ਕਰਦੀ ਹੈ।

ਆਸਕਰ ਪ੍ਰਾਪਤ ਕਰਦੇ ਮੌਕੇ ਉਹ ਕਹਿੰਦਾ ਹੈ, "ਅਤੀਤ ਵਿਚ ਜੋ ਅਸੀਂ ਚੁਣਦੇ ਹਾਂ, ਉਹੀ ਸਾਡਾ ਅੱਜ ਅਤੇ ਕੱਲ੍ਹ ਤੈਅ ਕਰਦਾ ਹੈ। ਇਹ ਕਹਿਣਾ ਕਿ 'ਦੇਖੋ, ਉਦੋਂ ਉਨ੍ਹਾਂ ਨੇ ਸਾਡੇ ਨਾਲ ਕੀ ਕੀਤਾ?' ਨਾਲੋਂ ਇਹ ਵੱਧ ਅਹਿਮ ਹੈ ਕਿ 'ਅਸੀਂ ਅੱਜ ਕੀ ਕਰ ਰਹੇ ਹਾਂ?' ਸਾਡੀ ਫਿਲਮ ਦਿਖਾਉਂਦੀ ਹੈ ਕਿ ਗੈਰ-ਮਾਨਵੀ ਵਰਤਾਰਾ ਤੁਹਾਨੂੰ ਕਿਸ ਨਿਵਾਣ ਤੱਕ ਲਿਜਾ ਸਕਦਾ ਹੈ। ਇਸ ਨੇ ਹੀ ਸਾਡੇ ਅਤੀਤ ਅਤੇ ਸਮਕਾਲ ਨੂੰ ਘੜਨਾ ਹੈ। ਅੱਜ ਇਸ ਪਲੈਟਫਾਰਮ 'ਤੇ ਅਸੀਂ ਯਹੂਦੀਆਂ ਵਜੋਂ ਅਜਿਹੇ 'ਯਹੂਦੀਪਣ' ਅਤੇ 'ਯਹੂਦੀ ਕਤਲੇਆਮ' ਨੂੰ ਕਬਜ਼ਾਉਣ ਦਾ ਖੰਡਨ ਕਰਦੇ ਹਾਂ ਕਿਉਂਕਿ ਇਹ ਬਹੁਤ ਸਾਰੀਆਂ ਮਾਸੂਮ ਜ਼ਿੰਦਗੀਆਂ ਲਈ ਨਿਰੰਤਰ ਚੱਲ ਰਹੀ ਜੰਗ ਵਿਚ ਬਦਲ ਚੁੱਕਿਆ ਹੈ। ਉਹ ਭਾਵੇਂ ਸੱਤ ਅਕਤੂਬਰ ਨੂੰ ਇਜ਼ਰਾਈਲ ਵਿਚ ਕਤਲ ਕੀਤੇ ਨਾਗਰਿਕ ਹੋਣ ਜਾਂ ਫਿਰ ਗਾਜ਼ਾ 'ਤੇ ਕੀਤਾ ਗਿਆ ਹਰ ਦਿਨ ਨਵਾਂ ਹਮਲਾ, ਗੈਰ-ਮਨੁੱਖੀ ਵਤੀਰੇ ਦਾ ਸ਼ਿਕਾਰ ਹੋਏ ਇਹ ਸਾਰੇ ਲੋਕ ਪਰ ਇਸ ਸਭ ਕੁਝ ਵਿਰੁੱਧ ਕਿਵੇਂ ਲੜਿਆ ਜਾਵੇ? ਕੀ ਇਸ ਫਿਲਮ ਦੀ ਕਿਰਦਾਰ ਜੂਲੀਆ ਪੋਲਾਚੈਕ (ਅਲੈਕਜ਼ਾਂਦਰਾ ਬਿਸਤ੍ਰੋਨ ਕੋਲੋਜ਼ੇਈਜੈਕ ਵਾਂਗ ਲੜਿਆ ਜਾਵੇ ਜਿਹੜੀ ਮਨੁੱਖ ਵਜੋਂ ਫਿਲਮ ਵਿਚ ਅਤੇ ਅਸਲ ਜ਼ਿੰਦਗੀ ਵਿਚ ਵੀ ਧਰੂ ਤਰੇ ਵਾਂਗ ਚਮਕ ਰਹੀ ਹੈ? ਮੈਂ ਇਹ ਫਿਲਮ ਉਸ ਦੀ ਯਾਦ ਅਤੇ ਸੰਘਰਸ਼ ਨੂੰ ਸਮਰਪਿਤ ਕਰਦਾ ਹਾਂ... ਧੰਨਵਾਦ।"

ਇਹ ਫਿਲਮ ਫਾਸ਼ੀਵਾਦੀ ਕਤਲੋ-ਗਾਰਤ ਅਤੇ ਨਾਜ਼ੀ ਤੌਰ-ਤਰੀਕਿਆਂ ਬਾਰੇ ਸਦਾ ਤੋਂ ਹੀ ਚਰਚਾ ਵਿਚ ਰਹੇ ਇੱਕ ਅਹਿਮ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੀ ਹੈ ਕਿ ਜਦ ਸੰਸਥਾਈ ਅਤੇ ਵਿਉਂਤਵਧ ਤਰੀਕੇ ਨਾਲ ਰਿਆਸਤ/ਸਟੇਟ ਅਤੇ ਇਸ ਦੀ ਮਸ਼ੀਨਰੀ ਨਾਗਰਿਕਾਂ ਦੇ ਇੱਕ ਖਾਸ ਵਰਗ ਦਾ ਨਾਮੋ-ਨਿਸ਼ਾਨ ਮਿਟਾਉਣ 'ਤੇ ਉਤਾਰੂ ਹੁੰਦੀ ਹੈ ਤਾਂ ਉਸ ਮਸ਼ੀਨਰੀ ਦਾ ਸੰਦ ਬਣ ਕੇ ਆਮ ਲੋਕਾਂ ਨੂੰ ਕਤਲ ਕਰਨ ਵਾਲੇ 'ਜ਼ਿੰਮੇਵਾਰ' ਅਤੇ ਉਚ ਅਹੁਦਿਆਂ 'ਤੇ ਤਾਇਨਾਤ ਨਾਗਰਿਕ ਕਿਵੇਂ ਜਿਊਂਦੇ ਹਨ, ਕੀ ਸੋਚਦੇ ਹਨ, ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਰੋਕਦੇ ਕਿਉਂ ਨਹੀਂ ਅਤੇ ਸਭ ਤੋਂ ਜ਼ਰੂਰੀ ਸਵਾਲ- ਉਨ੍ਹਾਂ ਦੀ ਨਿੱਜੀ ਅਤੇ ਘਰੇਲੂ ਜ਼ਿੰਦਗੀ ਦੀਆਂ ਬੇਪਨਾਹ ਖੁਸ਼ੀਆਂ ਦੀ ਅਸਲ ਕੀਮਤ ਕੌਣ ਤਾਰਦਾ ਹੈ?

ਇਸ ਫਿਲਮ ਦੀ ਸਭ ਤੋਂ ਅਹਿਮ ਪ੍ਰਾਪਤੀ ਇਸ ਨੂੰ ਬਣਾਉਣ ਤੋਂ ਪਹਿਲਾਂ ਇਕੱਤਰ ਕੀਤੀ ਜਾਣਕਾਰੀ ਹੈ ਜਿਸ ਲਈ ਇਸ ਫਿਲਮ ਦਾ ਨਿਰਦੇਸ਼ਕ ਨਾ ਸਿਰਫ ਹਿਟਲਰ ਦੀ ਛਤਰ-ਛਾਇਆ ਹੇਠ ਨਾਜ਼ੀਆਂ ਦੁਆਰਾ ਪੋਲੈਂਡ ਵਿਚ ਬਣਾਏ ਬਦਨਾਮ ਮੌਤ ਦੇ ਕੈਂਪ ਔਸ਼ਵਿਜ਼ ਨੂੰ ਕਈ ਸਾਲ ਆਪਣੀ ਠਾਹਰ ਬਣਾਉਂਦਾ ਹੈ ਬਲਿਕ ਕਿਸੇ ਸਮਾਜਿਕ ਵਿਗਿਆਨੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਵਾਂਗ, ਉਥੇ ਮਾਰੇ ਗਏ ਯਹੂਦੀਆਂ ਬਾਰੇ ਨਿੱਕੀ ਤੋਂ ਨਿੱਕੀ ਜਾਣਕਾਰੀ ਇਕੱਤਰ ਕਰਨ ਦੀ ਕੋਸ਼ਿਸ ਕਰਦਾ ਹੈ। ਆਪਣੀ ਯਹੂਦੀ ਪਛਾਣ ਕਾਰਨ ਘੱਲੂਘਾਰੇ (ਹੋਲੋਕਾਸਟ) ਨਾਲ ਜੁੜੇ ਤੱਥ, ਸੂਚਨਾ ਅਤੇ ਜਾਣਕਾਰੀਆਂ ਉਸ ਲਈ ਕਿੰਨੀਆਂ ਤਕਲੀਫਦੇਹ ਹੋਣਗੀਆਂ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ। ਉਹ ਹਰ ਉਸ ਜਗ੍ਹਾ ਪਹੁੰਚਦਾ ਹੈ ਤੇ ਹਰ ਉਸ ਸ਼ਖ਼ਸ ਨੂੰ ਮਿਲਦਾ ਹੈ ਜੋ ਉਸ ਨੂੰ ਇੱਕ ਪਾਸੇ ਗੈਸ ਚੈਂਬਰਾਂ ਵਿਚ ਸੜ-ਭੁੱਜ ਰਹੇ ਯਹੂਦੀਆਂ, ਤੇ ਦੂਜੇ ਪਾਸੇ ਉਨ੍ਹਾਂ ਹੀ ਨਾਜ਼ੀ ਕੈਂਪਾਂ ਦੇ ਆਸ-ਪਾਸ ਬੇਫ਼ਿਕਰੀ ਤੇ ਐਸ਼ੋ-ਆਰਾਮ ਨਾਲ ਧੜਕ ਰਹੀ ਜ਼ਿੰਦਗੀ ਨਾਲ ਬਾਵਾਸਤਾ ਕਰਵਾ ਸਕੇ। ਕਿਸੇ ਚੰਗੇ ਸਰਜਨ ਵਾਂਗ ਉਹ ਹੋਲੋਕਾਸਟ ਅਤੇ ਯਹੂਦੀ ਕਤਲਾਂ ਦੇ ਸਦਮਿਆਂ ਦੀ ਜ਼ਮੀਨ ਫਰੋਲਦਾ ਹੈ ਤਾਂ ਕਿ ਉਸ ਨੂੰ ਕੁਝ ਅਜਿਹਾ ਮਿਲ ਸਕੇ ਜੋ ਉਸ ਦੌਰ ਵਿਚ ਅੰਦਰੋਂ ਗੈਰ-ਮਾਨਵੀ ਅਤੇ ਗੈਰ-ਸੰਵੇਦਨਸ਼ੀਲ ਹੋ ਰਹੇ ਜਰਮਨਾਂ ਦੇ ਠੰਢੇ ਦਿਲਾਂ ਵਿਚ ਕੋਈ ਰੌਸ਼ਨੀ ਕਰ ਸਕੇ। ਉਸ ਨੂੰ ਅਜਿਹਾ ਕਿਰਦਾਰ ਇੱਕ ਨਿੱਕੀ ਲੜਕੀ ਦੇ ਰੂਪ ਵਿਚ ਮਿਲਦਾ ਹੈ ਜਿਹੜੀ ਰਾਤਾਂ ਨੂੰ ਯਹੂਦੀ ਕੈਦੀਆਂ ਲਈ ਕੈਂਪ ਦੇ ਆਲੇ-ਦੁਆਲੇ ਖਿੱਚੀਆਂ ਵਾੜਾਂ ਅਤੇ ਖਾਲਾਂ ਵਿਚ ਸੇਬ ਲੁਕਾ ਜਾਂਦੀ ਹੈ ਤਾਂ ਕਿ ਉਹ ਭੁੱਖ ਨਾਲ ਨਾ ਮਰ ਜਾਣ।



*ਫਿਲਮ 'ਦਿ ਜ਼ੋਨ ਆਫ ਇੰਟਰਸਟ' ਦਾ ਨਿਰਦੇਸ਼ਕ ਜੋਨਾਥਨ ਗਲੇਜ਼ਰ।*

ਪ੍ਰਸਿੱਧ ਅਖਬਾਰ 'ਦਿ ਗਾਰਡੀਅਨ' ਨੂੰ ਦਿੱਤੇ ਇੰਟਰਵਿਊ ਵਿਚ ਫਿਲਮ ਦਾ ਨਿਰਦੇਸ਼ਕ ਜੋਨਾਥਨ ਗਲੇਜ਼ਰ ਦੱਸਦਾ ਹੈ, "ਫਿਲਮ ਬਣਾਉਂਦਿਆਂ ਸਮੇਂ ਸਾਨੂੰ ਲਗਾਤਾਰ ਇਹ ਮਹਿਸੂਸ ਹੋ ਰਿਹਾ ਸੀ ਕਿ ਫਿਲਮ ਬੇਹੱਦ ਉਦਾਸ ਅਤੇ ਬੇਉਮੀਦ ਕਰਨ ਵਾਲੀ ਬਣ ਰਹੀ ਹੈ ਕਿਉਂਕਿ ਹਰ ਅਗਲਾ ਦ੍ਰਿਸ਼ ਨਾਜ਼ੀਆਂ ਦੀਆਂ ਨਵੀਂਆਂ ਕਰੂਰਤਾਂ ਅਤੇ ਕਤਲੋਗਾਰਤ ਦੀਆਂ ਅਗਲੀਆਂ ਯੋਜਨਾਵਾਂ ਫਿਲਮਾਉਣ ਦਾ ਹੁੰਦਾ ਸੀ। ਮੇਰੇ ਸਮੇਤ ਸਾਰੀ ਟੀਮ ਦੇ ਦਿਲੋ-ਦਿਮਾਗ 'ਤੇ ਇੰਨਾ ਦਬਾਉ ਸੀ ਕਿ ਮੈਂ ਕਈ ਵਾਰ ਫਿਲਮ ਬਣਾਉਣ ਦਾ ਇਰਾਦਾ ਤਿਆਗ ਵੀ ਦਿੱਤਾ ਪਰ ਬਾਰਾਂ ਸਾਲਾਂ ਦੀ ਉਸ ਪੋਲਿਸ਼ ਲੜਕੀ ਦਾ ਯਹੂਦੀ ਕੈਦੀਆਂ ਲਈ ਸੇਬ ਛੁਪਾਉਣ ਦਾ ਸੱਚਾ ਵਾਕਿਆ ਇੰਨਾ ਮਜ਼ਬੂਤ ਤੇ ਸ਼ਾਨਦਾਰ ਨਿਕਲਿਆ ਕਿ ਉਹ ਯਹੂਦੀ ਕੈਦੀਆਂ ਦੀ ਜ਼ਿੰਦਗੀ ਵਿਚ ਉਸ ਦੇ ਲਿਆਂਦੇ ਸੇਬਾਂ ਵਾਂਗ ਫਿਲਮ ਦੀ ਕਹਾਣੀ ਵਿਚ ਵੀ ਮਾਨਵਤਾ, ਉਮੀਦ ਅਤੇ ਸੱਚ ਦੀ ਨਵੀਂ ਰੌਸ਼ਨੀ ਲੈ ਕੇ ਆਇਆ।"

ਫਿਲਮ ਦੇਖਦਿਆਂ ਦਰਸ਼ਕ ਵੀ ਇਹ ਦਬਾਉ ਵਾਰ-ਵਾਰ ਮਹਿਸੂਸ ਕਰਦਾ ਹੈ। ਫਿਲਮ ਦੀ ਅਸਲ ਤਾਕਤ ਇਸ ਦਾ ਰੂਹ ਕੰਬਾਊ ਸੰਗੀਤ ਅਤੇ ਪਿਛੋਕੜ ਵਿਚੋਂ ਆ ਰਹੀਆਂ ਆਵਾਜ਼ਾਂ ਹਨ। ਯਹੂਦੀ ਕੈਦੀਆਂ ਨੂੰ ਮਾਰਨ ਲਈ ਭਰੀਆਂ ਟਰੇਨਾਂ ਰੁਕਣ ਦੀ ਆਵਾਜ਼, ਛੋਟੇ ਬੱਚਿਆਂ ਤੇ ਔਰਤਾਂ ਦੀ ਗੈਸ ਚੈਂਬਰਾਂ ਵਿਚ ਦਮ ਘੁਟਣ ਦੀ ਆਵਾਜ਼, ਚਿਮਨੀਆਂ ਵਿਚੋਂ ਲਗਾਤਾਰ ਨਿਕਲ ਰਿਹਾ ਧੂੰਆਂ, ਬੇਵਸ ਕੈਦੀਆਂ 'ਤੇ ਲਗਾਤਾਰ ਤਸ਼ੱਦਦ ਕਰ ਰਹੇ ਨਾਜ਼ੀ ਅਫਸਰਾਂ ਦੀਆਂ ਗਾਲਾਂ ਅਤੇ ਉਨ੍ਹਾਂ ਨੂੰ ਖਿੱਚਣ-ਧੂਹਣ ਦੀਆਂ ਅਨੇਕ ਆਵਾਜ਼ਾਂ ਇਸ ਫਿਲਮ ਨੂੰ ਪ੍ਰਯੋਗਾਤਮਿਕ ਅਤੇ ਕਲਾ ਫਿਲਮ ਦੀ ਵੰਨਗੀ ਵਿਚ ਸ਼ਾਮਿਲ ਕਰ ਦਿੰਦੀਆਂ ਹਨ। ਇਉਂ ਇਸ ਫਿਲਮ ਨੂੰ ਇਤਿਹਾਸਕ ਦਸਤਾਵੇਜ਼ ਵਾਂਗ ਵੀ ਦੇਖਿਆ ਜਾ ਸਕਦਾ ਹੈ।

ਫਿਲਮ ਇਸ ਪੱਖ ਤੋਂ ਬਹੁਤ ਸ਼ਾਨਦਾਰ ਅਤੇ ਵੱਖਰੀ ਹੈ ਕਿ ਪਰਦੇ ਉਤੇ ਜੋ ਦ੍ਰਿਸ਼ ਦਿਸਦੇ ਹਨ, ਦਰਸ਼ਕ ਉਨ੍ਹਾਂ ਨੂੰ ਮਹਿਸੂਸ ਕਰਨ ਦੀ ਥਾਂ ਨਾਜ਼ੀ ਕੈਂਪਾਂ ਵਿਚ ਮਰ ਰਹੇ ਲੋਕਾਂ ਦੀ ਕੁਰਲਾਹਟ, ਚੀਕਾਂ ਅਤੇ ਫਰਿਆਦਾਂ ਸੁਣਨ ਵੱਲ ਧਿਆਨ ਕਰਦਾ ਹੈ। ਘਰ ਦੀ ਮਾਲਕਿਨ ਹੈਡਵਿਗ (ਸੈਂਡਰਾ ਹੁਲਰ) ਆਪਣੀ ਛੋਟੀ ਬੱਚੀ ਨੂੰ ਆਪਣੇ ਖ਼ੂਬਸੂਰਤ ਬਗੀਚੇ ਵਿਚ ਖਿੜੇ ਫੁੱਲ ਦਿਖਾ ਰਹੀ ਹੈ। ਉਹ ਉਹਨੂੰ ਫੁੱਲਾਂ ਦੇ ਨਾਮ ਦੱਸਦੀ ਹੈ। ਹਰ ਫੁੱਲ ਦਾ ਨਾਮ ਬੋਲਣ 'ਤੇ ਬਗੀਚੇ ਦੀ ਕੰਧ ਦੇ ਪਾਰੋਂ ਗੋਲੀ ਚੱਲਣ ਦਾ ਖੜਾਕ ਸੁਣਦਾ ਹੈ। ਜਿਉਂ-ਜਿਉਂ ਗੁਲਾਬ ਦੇ ਲਾਲ ਫੁੱਲਾਂ ਦਾ ਰੰਗ ਪਰਦੇ 'ਤੇ ਉਘੜਦਾ ਜਾਂਦਾ ਹੈ, ਗੋਲੀਆਂ ਦੀ ਆਵਾਜ਼ ਹੋਰ ਉਚੀ ਹੁੰਦੀ ਜਾਂਦੀ ਹੈ। ਪੂਰੀ ਫਿਲਮ ਅਜਿਹੇ ਮੈਟਾਫੌਰਿਕ ਕੋਲਾਜਾਂ ਨਾਲ ਭਰੀ ਹੋਈ ਹੈ ਜਿਹੜੇ ਇਸ ਘਰ ਦੇ ਆਸ-ਪਾਸ ਮੌਜੂਦ ਤਮਾਮ ਖ਼ੂਬਸੂਰਤ ਚੀਜ਼ਾਂ ਰਾਹੀਂ ਨਾਜ਼ੀ ਕੈਂਪਾਂ ਅੰਦਰ ਬਰਸ ਰਹੀ ਬਰਬਰਤਾ ਅਤੇ ਜ਼ੁਲਮ ਦੀ ਵਿਆਖਿਆ ਕਰਦੀ ਹੈ। ਇਸ ਘਰ ਦੇ ਬੱਚੇ ਨਦੀ ਵਿਚ ਖੇਡ ਕੇ ਖ਼ੁਸ਼ ਹਨ ਪਰ ਨਦੀ ਵਿਚ ਨਾਜ਼ੀ ਕੈਂਪਾਂ ਵਿਚ ਮਰੇ ਕੈਦੀਆਂ ਦੀਆਂ ਹੱਡੀਆਂ ਤੈਰ ਰਹੀਆਂ ਹਨ। ਘਰ ਅਤੇ ਬਗੀਚੇ ਦੇ ਆਸ-ਪਾਸ ਦੀ ਹਵਾ ਅਤੇ ਧੁੱਪ ਬੇਹੱਦ ਦਿਲਕਸ਼ ਤੇ ਸਕੂਨ ਦੇਣ ਵਾਲੀ ਹੈ ਪਰ ਇਹ ਹਵਾ ਮੁਰਦੇ ਜਲ਼ਣ ਨਾਲ ਬੋਝਲ ਹੋ ਗਈ ਹੈ ਅਤੇ ਲਾਸ਼ਾਂ ਦੀ ਗੰਧ ਕਾਰਨ ਸਾਹ ਲੈਣ ਯੋਗ ਨਹੀਂ ਰਹੀ। ਘਰ ਅਤੇ ਬਗੀਚੇ ਵਿਚ ਸਜੇ ਮੇਜ਼ਾਂ ਉਤੇ ਦੁਨੀਆ ਦੇ ਸਭ ਤੋਂ ਸੁਆਦਲੇ ਪਕਵਾਨ ਹਾਜ਼ਿਰ ਹਨ ਪਰ ਇਨ੍ਹਾਂ ਨੂੰ ਖਾਂਦੇ ਸਮੇਂ ਗੈਸ ਚੈਬਰਾਂ ਵਿਚ ਹੁੰਦੀ 'ਚਰ-ਚਰ' ਦੀ ਆਵਾਜ਼ ਦਾੜ੍ਹਾਂ ਥੱਲੇ ਚਿੱਥੀਆਂ ਜਾ ਰਹੀਆਂ ਬੁਰਕੀਆਂ ਦੀ ਆਵਾਜ਼ ਨਾਲ ਜਾ ਮਿਲਦੀ ਹੈ। ਘਰ ਦੇ ਮੁਖੀ ਰੁਡੋਲਫ ਹੌਸ (ਕ੍ਰਿਸ਼ੀਅਨ ਫ੍ਰੀਈਡਲ) ਦੀ ਡਿਊਟੀ ਉਸ ਦੇ ਬਗੀਚੇ ਨਾਲ ਲੱਗਦੇ ਨਾਜ਼ੀ ਇਤਿਹਾਸ ਦੇ ਸਭ ਤੋਂ ਘਿਨਾਉਣੇ ਅਤੇ ਬਦਨਾਮ ਕੈਂਪ ਔਸ਼ਵਿਜ਼ ਵਿਚ ਲੱਗੀ ਹੋਈ ਹੈ ਜਿੱਥੇ ਉਸ ਨੇ ਲੱਖਾਂ ਯਹੂਦੀ ਕੈਦੀਆਂ ਨੂੰ ਮਿੰਟਾਂ-ਸਕਿੰਟਾਂ ਵਿਚ ਸਾੜ ਕੇ ਸਵਾਹ ਕਰਨ ਜਾਂ ਉਨ੍ਹਾਂ ਨੂੰ ਹੋਰ ਅਨੇਕ ਦਰਦਨਾਕ ਢੰਗ-ਤਰੀਕਿਆਂ ਨਾਲ ਮੌਤ ਦੇ ਮੂੰਹ ਧੱਕਣ ਵਿਚ ਮੁਹਾਰਤ ਹਾਸਿਲ ਕੀਤੀ ਹੋਈ ਹੈ। ਹਾਲਾਤ ਦੀ ਤਰਾਸਦੀ ਦੇਖੋ ਕਿ ਜਿਹੜਾ ਅਫਸਰ ਆਪਣੇ ਬਗੀਚੇ ਵਿਚ ਕੁਝ ਫੁੱਲਾਂ ਦੇ ਟੁੱਟਣ 'ਤੇ ਨੌਕਰਾਂ ਨੂੰ ਸਜ਼ਾ ਦਿੰਦਾ ਹੈ, ਉਹ ਆਪਣੇ ਦੋਸਤਾਂ ਨਾਲ ਮਿਲ ਕੇ ਅਜਿਹੇ ਗੈਸ ਚੈਂਬਰ ਬਣਾਉਣ ਲਈ ਗੰਭੀਰ ਮੀਟਿੰਗਾਂ ਕਰਦਾ ਹੈ ਜਿਸ ਵਿਚ ਲੱਖਾਂ ਯਹੂਦੀਆਂ ਨੂੰ ਸਿਰਫ ਇੱਕ ਬਟਨ ਨਾਲ ਹੀ ਮਾਰਿਆ ਜਾ ਸਕੇ। ਫਿਲਮ ਦੇ ਨਿਰਦੇਸ਼ਕ, ਕੈਮਰਾਮੈਨ ਅਤੇ ਪ੍ਰੋਡਕਸ਼ਨ ਟੀਮ ਦਾ ਕਮਾਲ ਇਹ ਹੈ ਕਿ ਉਹ ਨਾਜ਼ੀ ਜਰਮਨਾਂ ਦੇ ਇੰਝ ਦਿਨੋ-ਦਿਨ ਗੈਰ-ਮਾਨਵੀ ਹੁੰਦੇ ਜਾਣ ਨੂੰ ਛੋਟੀਆਂ-ਛੋਟੀਆਂ ਘਟਨਾਵਾਂ ਰਾਹੀਂ ਸਿਰਜਦਾ ਹੈ। ਦਰਅਸਲ ਉਹ ਇਨ੍ਹਾਂ ਘਟਨਾਵਾਂ ਦੀ ਵੀ 'ਮਿਰਰ ਇਮੇਜ' ਪਰਦੇ 'ਤੇ ਉਤਾਰਦਾ ਹੈ; ਮਸਲਨ, ਘਰ ਬੇਹੱਦ ਖ਼ੂਬਸੂਰਤ ਹੈ ਪਰ ਉਸ ਘਰ ਵਿਚ ਪਲ ਰਹੇ ਬੱਚੇ ਨਾਜ਼ੀ ਕੈਂਪਾਂ ਵਿਚ ਮਾਰੇ ਗਏ ਕੈਦੀਆਂ ਦੇ ਇਕੱਠੇ ਹੋਏ ਸੋਨੇ ਦੇ ਨਕਲੀ ਦੰਦਾਂ ਨਾਲ ਖੇਡ ਰਹੇ ਹਨ। ਘਰ ਦੀ ਮਾਲਕਿਨ ਅਮੀਰ ਹੈ ਪਰ ਉਸ ਦੀ ਨੀਤ ਦਾ ਟੇਢਾਪਣ ਦੇਖੋ ਕਿ ਉਹ ਕੈਂਪ ਵਿਚ ਮਾਰੀ ਗਈ ਯਹੂਦੀ ਔਰਤ ਦਾ ਓਵਰਕੋਟ ਪਾ ਕੇ ਆਪਣੀ ਖ਼ੂਬਸੂਰਤੀ ਵਿਚ ਇਜ਼ਾਫ਼ਾ ਕਰਨਾ ਲੋਚਦੀ ਹੈ। ਇਸੇ ਤਰ੍ਹਾਂ ਫਿਲਮ ਵਿਚ ਜਿੰਨੇ ਰੰਗ ਹਨ, ਖ਼ੂਬਸੂਰਤੀ ਹੈ, ਹਾਸੇ ਤੇ ਖੁਸ਼ੀਆਂ ਹਨ, ਉਨ੍ਹਾਂ ਪਿੱਛੇ ਮਾਰੇ ਗਏ ਲੋਕਾਂ ਦਾ ਵਿਰਲਾਪ, ਰੁਦਨ, ਬੇਵਸੀ, ਉਦਾਸੀ ਅਤੇ ਉਨ੍ਹਾਂ ਦੀ ਮੌਤ ਦਾ ਰੰਗ ਸਾਰੀ ਫਿਲਮ ਦੇ ਕੈਨਵਸ ਨੂੰ ਲਗਾਤਾਰ ਖ਼ੂਨ ਨਾਲ ਗੜੁੱਚ ਕਰੀ ਰੱਖਦਾ ਹੈ।

ਇਸ ਫਿਲਮ ਨੇ ਹੌਲੀਵੁੱਡ ਇੰਡਸਟਰੀ ਨੂੰ ਦੋ ਧਿਰਾਂ ਵਿਚ ਵੰਡ ਦਿੱਤਾ ਹੈ; ਇੱਥੋਂ ਤੱਕ ਕਿ ਫਿਲਮ ਦੇ ਨਿਰਮਾਤਾ ਨੇ ਫਿਲਮ ਦੇ ਨਿਰਦੇਸ਼ਕ ਦੇ ਬਿਆਨ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਇਸ ਦੇ ਨਾਲ ਹੀ ਸਿਨੇਮਾ ਜਿਹੀ ਸੰਪੂਰਨ ਕਲਾ ਦੀ ਜ਼ਰੂਰਤ ਅਤੇ ਇਸ ਦੇ ਮੰਤਵਾਂ ਬਾਰੇ ਵੀ ਚਰਚਾ ਭਖ ਗਈ ਹੈ। ਇਹ ਚਰਚਾ ਇਸ ਕਲਾ ਮਾਧਿਅਮ ਦੇ ਜਿਊਂਦੇ-ਜਾਗਦੇ ਹੋਣ ਅਤੇ ਆਪਣੀ ਬਣਦੀ ਜ਼ਿੰਮੇਵਾਰੀ ਪੂਰੀ ਕਰਨ ਦਾ ਸਬੂਤ ਹੈ। ਹੁਣ ਦੇਖਣਾ ਇਹ ਹੈ ਕਿ ਗਲੋਬਲ ਪੱਧਰ 'ਤੇ ਆਲਮੀ ਮੀਡੀਆ ਅਦਾਰਿਆਂ, ਫਿਲਮ ਬਣਾਉਣ ਦੇ ਸੈਂਟਰਾਂ ਅਤੇ ਦਰਸ਼ਕਾਂ ਵਿਚ ਛਿੜੀ ਇਹ ਚਰਚਾ ਗਾਜ਼ਾ ਦੇ ਹੱਕ ਵਿਚ ਬੁਲੰਦ ਆਵਾਜ਼ ਕਦੋਂ ਬਣਦੀ ਹੈ।





*ਫਿਲਮ 'ਦਿ ਜ਼ੋਨ ਆਫ ਇੰਟਰਸਟ' ਬਣਾਉਣ ਵੇਲੇ ਅਦਾਕਾਰਾਂ ਨੂੰ ਸੀਨ ਸਮਝਾ ਰਿਹਾ ਜੋਨਾਥਨ ਗਲੇਜ਼ਰ ਤੇ (ਸੱਜੇ) ਫਿਲਮ ਦਾ ਦ੍ਰਿਸ਼।*

# Reliable

## *Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**